

# ਪ੍ਰੀਤਲੜੀ


1933ਤੋਂ

82ਵਾਂ ਸਾਲ
ਅੰਕ 11

ਦਸੰਬਰ 2015 | ₹ 20



ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ॥

ਸਿੱਖ ਪੰਥ ਦੇ ਮੋਢੀ ਅਤੇ ਲੋਕਾਈ ਨੂੰ "ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ" ਦਾ ਉਪਦੇਸ਼ ਦੇਣ ਵਾਲੇ ਪਹਿਲੇ ਪਾਤਿਸ਼ਾਹ

# ਸ੍ਰੀ ਗੁਰੂ ਨਾਨਕ ਦੇਵ ਜੀ

## ਦੇ ਆਗਮਨ ਪੁਰਬ ਮੌਕੇ

## ਪੰਜਾਬ ਸਰਕਾਰ
## ਵੱਲੋਂ ਲੱਖ-ਲੱਖ ਮੁਬਾਰਕਾਂ

ਬਾਨੀ ਗੁਰਬਖ਼ਸ਼ ਸਿੰਘ
ਨਵਤੇਜ ਸਿੰਘ ਬਾਨੀ ਪ੍ਰਧਾਨ
ਪ੍ਰੀਤ ਲੜੀ ਟ੍ਰਸਟ ਪੀ.ਐਚ. ਵੈਸ਼ਨਵ



www.facebook.com/groups/preetlarhi
preetlarhi@gmail.com
preetlari.wordpress.com


# ਪ੍ਰੀਤ ਲੜੀ

1933 ਤੋਂ

ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਤੇ ਸ੍ਰੀ ਵੈਸ਼ਨਵ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।

**ਰਾਤੀਂ ਫੇਰ, ਮੈਂ ਦੁਨੀਆ ਦਾ ਨਕਸ਼ਾ ਝੋਲੀ 'ਚ ਰੱਖ ਸਾਰੀ ਦੁਨੀਆ 'ਤੇ ਉਂਗਲ ਫੇਰ ਬੁੱਲ੍ਹਾਂ ਬੁੱਲ੍ਹਾਂ 'ਚ ਪੁੱਛਿਆ, "ਕਿੱਥੇ ਕਿੱਥੇ ਦੁਖਦੈ?" ਹਰ ਥਾਂ, ਹਰ ਥਾਂ, ਹਰ ਥਾਂ ਉਸ ਜਵਾਬ ਦਿੱਤਾ।**


**ਸੰਪਾਦਕੀ** 4 ਪੂਨਮ ਸਿੰਘ

**ਖ਼ਾਸ**
7 ਭਾਰਤ ਦੀ ਚਰਚਾ ਦੀ ਰਵਾਇਤ ਅਜੇ ਤੰਦਰੁਸਤ — ਵੇਂਡੀ ਡੋਨੀਗਰ

**ਭਖਦਾ** 8 ਕਿਸਾਨਾਂ ਆਪਣੀਆਂ ਜ਼ਮੀਨਾਂ ਦੇ ਸਮਾੱਰਟ ਸ਼ਹਿਰ ਬਣਾਏ!

**ਕਵਿਤਾਵਾਂ**
5 ਰਾਜਬੀਰ ਦੀਆਂ ਕਵਿਤਾਵਾਂ
23 ਦੀਵਾਨ ਸਿੰਘ ਕਾਲੇਪਾਣੀ , 45 ਸਿਮਰਤ ਸੁਮੈਰਾ

**ਕਹਾਣੀਆਂ**
9 ਇੱਕ ਅਧੂਰੀ ਕਹਾਣੀ — ਸੁਸ਼ਮ ਬੇਦੀ
16 ਟੌਮੈਟੋ ਸੂਪ — ਦਵਿੰਦਰ ਕੌਰ
35 ਦੋ ਖ਼ਬਰਾਂ — ਐਸ ਪੀ ਬਲਰਾਜ ਸਿੰਘ ਸਿੱਧੂ

**ਲੇਖ**
33 ਬਾਵਾ ਬਲਵੰਤ ਤੇ ਉਸਦੀ ਰਚਨਾ — ਸ਼ਿਵਨਾਥ

**ਗੱਲਬਾਤ**
20 ਪੇਕਿਆਂ ਦਾ ਸੂਟ — ਕਰਨ ਬਰਾੜ ਹਰੀ ਕੇ ਕਲਾਂ
22 ਕਰੇ ਕੋਈ ਤੇ ਭਰੇ ਕੋਈ — ਸੁਰਜੀਤ ਗੱਗ
47 ਡੰਗ — ਮਨਮਿੰਦਰ ਢਿੱਲੋਂ

**ਜਾਣਕਾਰੀ**
36 ਕੈਨੇਡਾ ਦੀ ਗਨ ਪਾਲਿਸੀ — ਐਸ ਪੀ ਬਲਰਾਜ ਸਿੰਘ ਸਿੱਧੂ

**ਯਾਦ** 48 ਭਾਈ ਜੋਧ ਸਿੰਘ (ਪਦਮ ਭੂਸ਼ਨ) — ਇੰਦਰਪ੍ਰੀਤ ਕੌਰ

**ਜ਼ਿੰਦਗੀਨੁਮਾ**
38 ਡਾਕੂ ਦੀ ਧੀ-2 — ਕ੍ਰਿਸ਼ਨ ਸਿੰਘ

**ਲੜੀਵਾਰ ਕਿਤਾਬ** 27 ਚਿੱਤ ਚੇਤਾ — ਕਾਨ੍ਹਾ ਸਿੰਘ

**ਦਾਰ ਜੀ ਨੂੰ ਯਾਦ ਕਰਦਿਆਂ** 46 ਪੁਸ਼ਾਕ — ਗੁਰਬਖ਼ਸ਼ ਸਿੰਘ ਪ੍ਰੀਤ ਲੜੀ

**ਮੇਰਾ ਸਫ਼ਾ** 50 ਦਰਸ਼ਵੀਰ ਸੰਧੂ — ਐੱਸ ਬਲਵੰਤ

**ਬਾਲ ਸੁਨੇਹੜੇ** 23-26

ਚੂਹੇ ਦਾ ਵਿਆਹ (ਬਾਤਾਂ)
ਕਵਿਤਾਵਾਂ : ਵਗਦੇ ਪਾਣੀ; ਬਿਮਾਰੀਆਂ
ਜਾਣਕਾਰੀ: (ਕਲੇਜਾ) ਪ੍ਰੇਮ ਅਵਤਾਰ ਰੈਣਾ



ਸੰਪਾਦਕਾ ਸਮੀਆ ਸਿੰਘ
ਮੁੱਖ ਸੰਪਾਦਕਾ ਪੂਨਮ ਸਿੰਘ
ਸੰਚਾਲਕ ਰੱਤੀ ਕੰਤ ਸਿੰਘ

ਮੁੱਖ ਸਫ਼ਾ: ਤਸਵੀਰ:
ਲੇਅ ਆਉਟ:ਸਮੀਆ ਸਿੰਘ
ਜੂਨੀਅਰ ਡਿਜ਼ਾਈਨਰ:ਇਸ਼ਿਤਾ ਸ਼ਰਮਾ

ਦਸੰਬਰ 2015

| | |
|---|---|
| ਸਾਲ 82ਵਾਂ | ਅੰਕ 11 |
| ਮੁੱਲ | 20 ਰੁ. |
| ਸਾਲਾਨਾ ਚੰਦਾ | 240 ਰੁ. |
| ਜੀਵਨ ਸਾਥ | 10,000 ਰੁ. |
| ਬਾਇ ਏਅਰ 1 ਸਾਲ | 1,200 ਰੁ. |

ਪ੍ਰਕਾਸ਼ਨ ਤੇ ਹੈਡ ਆਫ਼ਿਸ ਪ੍ਰੀਤਨਗਰ(ਅੰਮ੍ਰਿਤਸਰ)143109



ਸਾਡਾ ਪਤਾ:
Preet Lari, 81/10A, Chandigarh-11
98762 63725( Publisher),93161 32806 (Chief Editor),
+91 9463226501 (Office)
Bank Draft: "PREETLARI" Payable at Chandigarh



ਛਾਪਕ ਤੇ ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ.ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅੰਮ੍ਰਿਤਸਰ ਤੋਂ ਛਪਵਾਅ ਕੇ ਪ੍ਰੀਤਨਗਰ ਜ਼ਿਲ੍ਹਾ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਪ੍ਰੀਤ ਲੜੀ ਡੀਪੀਆਈ ਪੰਜਾਬ ਦੀ ਚਿੱਠੀ ਨੰਬਰ 302 2/47-58ਬ-1277 ਮਿਤੀ 8/3/77 ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪਰਵਾਨ ਹੈ।



# ਵਿਕਾਸ ਲਈ ਚੱਲੀ ਹਾਂਦਰੂ ਹਵਾ ਨੇ ਦੁਨੀਆ ਦਾ ਹੌਂਸਲਾ ਵਧਾਇਆ

ਸੰਪਾਦਕੀ

ਪੂਨਮ ਸਿੰਘ

ਇਹ ਵੇਖ ਕੇ ਬਹੁਤ ਖੁਸ਼ੀ ਹੋਣੀ ਲਾਜ਼ਮੀ ਹੈ ਕਿ ਸੰਸਦ ਦੇ ਵਿਚ ਇਕ ਖੁਸ਼ਗਵਾਰ ਮਹੌਲ ਕਾਇਮ ਕੀਤਾ ਗਿਆ। ਜ਼ਾਹਿਰ ਹੈ ਕਿ ਭਾਜਪਾ ਦੇ ਅੰਦਰਵਾਰ ਉਹ ਧਿਰ ਤਕੜੀ ਹੋਈ ਹੈ (ਮੋਦੀ ਦੇ ਅਮਰੀਕੀ ਭਾਰਤੀ ਸਮਰਥਕਾਂ ਦੇ ਵਾਅਦੇ ਮੁਤਾਬਕ ਕਿ ਉਹ ਇਸ ਉਤੇ ਪਹਿਰਾ ਦੇਣਗੇ) ਜੋ ਧਰਮਨਿਰਪੇਖਤਾ ਦੀ ਰਾਖੀ ਕਰ ਸਕੇ। ਵਿਕਾਸ ਦੇ ਬਾਰੇ ਇਕ ਹਾਂਦਰੂ ਏਕਤਾ ਬਣ ਰਹੀ ਹੈ। ਬੀਹਾਰ ਦੇ ਵੋਟਰਾਂ ਵਲੋਂ ਸਪਸ਼ਟ ਸੰਕੇਤ ਦਿੱਤੇ ਜਾਣ ਨੇ ਵੀ ਇਹ ਮਹੌਲ ਬਣਾਇਆ। ਲਾਲੂ ਦਾ ਹਾਂਦਰੂਪੁਣਾ ਮੋਹ ਗਿਆ।

ਇਸੇ ਤਰ੍ਹਾਂ ਖੱਬੀਆਂ ਪਾਰਟੀਆਂ ਨੂੰ ਵੀ (ਸੰਘ ਪਰਿਵਾਰ ਲਈ ਰਾਮ ਮੰਦਿਰ ਵਰਗੇ) ਆਪਣੇ ਲੰਮੇ ਚਿਰ ਲਈ ਆਦਰਸ਼ ਸੁਫ਼ਨੇ ਨੂੰ ਅਸਲੀਅਤ ਨਾਲ ਮੇਲ ਕੇ ਮੌਜੂਦਾ ਸਮੇਂ ਲਈ ਪੈਂਤੜਾ ਰੱਖਣਾ ਚਾਹੀਦਾ ਹੈ। ਤਾਂ ਜੋ ਤਸਵੀਰ ਵਿਚ ਰਹੇ।

ਲਾਲੂ ਤੇ ਨੀਤੀਸ਼ ਇਕ ਹੋ ਸਕਦੇ ਹਨ ਤਾਂ ਬਾਕੀ ਦੇ ਇਨਸਾਨਪ੍ਰਸਤ ਕਿਓਂ ਨਹੀਂ? ਮੁੱਖਧਾਰਾ ਬਾਰੇ ਪਰਿਵਾਰ ਦੀ ਉਦਾਹਰਨ ਵੇਖੀਏ: ਪਰਿਵਾਰ ਚੱਲਦਾ ਰਹਿੰਦਾ ਹੈ ਹਾਵੀ ਸੋਚ ਅਤੇ ਤਾਕਤ ਦੇ ਮੁਤਾਬਕ। ਜਦੋਂ ਤਕ ਵੱਖਰੀ ਰੌਅ ਦਾ ਸਮਾਂ ਨਹੀਂ ਆਉਂਦਾ, ਯਾਨੀ ਉਸਨੂੰ ਤਾਕਤ ਨਹੀਂ ਮਿਲਦੀ,ਓਦੋਂ ਤਕ ਆਪਣੀ ਗੱਲ ਰੱਖਦੇ ਰਹਿਣ ਦੇ ਬਾਵਜੂਦ ਹਰ ਕੋਈ ਮੌਜੂਦ ਰੌਅ ਦੀਆਂ ਰਸਮਾਂ ਬਹੁਤੀਆਂ ਨਹੀਂ ਤਾਂ ਘੱਟ ਮੰਨਣ ਦੇ ਲਈ ਵਚਨਬੱਧ-ਰਜ਼ਾਮੰਦ ਹੁੰਦਾ ਹੈ। ਪੂਰਨ ਬਾਗ਼ੀਪੁਣੇ ਦਾ ਇਕ ਸਮਾਂ ਹੁੰਦਾ ਹੈ....ਤੇ ਜਿਵੇਂ ਪਰਿਵਾਰ ਵਿਚ ਤਬਦੀਲੀ ਆਈ ਤੁਰੀ ਜਾਣੀ ਤੈਅ ਹੰਦੀ ਹੈ, ਹਰ ਇਕ ਵਲੋਂ ਆਪਣੇ ਆਪਣੇ ਢੰਗ ਨਾਲ ਆਪਣੀ ਆਪਣੀ ਲੋੜ ਅਤੇ ਰਾਇ ਮੁਤਾਬਕ ਜ਼ੋਰ ਲਾਉਂਦੇ ਰਹਿਣ ਕਰਕੇ, ਇਸੇ ਤਰ੍ਹਾਂ ਹੀ ਖ਼ੁਦ ਸਰਮਾਏਦਾਰੀ ਦੇ ਵਿਚ ਵੀ ਤਬਦੀਲੀ ਆਈ ਹੀ ਜਾ ਰਹੀ ਹੈ(ਬਸਤੀਵਾਦ ਸਰਮਾਏਦਾਰੀ ਤੋਂ ਨਵਬਸਤੀਵਾਦ ਸਰਮਾਏਦਾਰੀ ਤੋਂ ਨਵਯੁਗੀ ਤੇ ਲੋਕਹਿਤੂ ਸਰਮਾਏਦਾਰੀ??) ; ਸਰਮਾਏਦਾਰੀ, ਜਿਸ ਨੇ ਹੀ ਬਿਮਾਰੀਆਂ ਤੋਂ, ਰਾਜਾਸ਼ਾਹ-ਜਗੀਰੂ ਨਾਬਰਾਬਰੀ ਤੋਂ ਬੰਦਖਲਾਸੀ ਵੀ ਕਰਵਾਈ। ਇਥੋਂ ਤਕ ਕਿ ਚੀਨ ਵਰਗਾ ਸਮਾਜਵਾਦ ਨੂੰ ਪਰਨਾਇਆ ਦੇਸ਼ ਵੀ ਇਸੇ ਦੀ ਇਕ ਕਿਸਮ ਵਿਕਸਤ ਕਰ ਕੇ ਨਵੇਂ ਰਾਹ ਦੱਸ ਰਿਹਾ ਹੈ।

ਆਖਿਰ ਦੁਨੀਆ ਦੇ ਸਾਹਮਣੇ ਜਿਹੜੇ ਬਹੁਤ ਹੀ ਜ਼ਿਆਦਾ ਵੱਡੇ ਮਸਲੇ ਹਨ ਉਨ੍ਹਾਂ ਖਾਤਿਰ ਇਕ ਆਲਮੀ ਇਨਸਾਨਪ੍ਰਸਤ ਏਕਾ ਲਾਜ਼ਮੀ ਲੋੜ ਬਣਿਆ ਹਰੇਕ ਨੂੰ ਦਿਸ ਪਿਆ ਹੈ, ਓਹੋ ਜੋ ਕਦੇ ਸਿਰਫ਼ ਗੋਰਬਾਚੇਵ ਜਿਹਿਆਂ ਨੂੰ ਦਿਸਿਆ ਸੀ..ਮਸਲੇ ਜਿਵੇਂ ਧਰਤੀ ਦੇ ਗਰਮਾਅ ਜਾਣ ਦੇ ਖਤਰੇ ਦਾ ਬਹੁਤ ਨੇੜੇ ਆ ਜਾਣਾ ਤੇ ਨਤੀਜੇ ਵਜੋਂ ਭਿਅੰਕਰ ਕੁਦਰਤੀ ਆਫ਼ਤਾਂ ਦਾ .. ਜਿਵੇਂ ਅਣਮਨੁੱਖੀ ਹਿੰਸਾ ਦਾ ਜ਼ੋਰ ਵਧਦਾ ਦਿਸਣਾ...ਕੋਈ ਹੋਰ ਧਰਤੀ ਲੱਭਣ ਦੀ ਲੋੜ ਦਾ ਆ ਪੈਣਾ, ਪੁਲਾੜ ਨੂੰ ਖਣਿਜ, ਆਦਿ, ਵਲੋਂ ਦੁਹਣ ਦੀ ਲੋੜ, ਅਸਮਾਨਾਂ ਵਿਚ ਪੈਲੀਆਂ ਬਣਾਅ ਕੇ ਕੁਲ ਲੋਕਾਈ ਲਈ ਖੁਰਾਕ ਪੈਦਾ ਕਰਨੀ,ਅਸਮਾਨਾਂ ਨੂੰ ਚੜ੍ਹਦੇ ਘਰ ਮੁਹੱਈਆ ਕਰਾਉਣੇ...ਨਸਲਾਂ-ਧਰਮਾਂ-ਰੰਗਾਂ-ਲਿੰਗਾਂ ਦਾ ਵਿਤਕਰਾ ਮੁਕਾਉਣਾ....।( ਚੇਤੇ ਰਹੇ ਕਿ ਹਰ 9000 ਸਾਲ ਕੁ ਦੇ ਬਾਅਦ ਧਰਤੀ ਆਪਣੇ ਲਾਟੂ-ਧੁਰੇ ਤੋਂ ਵੀ ਮਾੜੀ ਜਿਹੀ ਹਿੱਲ ਕੇ ਸਭ ਬਣੀ ਹੋਈ ਸਭਿਅਤਾ ਮਲੀਆਮੇਟ ਕਰ ਦੇਂਦੀ ਸਮਝੀ ਜਾਂਦੀ ਹੈ, ਜੋ ਸਮਾਂ ਕਿ ਅੱਜ ਕਦੋਂ ਦਾ ਹੋਇਆ ਪਿਆ ਦੱਸਿਆ ਜਾਂਦਾ ਹੈ!)

ਖੈਰ,ਭਾਰਤ ਦੁਨੀਆ ਦੀ ਲੋਕਾਈ ਦਾ ਛੇਵਾਂ ਹਿੱਸਾ ਹੈ, ਵਿਕਾਸ ਦੇ ਲਈ ਇੱਥੇ ਚੱਲੀ ਹਾਂਦਰੂ ਹਵਾ ਨੇ ਦੁਨੀਆ ਦਾ ਹੌਂਸਲਾ ਵਧਾਇਆ ਹੈ (ਤੇ ਸ਼ਾਬਾਸ਼ੀ ਵਜੋਂ ਪਾਕਿਸਤਾਨ ਨੂੰ ਵੀ “ਜਗਤ ਦੇ ਪੁਲਸੀਏ” ਵਲੋਂ ਭਾਰਤ ਨਾਲ ਗੱਲਬਾਤ ਕਰਨ ਦੀ ਹਿਦਾਇਤ ’ਮਿਲੀ’ ਲੱਗਦੀ ਹੈ! ਸ਼ਾਇਦ ਖਾਲਿਸਤਾਨੀ ਜਮ ਵੀ ਲਹਿ ਜਾਣ?)
...........

੦ ਮੋਦੀ ਤੇ ਨਵਾਜ਼ ਵਿਚ ਹੋਈ ਕੁਝ ਪਲਾਂ ਦੀ ਗੁਆਂਢੀਆਂ ਵਾਂਗ ਨਿੱਘੀ ਮਿਲਣੀ ਵਿਚ ਜ਼ਰੂਰ ਨਵਾਜ਼ ਨੇ ਦੱਸਿਆ ਹੋਵੇਗਾ ਕਿ ਉਨ੍ਹਾਂ ਦੀ ਤਾਂ ਸਗੋਂ ਬਾਂਹ ਫੜੀ ਜਾਣ ਦੀ ਲੋੜ ਹੈ, ਤੇ ਆਇਸਿਸ ( ਦਾਏਸ਼ ) ਦੇ ਸਾਂਝੇ ਖਤਰੇ ਦੀ ਘਣਤਾ ਦੇ ਬਾਰੇ ਵੀ।



ਫ਼ਰਾਂਸ ਵਿਚ ਹੋਈ ਹਿੰਸਾ ਇਨਸਾਨਪ੍ਰਸਤੀ ਦੇ ਝੰਡੇ ਉਤੇ ਕਾਲੀਆਂ ਤਾਕਤਾਂ ਦਾ ਹਮਲਾ ਹੈ, ਜਿਸ ਨੂੰ ਹਰੇਕ ਨੇ ਖਾਸ ਮਹਿਸੂਸ ਕੀਤਾ ਹੈ ।

# ਰਾਜਬੀਰ ਦੀਆਂ ਕਵਿਤਾਵਾਂ

{ਚਾਨਣ ਦੀ ਦੇਵੀ ਪੂਨਮ ਪ੍ਰੀਤ ਲੜੀ ਦੇ ਨਾਂ}


ਨਵੀਆਂ ਕਵਿਤਾਵਾਂ

## ਚੁੱਲ੍ਹਾ

ਮੈਂ ਹੁਣ ਤੈਨੂੰ ਕਦੇ ਵੀ ਉਡੀਕਾਂਗੀ ਨਹੀਂ
ਪਰ ਕੁਝ ਚਿਰ ਮੈਨੂੰ ਤੇਰਾ ਜਾਣਾ
ਯਾਦ ਰਹੇਗਾ
ਫਿਰ ਸਮੇਂ ਦੀ ਧੂੜ ਵਿੱਚ
ਸਭ ਕੁਝ ਮਿੱਟ ਜਾਂਦਾ ਹੈ
ਕੀ ਮੈਂ ਬੂਹਾ ਬੰਦ ਕਰ ਰਿਹਾ ਹਾਂ ?
ਮੁਹੱਬਤ ਨਿਰਾਕਾਰ ਹੈ ....
ਤੈਨੂੰ ਉਹ ਕਿਣ-ਮਿਣ ਕਿਣ-ਮਿਣ ਵਰਖਾ
ਚੌੜੇ ਪੱਤੇ ਤੇ ਕਚਾਲੂਆਂ ਵਿੱਚ ਦੋ ਤੀਲ੍ਹੇ
ਭੁੱਲ ਗਏ ਹਨ _
ਉਹ ਅਨਜਾਣ ਹੈ
ਜੋ ਤੀਲੇ ਦੀ ਕਦਰ ਨਹੀਂ ਜਾਣਦਾ
ਤੀਲ੍ਹੇ ਤੋਂ ਹੀ ਘੋਂਸਲਾ ਸ਼ਬਦ ਬਣਿਆ ਹੈ-
ਚੁੱਲ੍ਹਾ ਹੀ ਨਹੀਂ ਰਿਹਾ ਵੱਖਰੀ ਗੱਲ ਹੈ
ਨਹੀਂ ਤਾਂ ਚੁੱਲ੍ਹੇ ਵਿੱਚ
ਤੀਲ੍ਹੇ ਦੀ ਕਿੰਨੀ ਕੀਮਤ ਹੈ
ਕਿੰਨਾ ਮੁੱਲ ਹੈ....
ਕੀ ਤੂੰ ਕਦੇ ਕਿਸੇ
ਪੰਛੀ ਦੀ ਚੁੰਝ ਵਿੱਚ
ਤੀਲ੍ਹਾ ਨਹੀਂ ਵੇਖਿਆ ?

2

ਕ੍ਰੋਧਿਤ ਹੋ ਕੇ ਪਹਿਲਾਂ ਸੁੱਟੀ ਤੂੰ
ਖੰਡ ਦੀ ਕੌਲੀ
ਸ਼ੀਰੀਂ ਜੁਬਾਨ ਦੀ
ਫਿਰ ਆਚਾਰ ਦੇ ਬਿਆਮ ਸੁੱਟੇ
ਇਹ ਤਾਂ ਆਪਣੇ ਪਿਆਰ ਦੀ ਮਹਿਕ ਸੀ
ਫਿਰ ਤੂੰ ਭਾਂਡੇ ਸੁੱਟਣੇ ਸ਼ੁਰੂ ਕੀਤੇ -
ਇਨ੍ਹਾਂ ਵਿੱਚ ਆਪਣੇ ਪਿਆਰ ਦਾ ਸੰਗੀਤ ਸੀ
ਫਿਰ ਤੂੰ ਹੋਰ ਚੀਜ਼ਾਂ ਸੁੱਟਣੀਆਂ ਸ਼ੁਰੂ
ਕੀਤੀਆਂ



ਜਿਨ੍ਹਾਂ ਵਿੱਚ ਮੋਮਬੱਤੀਆਂ ਤਾਂ
ਘਰ ਦਾ ਚਾਨਣ ਸੀ
ਫਿਰ ਤੂੰ ਪੁਸਤਕਾਂ ਸੁੱਟੀਆਂ
ਜਿਨ੍ਹਾਂ ਨਾਲ ਮੈਂ ਬਿਲਕੁਲ
ਇਕੱਲਾ ਹੋ ਗਿਆ !

3

ਤੇਰੇ ਨਾਲ-
ਰਹਿਣਾ ਨਹੀਂ ਚਾਹੁੰਦਾ
ਤੇਰੇ ਬਿਨ-
ਜੀਣਾ ਨਹੀਂ ਚਾਹੁੰਦਾ ...!

## ਉਹ ਬਚ ਗਿਆ

ਸਿੱਧੇ ਤਣੇਂ ਰੁੱਖ ਦਾ ਤਾਂ
ਅੰਤ ਹੀ ਆ ਪਹੁੰਚਾ
ਪਰ ਉਹ ਵਾਲ ਵਾਲ ਬਚਿਆ
ਝੁਕੀਆਂ ਟਾਹਣੀਆਂ ਨੇ
ਉਸਨੂੰ ਬਚਾਅ ਲਿਆ !

## ਖਜੂਰ ਦਾ ਰੁੱਖ

ਨਿੱਕੇ ਹੁੰਦਿਆਂ
ਮੈਨੂੰ ਖਜੂਰ ਦਾ ਰੁੱਖ
ਬਹੁਤ ਪਿਆਰਾ ਲੱਗਦਾ _
ਉਹ ਉੱਚਾ ਸੀ
ਅਪਹੁੰਚ ਸੀ !
ਉਹ ਗਗਨ ਦੀ ਵਿਆਪਕਤਾ
ਨੂੰ ਜਾਣਦਾ....ਵੇਖਦਾ
ਤੇ ਅਸਮਾਨ ਦੀ ਨੀਲੱਤਣ ਵਿੱਚ
ਨੀਲ ਦੀ ਪੋਟਲੀ ਵਾਂਗ
ਘੁਲ ਜਾਂਦਾ !

## ਜਿਸ ਦਿਨ

ਵੇਖਿਓ ! ਮੈਂ ਕਿੰਨਾ ਰੋਵਾਂਗੀ ਉਸ ਦਿਨ
ਮਿਲਣ 'ਤੇ ਮਿਲਾਂਗੀ ਧਾਅ ਕੇ
ਘੁਟ ਕੇ ਜੱਫੀ ਪਾਅ ਕੇ
ਵੇਖਣਾ ਮੈਂ ਕਿੰਨਾ ਰੋਵਾਂਗੀ
ਮੈਂ ਰੱਜ ਕੇ ਵੱਰ੍ਹਾਂਗੀ
ਬਦਲੋਟੀ ਬਰਸਾਂਗੀ
ਮੈਂ ਧੋਵਾਂਗੀ
ਉਸ ਦਿਨ ਹੋਵਾਂਗੀ
ਕੋਲ ਬਹਾਂ-ਗੀ
ਫਿਰ ਨਾ ਕਿਤੇ ਜਾਵਾਂਗੀ
ਕੋਲ ਰਹਾਂ-ਗੀ
ਜਿਸ ਦਿਨ ਮੈਂ ਲੱਭ ਲਿਆ ?
ਨਹੀਂ ਜਿਸ ਦਿਨ ਆ ਮਿਲੇ !

## ਧੰਦਾ

ਰਾਤ ਜਾਗਦੀ ਹੈ

# ਰਾਜਬੀਰ ਦੀਆਂ ਕਵਿਤਾਵਾਂ

ਰਾਜ ਕਰਨ ਵਾਲੇ ਆਪਣੇ ਵਿਚਾਰਾਂ ਵਿਚ ਖੁੱਲ੍ਹਦਿਲੀ ਰੱਖਣ (ਆਦਰਸ਼ ਉੱਚੇ)ਬੇਸ਼ਕ ਉਨ੍ਹਾਂ ਵਿਚਾਰਾਂ ਕਰਕੇ ਫਲਹੀਣਤਾ ਹੀ ਕਿਓਂ ਨਾ ਹੱਥ ਲੱਗੇ, ਫੇਰ ਵੀ ਉਸਨੂੰ ਫਲਹੀਣਤਾ ਨਹੀਂ ਕਿਹਾ ਜਾ ਸਕਦਾ। ਵਿਚਾਰ ਖੁੱਲ੍ਹਦਿਲੇ ਹੀ ਹੋਣ।

-ਤਿਰੁੱਕੁਰਲ

(ਤਮਿਲ ਭਾਸ਼ਾ ਦੇ 2000 ਸਾਲ ਪਹਿਲਾਂ ਹੋਏ ਭਗਤ ਕਵੀ)

ਨਵੀਆਂ ਕਵਿਤਾਵਾਂ

ਦਿਨ ਜਾਗਦਾ ਹੈ
ਦਿਨ ਰਾਤ ਦੇ ਵਿਚਕਾਰ
ਅੰਧ ਗ਼ੁਬਾਰ !

## ਕਵਨਵੇਲਾ

ਮਨੁੱਖ ਹਮੇਸ਼ਾ ਦੂਰ ਵੇਖਦਾ ਹੈ
ਦੂਰ ਦੀ ਸੋਚਦਾ ਹੈ
ਉਮਰ ਲੰਘ ਜਾਂਦੀ ਹੈ
ਖੋਲ ਪਈ ਚੀਜ਼ ਨਹੀਂ ਦਿਸਦੀ
ਤਾਂ ਫਿਰ ਕੀ ਸੋਚਦਾ ਹੈ ?
ਕੀ ਵੇਖਦਾ ਹੈ ?
ਮਨੁੱਖੋਂ ਨੂੰ ਆਦਤ ਹੈ
ਆਪਣੇ ਤੋਂ ਦੂਰ ਬਹਿਣ ਦੀ
ਆਪਣੇ ਤੋਂ ਦੂਰ ਰਹਿਣ ਦੀ
ਆਪਣੇ ਤੋਂ ਦੂਰ ਤੁਰਨ ਦੀ
ਆਪਣੇ ਤੋਂ ਦੂਰ ਕਹਿਣ ਦੀ
ਆਪਣੇ ਤੋਂ ਦੂਰ ਸੁਣਨ ਦੀ
ਕਾਲਖ਼ ਹੈ ਹਨ੍ਹੇਰਾਂ ਹੈ ਡੂੰਘਾ
ਕਦੋਂ ਮਨੁੱਖ ਕੋਲ ਆਪਣੇ ਆਵੇ
ਦੀਪ ਜਗਾਵੇ !

## ਕਹਿ ਸਕਦੇ ਹਾਂ

ਉਹ ਜੋ ਕਿਤੇ ਹੋਣ
ਹੋਣਗੇ ਕਿਤੇ ?
..........
ਉਹਨਾਂ ਕੋਲ ਪਵਿੱਤਰ ਹੰਝੂ ਹਨ
ਜੋ ਆਤਮਾ ਨੂੰ
ਧੋ ਕੇ ਨਿਕਲਦੇ ਹਨ ....
ਅਜਿਹੇ ਹੰਝੂਆਂ ਦੀ ਲੜੀ ਨੂੰ
ਮਾਲਾ ਵੀ
ਕਹਿ ਸਕਦੇ ਹਾਂ....



## ਹਰਿਆਲੀ

ਖ਼ੇਤ ਖਲਿਆਨ
ਉਹ ਥਾਂ
ਜਿੱਥੇ ਇਕ ਰੰਗ ਵਿੱਚ
ਡੁੱਬੇ ਰਹਿੰਦੇ
ਸਭ ਰੰਗ....

## ਦੋ ਕਵਿਤਾਵਾਂ

ਫੁੱਲ ਮਹਿਕਾਂ ਵੰਡਦੇ
ਖਿੜਖਿੜ ਹੱਸਦੇ .....

2

ਪੰਛੀ ਦੀ ਚੁੰਝ ਵਿੱਚ ਜੋ
ਕੱਖ ਤੀਲਾ ਹੈ
ਇਹ ਹੁਨਰ ਹੈ
ਕਲਾ ਹੈ _
ਇਹ ਸਭਿਅਤਾ, ਸੰਸਕ੍ਰਿਤੀ
ਇਸ ਵਿੱਚ ਸੁਪਨੇ ਤੇ
ਸੁਪਨਿਆਂ ਦੀ ਤਾਬੀਰ ਵੀ ਹੈ....

## ਰਾਤ ਬੀਤ ਨਾ ਜਾਏ !

ਨੀਲੀ ਨਦੀ ਵਿੱਚ
ਡਿੱਗਾ ਪਿਆ
ਇਕ ਸੰਖ਼ ਚਮਕੇ

## ਕਾਣਾ ਮੀਂਹ

ਧੁੱਪ ਵਿੱਚ
ਮੀਂਹ ਵਰ੍ਹਦਾ
ਮੀਂਹ ਵਿੱਚ
ਦੀਵਾ ਜਗਦਾ !


## ਕੰਪਿਊਟਰ

ਕੰਪਿਊਟਰ ਉੱਤੇ ਜਦ ਮੈਂ
"ਹੋਮ" ਦੀ ਕਮਾਂਡ ਲਾਈ ਤਾਂ
ਹਨ੍ਹੇਰੀ ਵਾਂਗ
ਕਿਤਾਬ ਆਪਣੇ ਸਫ਼ੇ
ਪਿੱਛੇ ਵੱਲ ਪਲਟਣ ਲੱਗੀ
ਉਦੋਂ ਲਗਾਤਾਰ ਸੰਖ਼ ਦੀ ਅਵਾਜ਼
ਮੈਨੂੰ ਸੁਣਦੀ ਰਹੀ .....

{ ਘਰ ਨੰਬਰ 64,ਗਲੀ ਨੰਬਰ 2,ਨਿਊ ਸ਼ਹੀਦ ਊਧਮ ਸਿੰਘ ਨਗਰ, ਅਮ੍ਰਿਤਸਰ

# ਭਾਰਤ ਦੀ ਚਰਚਾ ਦੀ ਰਵਾਇਤ ਅਜੇ ਤੰਦਰੁਸਤ

## ਵੇਂਡੀ ਡੋਨੀਗਰ




ਖਾਸ



ਭਾਰਤ ਬਾਰੇ ਮਾਹਿਰ ਜਾਣਕਾਰੀ ਰੱਖਦੀ ਵਿਦਵਾਨ ਵੇਂਡੀ ਡੋਨੀਗਰ, ਜਿਨ੍ਹਾਂ ਨੇ ਕਿ ਹਿੰਦੂ ਧਰਮ ਅਤੇ ਮਿਥਿਹਾਸ ਵਿਸ਼ੇ 'ਤੇ ਕਈ ਵਿਚਾਰ ਉਪਜਾਊ ਕਿਤਾਬਾਂ ਲਿਖੀਆਂ ਹੋਈਆਂ ਹਨ, ਨੇ ਕਿਹਾ ਹੈ ਕਿ ਆਹ ਪਿਛਲੇ ਕੁਝ ਸਮੇਂ ਦੀਆਂ ਘਟਨਾਵਾਂ ਨੇ ਉਨ੍ਹਾਂ ਵਿਚ ਇਕ ਨਵੀਂ ਆਸ ਜਗਾਈ ਹੈ ਕਿ ਭਾਰਤ ਦੀ ਉਹ ਮਹਾਨ ਰਵਾਇਤ, ਚਰਚਾ ਅਤੇ ਬਹਿਸ ਦੀ, ਅਜੇ ਵੀ ਸਹੀ ਸਲਾਮਤ ਅਤੇ ਜਿਊਂਦੀ ਹੈ।

ਟੀਓਆਈ ਨੂੰ ਦਿੱਤੀ ਇਕ ਇੰਟਰਵਿਊ ਵਿਚ, ਉਨ੍ਹਾਂ ਨੇ ਕਿਹਾ ਹੈ ਕਿ ਇਨਾਮ ਵਾਪਿਸ ਕੀਤੇ ਜਾਣੇ, ਲੇਖਕਾਂ ਅਤੇ ਫ਼ਿਲਮਸਾਜ਼ਾਂ ਵੱਲੋਂ, ਅਤੇ 46 ਵਿਦਵਾਨਾਂ ਦਾ ਉੱਭਰ ਕੇ ਸਾਹਮਣੇ ਆਉਣਾ ਤੇ ਐਲਾਨ ਕਰਨਾ ਕਿ ਉਹ ਇਤਿਹਾਸ ਨੂੰ ਸਾਬਤ ਕਰਨ ਬਾਰੇ ਉਨ੍ਹਾਂ ਦੇ ਨਾਲ ਗੰਭੀਰ ਬਹਿਸ ਕਰਨ ਲਈ ਦ੍ਰਿੜ੍ਹ ਹਨ ਜਿਨ੍ਹਾਂ ਨੂੰ ਕਿ ਇਹ ਭਾਰਤੀ ਇਤਿਹਾਸ ਦੇ ਬਾਰੇ ਖੱਬਾ ਵਿਚਾਰਢਾਂਚਾ ਮੰਨਦੇ ਹਨ, ਇਹ ਸਭ ਬੜੀਆਂ ਸੁਆਗਤਯੋਗ ਘਟਨਾਵਾਂ ਹਨ।

ਅਖੇ,ਖਰੇ ਮੁੱਦਿਆਂ ਦੇ ਉੱਤੇ ਅਜਿਹੀ ਗੰਭੀਰ ਬਹਿਸ ਵਿਚ ਹਿੱਸਾ ਲੈਣ ਦਾ ਮੈਨੂੰ ਬਹੁਤ ਚਾਅ ਹੈ, ਕਿਓਂਕਿ ਇਹ ਉਸ ਬੀਤੇ ਵਿਚ ਹੁੰਦੇ ਰਹੇ ਨਾਲੋਂ ਇਕ ਸੁਆਗਤਯੋਗ ਤਬਦੀਲੀ ਹੈ ਜੋ ਹਿੰਦੁਤਵੀ ਇਤਿਹਾਸਕਾਰੀ ਦੀ ਮੁਖਾਲਫਤ ਕਰਨ ਵਾਲਿਆਂ ਉੱਤੇ ਗ਼ੈਰ ਜ਼ਿੰਮੇਵਾਰ ਕਿਸਮ ਦੇ ਤੇ ਕਿਸੇ ਤਰ੍ਹਾਂ ਵੀ ਵਿਦਵਤਾ ਨਾਲ ਕੋਈ ਰਿਸ਼ਤਾ ਨਾ ਰੱਖਦੇ ਹਮਲੇ ਕੀਤੇ ਜਾਂਦੇ ਰਹੇ ਹਨ; ਮੈਨੂੰ ਇਕ ਸਚਮੁਚ ਦੀ ਤਰੱਕੀ ਹੁੰਦੀ ਦਿਸ ਰਹੀ ਹੈ ਤੇ ਮੈਂ ਇਸਦਾ ਸੁਆਗਤ ਕਰਦੀ ਹਾਂ।

ਉਨ੍ਹਾਂ ਨੂੰ ਪੱਛਿਆ ਗਿਆ ਕਿ ਕੀ ਭਾਰਤ ਵਿਚ ਸਚਮੁਚ ਵਧ ਰਹੀ ਹੈ ਅਸਹਿਣਸ਼ੀਲਤਾ ਕਿਓਂਕਿ ਉਨਾਂ ਦੀ ਆਂਪਣੀ ਕਿਤਾਬ ਵੀ ਤਾਂ ਕਾਂਗਰਸ ਸਰਕਾਰ ਦੇ ਸਮੇਂ ਵਿਚ ਵਾਪਿਸ ਲੈਣੀ ਪੈ ਗਈ ਸੀ (ਦ ਹਿੰਦੂਜ਼: ਐਨ ਆਲਟਰਨੇਟਿਵ ਹਿਸਟਰੀ)। ਉਨ੍ਹਾਂ ਦਾ ਜਵਾਬ ਸੀ ਕਿ "ਮੇਰੀ ਕਿਤਾਬ ਉੱਤੇ ਕੋਈ ਰੋਕ-ਬੈਨ ਨਹੀਂ ਲੱਗਾ ਸੀ, ਕੁਝ ਕੁ ਨਿਜੀ ਵਿਅਕਤੀਆਂ ਦੇ ਬਣਾਏ ਇਕ ਗਰੁੱਪ ਨੇ ਮੇਰੇ ਉੱਤੇ ਮੁਕੱਦਮਾ ਕੀਤਾ ਸੀ ਤੇ ਮੇਰੇ ਪ੍ਰਕਾਸ਼ਕ ਨੇ ਭਾਰਤ ਵਿਚ ਇਹ ਕਿਤਾਬ ਨਾ ਛਾਪਣਾ ਮਨਜ਼ੂਰ ਕਰ ਲਿਆ ਸੀ। ਅਸਲ ਵਿਚ ਤਾਂ ਮੇਰੀ ਕਿਤਾਬ ਹੁਣ ਇਕ ਹੋਰ ਪ੍ਰਕਾਸ਼ਕ ਨੇ ਪ੍ਰਕਾਸ਼ਤ ਕਰ ਦਿੱਤੀ ਹੈ ਤੇ ਇਹ ਸ਼ਰੇਆਮ ਵਿਕ ਰਹੀ ਹੈ। ਮੈਨੂੰ ਤਾਂ ਇਸ ਤੋਂ ਇਹ ਜਾਪਿਆ ਹੈ ਕਿ ਰੋਸ ਜ਼ਾਹਿਰ ਕਰਨ ਦਾ ਸਚਮੁਚ ਬੜਾ ਫ਼ਾਇਦਾ ਹੋ ਜਾਂਦਾ ਹੈ; ਪੇਂਗੁਇਨ ਨੇ ਕਿਤਾਬ ਵਾਪਿਸ ਲਈ ਤਾਂ ਜਿਹੜਾ ਅੰਤਰਰਾਸ਼ਟਰੀ ਰੋਸ ਪੈਦਾ ਹੋਇਆ ਉਹ ਬੜੀ ਪਰੇਰਣਾ ਦੇਣ ਵਾਲਾ ਸੀ, ਤੇ ਅਖੀਰ ਉਸਦਾ ਫਲ ਵੀ ਨਿਕਲਿਆ।

ਇਸੇ ਤਰ੍ਹਾਂ ਹੀ,ਮੇਰਾ ਵਿਸ਼ਵਾਸ ਹੈ ਕਿ ਲੇਖਕਾਂ ਅਤੇ ਫ਼ਿਲਮਸਾਜ਼ਾਂ ਦੇ ਰੋਸ ਵਿਖਾਵਿਆਂ ਨੇ ਭਾਰਤ ਦੇ ਕਈ ਬੁੱਧੀਜੀਵੀਆਂ ਨੂੰ ਲਾਮਬੱਧ ਕੀਤਾ ਹੈ, ਵੱਖਰੇ ਵੱਖਰੇ ਵਿਚਾਰਾਂ ਦੀ ਹੋਂਦ ਦੇ ਵੱਲ ਇਕ ਵਧ ਰਹੀ ਅਸਹਿਣਸ਼ੀਲਤਾ ਦੇ ਖਿਲਾਫ਼ ਡਟਣ ਲਈ।

ਉਨ੍ਹਾਂ ਨੂੰ ਪੱਛਿਆ ਗਿਆ ਕਿ ਕੀ ਰੋਕਾਂ-ਬੈਨ ਲਾਉਣ ਦਾ ਕੋਈ ਅਸਰ ਵੀ ਹੁੰਦਾ ਹੈ ਕਿ ਨਹੀਂ ਤਾਂ ਉਨ੍ਹਾਂ ਕਿਹਾ ਕਿ ਘੱਟੋਘੱਟ ਓਨ੍ਹਾਂ ਦੇ ਮਾਮਲੇ ਵਿਚ ਤਾਂ ਕਿਤਾਬ ਦੇ ਛਪਣ ਨੂੰ ਰੋਕਣ ਦੀ ਕੋਸ਼ਿਸ਼ ਤੋਂ ਪੈਦਾ ਹੋਈ ਮਸ਼ਹੂਰੀ ਨੇ ਇਸਦੀ ਵਿਕਰੀ ਬਹੁਤ ਕਰਾਈ ਹੈ ਤੇ ਇਹ "ਪੇਪਰ ਵਿਚ ਹਮੇਸ਼ਾ ਹਾਸਿਲ ਰਹਿੰਦੀ ਹੈ (ਲਿਫਾਫੇ ਵਰਗੇ ਭੂਰੇ ਕਾਗਜ਼ ਵਿਚ ਵਲ੍ਹੇਟੀ) ਤੇ (ਗ਼ੈਰ-ਕਾਨੂੰਨੀ ਤੌਰ 'ਤੇ)ਪੀਡੀਐਫ਼ ਰੂਪ ਵਿਚ (ਆਪ ਕੰਪਿਊਟਰ ਕਾਪੀ ਛਾਪਣ ਲਈ),ਤੇ ਹੁਣ ਨਵੀਂ ਪੇਪਰਬੈਕ ਵੀ ਹੈ।

> "ਮੇਰਾ ਵਿਸ਼ਵਾਸ ਹੈ ਕਿ ਲੇਖਕਾਂ ਅਤੇ ਫ਼ਿਲਮਸਾਜ਼ਾਂ ਦੇ ਰੋਸ ਵਿਖਾਵਿਆਂ ਨੇ ਭਾਰਤ ਦੇ ਕਈ ਬੁੱਧੀਜੀਵੀਆਂ ਨੂੰ ਲਾਮਬੱਧ ਕੀਤਾ ਹੈ"

ਵੇਂਡੀ ਟਾਈਮਜ਼ ਲਿਟਫ਼ੇਸਟ ਵਿਚ ਆਪਣੀ ਗੱਲ ਰੱਖ ਰਹੀ ਹੈ।

# ਕਿਸਾਨਾਂ ਆਪਣੀਆਂ ਜ਼ਮੀਨਾਂ ਦੇ ਸਮੱਾਰਟ ਸ਼ਹਿਰ ਬਣਾਏ!

ਭਖਦਾ



ਮੁੰਬਈ ਦੇ ਨਾਲ ਲੱਗਵੇਂ ਇਲਾਕੇ ਦੇ ਹਜ਼ਾਰਾਂ ਕਿਸਾਨਾਂ ਆਪੇ ਇਕ ਅਨੋਖੀ ਪਹਿਲ ਕੀਤੀ ਹੈ_ਆਪਣੀਆਂ ਜ਼ਮੀਨਾਂ 'ਤੇ ਇਕ ਸਮੱਾਰਟ ਸਿਟੀ ਤਿਆਰ ਕਰਨ ਲਈ 9 ਹਜ਼ਾਰ ਏਕੜ ਜ਼ਮੀਨ ਰਲਾਅ ਲਈ ਹੈ।

ਰਾਏਗੜ੍ਹ ਜ਼ਿਲ੍ਹੇ ਦੇ ਖਾਲਾਪੁਰ ਤਾਲੁਕਾ ਦੇ 11 ਪਿੰਡਾਂ ਦੇ ਹਜ਼ਾਰਾਂ ਕਿਸਾਨਾਂ, ਮਿਲ ਕੇ, ਆਪਣੇ ਪੁਰਖਿਆਂ ਦੀ ਜ਼ਮੀਨ ਉਤੇ ਇਕ ਸਮੱਾਰਟ ਸਿਟੀ ਖੜ੍ਹੀ ਕਰਨ ਲਈ ਹੱਥ ਮਿਲਾਏ ਹਨ। ਇਸ ਸਾਂਝੀ ਜ਼ਮੀਨੀ ਖਿੱਤੇ ਨੂੰ 'ਗੈਰ-ਖੇਤੀ ਮਾਨਤਾ' ਦਿਵਾਈ ਜਾਵੇਗੀ। ਇਸ ਤੋਂ ਬਾਅਦ 'ਸਪੈਸ਼ਲ ਪਰਪਜ਼ ਵ੍ਹੀਕਲ' (ਐਸ ਪੀ ਵੀ) ਯਾਨੀ 'ਖਾਸ ਮਕਸਦ ਲਈ' ਸੰਬੰਧੀ ਕਨੂੰਨੀ ਸਹਾਇਤਾ ਨਾਲ ਉਥੇ ਇਕ 'ਸਮਾਰਟ' ਸ਼ਹਿਰ ਤਿਆਰ ਕੀਤਾ ਜਾਵੇਗਾ, ਜਿਸ ਵਿੱਚ ਵਪਾਰਕ ਅਤੇ ਰਿਹਾਇਸ਼ੀ ਬਣਤਰਾਂ ਸਮੇਤ ਢੁਕਵੇਂ ਚੌਗਿਰਦੇ ਦਾ ਬੈਲੇਂਸ ਹੋਵੇਗਾ।

ਇਸ ਸਮਾਰਟ ਸਿਟੀ ਵਿੱਚ ਕਿਸਾਨਾਂ ਦੀ ਹਿੱਸੇਦਾਰੀ ਉਨਾਂ ਦੀ ਜ਼ਮੀਨ ਦੇ ਮੁੱਲ ਦੇ ਅਨੁਸਾਰ ਹੋਵੇਗੀ। ਉਨ੍ਹਾਂ ਨੂੰ ਸਮਾਰਟ ਸਿਟੀ ਵਿੱਚ ਸ਼ਾਨਦਾਰ ਨਿਵਾਸ ਤਾਂ ਮਿਲਣਗੇ ਹੀ, ਆਪਣੀ ਹਿੱਸੇਦਾਰੀ 'ਤੇ ਮੁਨਾਫਾ ਵੀ ਹੋਵੇਗਾ। ਨਾਲ ਹੀ ਉਹ ਪ੍ਰਾਜੈਕਟ ਦੇ ਅਧੀਨ ਵੱਖ ਵੱਖ ਕੰਮ ਕਰ ਕੇ ਵੀ ਕਮਾਈ ਕਰ ਸਕਣਗੇ।

ਕਿਸਾਨਾਂ ਅਨੁਸਾਰ ਲੰਮੇ ਸਮੇਂ 'ਤੋਂ ਉਹ ਆਪਣੀ ਜ਼ਮੀਨ ਦੇ ਵਣਜੀਕਰਨ ਦਾ ਵਿਰੋਧ ਕਰਦੇ ਆ ਰਹੇ ਹਨ ਪਰ ਸਾਲ 2013 ਵਿੱਚ ਮਹਾਰਾਸ਼ਟਰ ਸਰਕਾਰ ਵਲੋਂ ਉਨ੍ਹਾਂ ਦੀਆਂ ਜ਼ਮੀਨਾਂ ਨੂੰ, ਬਨਣ ਲੱਗੇ ''ਨਵੀ ਮੁੰਬਈ ਇੰਟਰਨੈਸ਼ਨਲ ਏਅਰਪੋਰਟ'' ਦੇ ਅਸਰ ਹੇਠ ਆਉਂਦੇ ਜ਼ੋਨ ਵਿੱਚ ਪਾ ਦੇਣ 'ਤੇ, ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਅੱਜ ਨਹੀਂ ਤਾਂ ਕੱਲ ਉਨ੍ਹਾਂ ਦੀਆਂ ਜ਼ਮੀਨਾਂ ਉਨ੍ਹਾਂ ਦੇ ਹੱਥੋਂ ਜਾਂਦੀਆਂ ਲੱਗਣਗੀਆਂ। ਇਸ ਤੋਂ ਪਹਿਲਾਂ ਕਿ ਬਾਹਰੀ ਲੋਕ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਨਿਗਲ ਜਾਣ, ਕਿਸਾਨਾਂ ਨੇ ਇਕਜੁੱਟ ਹੋ ਕੇ ਕੁਝ ਕਰਨ ਦਾ ਮਨ ਬਣਾਅ ਲਿਆ।

ਸਭ ਤੋਂ ਪਹਿਲਾਂ ਪਿੰਡ ਦੇ ਨੇਤਾਵਾਂ ਮਿਲ ਕੇ ਇਕ ਰਣਨੀਤੀ ਬਣਾਈ। ਉਨ੍ਹਾਂ ਸੋਚਿਆ ਕਿ ਤਰੱਕੀ-ਵਿਕਾਸ ਕਾਰਜਾਂ ਦਾ ਵਿਰੋਧ ਕਰਨ ਦੀ ਲੋੜ ਨਹੀਂ ਹੈ, ਸਗੋਂ ਖੁਦ ਆਪਣਾ ਸ਼ਹਿਰ ਖੜ੍ਹਾ ਕਰ ਸਕਦੇ ਹਾਂ । ਹੁਣ ਉਹ ਸਾਰੇ, ਵਿਕਾਸ ਵਿੱਚ, ਆਪਣੀ ਸੁਣਵਾਈ ਅਤੇ ਇਸ ਤੋਂ ਹੋਣ ਵਾਲੇ ਮੁਨਾਫੇ ਨਾਲ ਆਪਣੇ ਲੰਮੇ ਸਮੇਂ ਦੇ ਹਿੱਤ ਚਾਹੁੰਦੇ ਹਨ। ਉਨ੍ਹਾਂ ਦੀ ਇਸ ਯੋਜਨਾ ਨੂੰ ਹੋਰ ਬਲ ਮਿਲਿਆ, ਜਦੋਂ ਇਸ ਇਲਾਕੇ ਵਿੱਚ, ਵੱਡੀ ਜ਼ਮੀਨੀ ਮਾਲਕੀ ਵਾਲੇ ਅਜਿਹੇ ਨਿਵੇਸ਼ਕਾਂ ਉਨ੍ਹਾਂ ਵੱਲ ਸਹਾਇਤਾ ਦਾ ਹੱਥ ਵਧਾਇਆ, ਡਿਵੈੱਲਪਰਾਂ, ਜਿਨ੍ਹਾਂ ਦਾ ਕਹਿਣਾ ਹੈ ਕਿ ਇਸ ਯੋਜਨਾ ਨਾਲ ਸਾਰੇ, ਆਪਣੀ ਜ਼ਮੀਨ ਨੂੰ ਸਾਂਝੇ ਤੌਰ 'ਤੇ ਰਲਾਅ ਕੇ, ਵਿਕਾਸ ਕੰਮਾਂ ਵਿੱਚ ਤੇਜ਼ੀ ਲਿਆ ਸਕਦੇ ਹਨ, ਅਤੇ ਹਰ ਕਿਸੇ ਦੇ ਹਿੱਤ ਵੀ ਸੁਰੱਖਿਅਤ ਰਹਿਣਗੇ।

ਜ਼ਮੀਨ ਦਾ ਪਟਾ ਜਾਂ ਉਨ੍ਹਾਂ ਦਾ ਮੁਖਤਿਆਰਨਾਮਾ ਕਿਸਾਨਾਂ ਦੇ ਨਾਂ 'ਤੇ ਹੀ ਹੋਵੇਗਾ, ਜਿਸ ਨਾਲ ਉਨ੍ਹਾਂ ਜ਼ਮੀਨਾਂ ਉਤੇ ਉਨ੍ਹਾਂ ਦੀ ਮਾਲਕੀ ਦਾ ਅਧਿਕਾਰ ਸੁਰੱਖਿਅਤ ਰਹੇਗਾ।

ਅਨਿਲ ਸੂਲੇ- 1960 ਦੇ ਦਹਾਕੇ ਵਿੱਚ ਨਵੀ ਮੁੰਬਈ ਦੇ ਸ਼ੁਰੂਆਤੀ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਟਾਊਨ ਪਲਾਨਰ- ਨੇ ਕਿਸਾਨਾਂ ਦੀ ਸਹਾਇਤਾ ਕੀਤੀ ਹੈ, ਇਸ ਸਮੱਾਰਟ ਸਿਟੀ ਸਕੀਮ ਦੇ ਲਈ ਡਰਾਫਟ ਤਿਆਰ ਕਰਨ ਵਿੱਚ, ਜਿਸ ਨੂੰ ਸਿਡਕੋ ਨੂੰ ਸੌਂਪਿਆ ਗਿਆ ਹੈ।


ਉਂਝ, ਪਹਿਲੀ ਵਾਰ ਨਹੀਂ ਹੋਈ ਹੈ ਕਿਸਾਨਾਂ ਦੀ ਇਹ ਅਨੋਖੀ ਪਹਿਲ। ਆਂਧਰਾ ਪ੍ਰਦੇਸ਼ ਦੀ ਨਵੀਂ ਰਾਜਧਾਨੀ ਅਮਰਾਵਤੀ ਦੇ ਨਿਰਮਾਣ ਲਈ ਵਿਜੇਵਾੜਾ ਅਤੇ ਗੁੰਟੂਰ ਦੇ ਵਿਚਕਾਰਲੇ ਇਲਾਕੇ ਦੇ ਕਿਸਾਨਾਂ ਨੇ 30 ਹਜ਼ਾਰ ਏਕੜ ਜ਼ਮੀਨ ਨੂੰ ਸਾਂਝਾ ਕੀਤਾ ਹੈ: ਇਸ 'ਤੇ ਏ ਪੀ ਕੈਪੀਟਲ ਰੀਜਨ ਡਿਵੈਲਪਮੈਂਟ ਅਥਾਰਿਟੀ ਇਕ ਆਧੁਨਿਕ-ਸ਼ਹਿਰ ਵਿਕਸਿਤ ਕਰੇਗੀ।

ਹੋਰ ਇਕ ਮਿਸਾਲ ਮਗਰਪਾਠਾ ਸ਼ਹਿਰ ਦੀ ਵੀ ਹੈ। ਇਹ 120 ਕਿਸਾਨਾਂ ਦੀ ਜ਼ਮੀਨ 'ਤੇ ਵਸਾਇਆ ਗਿਆ ਹੈ, ਜਿਨ੍ਹਾਂ ਨੇ ਮਿਲ ਕੇ ਪੁਣੇ ਦੇ ਹੱਦਪਸਰ ਪਿੰਡ ਵਿੱਚ ਇਕ ਟਾਊਨਸ਼ਿਪ ਬਨਾਉਣ ਦਾ ਫੈਸਲਾ ਕੀਤਾ। ਇਸ ਦੇ ਮੁਨਾਫੇ ਵਿੱਚ ਕਿਸਾਨ ਬਰਾਬਰ ਦੇ ਹਿੱਸੇਦਾਰ ਬਣ ਗਏ। ਇਸ ਟਾਊਨਸ਼ਿਪ ਵਿੱਚ ਹੁਣ 2 ਸਕੂਲ, 1 ਸਪੈਸ਼ਲਿਟੀ ਹਸਪਤਾਲ, ਸ਼ਾਪਿੰਗ ਮਾਲ, ਰੈਸਟੋਰੈਂਟ, ਗਰੀਨ ਏਰੀਆ, ਆਦਿ, ਹੈਨ। ਯਾਨੀ ਹੁਣ ਉਨ੍ਹਾਂ ਕੋਲ ਖੁਦ ਆਪਣੀ ਇਕ ਅਜਿਹੀ ਸਮੱਾਰਟ ਸਿਟੀ ਹੈ, ਜਿਸ ਵਿੱਚ ਆਪਣੀ ਹਰ ਜ਼ਰੂਰਤ ਪੂਰੀ ਕਰਨ ਦਾ ਇੰਤਜ਼ਾਮ ਉਨ੍ਹਾਂ ਖੁਦ ਕੀਤਾ ਹੈ।

# ਇੱਕ ਅਧੂਰੀ ਕਹਾਣੀ

## ਸੁਸ਼ਮ ਬੇਦੀ

ਕਹਾਣੀ



{ਜਨਮ ਫ਼ਿਰੋਜ਼ਪੁਰ ਪੰਜਾਬ। ਪੰਜਾਬ ਯੂਨੀਵਰਸਿਟੀ ਤੋਂ 1979 ਵਿੱਚ ਪੀ.ਐਚ.ਡੀ। ਇਸ ਸਮੇਂ ਨਿਊਯਾਰਕ, ਅਮਰੀਕਾ, ਵਿਚ ਸਥਾਪਤ ਹਨ ਤੇ ਸਿਟੀ ਯੂਨੀਵਰਸਿਟੀ ਵਿੱਚ ਹਿੰਦੀ ਭਾਸ਼ਾ ਦੇ ਅਧਿਆਪਨ ਦਾ ਕਾਰਜ ਕਰਦੇ ਹਨ। ਕਈ ਕਹਾਣੀ ਸੰਗ੍ਰਹਿ, ਨਾਵਲ, ਕਾਵਿ-ਸੰਗ੍ਰਹਿ ਤੇ ਆਤਮ-ਕਥਾ ਵੀ ਲਿਖ ਚੁੱਕੇ ਹਨ। ਇਨ੍ਹਾਂ ਦੀਆਂ ਰਚਨਾਵਾਂ ਅੰਗਰੇਜ਼ੀ,ਫ਼ਰੈਂਚ, ਡੱਚ,ਬੰਗਲਾ, ਉੜੀਆ,ਅਸਮੀ, ਪੰਜਾਬੀ ਤੇ ਉਰਦੂ ਵਿੱਚ ਅਨੁਵਾਦਤ ਹੋ ਚੁੱਕੀਆਂ ਹਨ। ਇਨ੍ਹਾਂ ਦੇ ਅੰਗਰੇਜ਼ੀ ਵਿੱਚ ਲੇਖ ਅਮਰੀਕਾ, ਇੰਗਲੈਂਡ ਤੇ ਭਾਰਤ ਦੀਆਂ ਵੱਖ ਵੱਖ ਪੱਤ੍ਰਿਕਾਵਾਂ ਵਿੱਚ ਪ੍ਰਕਾਸ਼ਤ ਹੋ ਚੁੱਕੇ ਹਨ।

ਉਹ ਮੈਨੂੰ ਅਚਾਨਕ ਹੀ ਮਿਲਿਆ ਸੀ ਤੇ ਉਹ ਵੀ ਉਮਰ ਦੇ ਇਸ ਪੜਾਅ 'ਤੇ ਜਦੋਂ ਮੈਨੂੰ ਕਿਸੇ ਮਰਦ ਦੀ ਤਲਾਸ਼ ਨਹੀਂ ਸੀ, ਮੈਂ ਇਕਾਂਤ ਵਿੱਚ ਰਮ ਚੁੱਕੀ ਸੀ ਤੇ ਮੇਰੇ ਜੀਵਨ ਦਾ ਕੇਂਦਰ ਸਿਰਫ ਮੇਰੀ ਲੇਖਣੀ ਹੀ ਸੀ ..। ਉਹ ਮੈਨੂੰ ਮਿਲਿਆ ਵੀ ਲੇਖਣੀ ਦੇ ਰਾਹੀਂ ਹੀ ਸੀ।

ਮੇਰਾ ਨਾਵਲ ਪੜ੍ਹ ਕੇ ਸੰਪਰਕ ਕੀਤਾ। ਉਹਨੇ ਮੈਨੂੰ ਚਿੱਠੀ ਭੇਜੀ, ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਫੇਰ ਫ਼ੋਨ ਕੀਤਾ। ਏਨੀ ਦੂਰ ਆਉਣ ਦੀ ਕੀ ਲੋੜ ਐ? ਕੋਈ ਦੂਰੋਂ ਆ ਰਿਹਾ ਹੋਵੇ ਤਾਂ ਮੇਰੇ ਉੱਤੇ ਬੋਝ ਪੈ ਜਾਂਦਾ ਐ, ਹਿੰਦੁਸਤਾਨੀ ਆਦਤਾਂ ਜਾਂਦੀਆਂ ਨਹੀਂ। ਮਹਿਮਾਨ-ਨਿਵਾਜ਼ੀ, ਆਦਿ।

ਮੈਂ ਸੋਚਿਆ ਇੰਨੀ ਦੂਰ ਨਿਊਯਾਰਕ ਆ ਕੇ ਮਿਲਣ ਦੀ ਕੀ ਜ਼ਰੂਰਤ ਸੀ । ਕਦੇ ਕਿਤੇ ਜਾਵਾਂਗੀ ਤਾਂ ਮਿਲ ਲੈਣਾ।

ਪਰ ਉਹਨੇ ਤਾਂ ਮਿਲ ਕੇ ਹੀ ਗੱਲ ਕਰਨੀ ਸੀ, ਆਉਣ ਦਾ ਕਸ਼ਟ ਉਠਾਉਣਾ ਹੀ ਸੀ। ਹਾਂਅ ਕਰਨੀ ਪਈ, ਸਮਾਂ ਦੇਣਾ ਹੀ ਪਿਆ। ਪਰ ਉਹ ਘਰ ਨਹੀਂ ਆਇਆ, ਹੋਟਲ ਵਿੱਚ ਰੁਕਿਆ ਤੇ ਮੈਨੂੰ ਫ਼ੋਨ ਕੀਤਾ।

''ਤੁਸੀਂ ਮੈਨੂੰ ਲੰਚ 'ਤੇ ਰੈਸਤਰਾਂ ਵਿੱਚ ਮਿਲੋ, ਪਤਾ ਦੇ ਦਿੰਦਾ ਹਾਂ.....ਉਸ ਰੈਸਤਰਾਂ ਦਾ ਖਾਣਾ ਵਧੀਆ ਹੁੰਦਾ ਐ।''

''ਠੀਕ।''

ਮੇਰੇ ਰੈਸਤਰਾਂ ਵਿੱਚ ਦਾਖਲ ਹੁੰਦੇ ਹੀ ਇੱਕ ਨੌਜਵਾਨ ਉਠ ਕੇ ਮੇਰੇ ਵੱਲ ਵਧਿਆ ਤਾਂ ਮੈਂ ਸਮਝ ਗਈ ਕਿ ਇਹੋ ਉਹ ਸ਼ਖਸ ਹੋਵੇਗਾ ਜਿਹਨੂੰ ਮੈਂ ਮਿਲਣ ਆਈ ਆਂ। ਉਹਦਾ ਵਧਿਆ ਹੋਇਆ ਹੱਥ ਵੇਖ ਕੇ ਮੈਂ ਵੀ ਹੱਥ ਵਧਾਇਆ ਦਿੱਤਾ।

''ਰਾਜਾ।''

ਮੈਂ ਧਿਆਨ ਕੀਤਾ ਤਾਂ ਉਹ ਮੈਨੂੰ ਆਪਣੇ ਨਾਲੋਂ ਉਮਰ ਵਿੱਚ ਘੱਟੋ ਘੱਟ ਦਸ ਸਾਲ ਛੋਟਾ ਜਾਪਿਆ।

ਸੱਠ ਸਾਲ ਦੀ ਉਮਰ ਵਿੱਚ ਪਹੁੰਚ ਕੇ ਹੁਣ ਜ਼ਿਆਦਾਤਰ ਮਿਲਣ ਵਾਲੇ ਮੈਥੋਂ ਘੱਟ ਉਮਰ ਦੇ ਹੀ ਹੁੰਦੇ ਐ, ਸੋ ਇਹ ਕੋਈ ਨਵੀਂ ਗੱਲ ਨਹੀਂ ਲੱਗੀ। ਉਂਝ ਆਪਣੇ ਤੋਂ ਛੋਟੀ ਉਮਰ ਵਾਲਿਆਂ ਵਿੱਚ ਇੱਕ ਦਮਖਮ-ਊਰਜਾ ਹੁੰਦੀ ਹੈ ਜਿਸ ਦੀ ਖੋਜ ਮੈਨੂੰ ਹਮੇਸ਼ਾ ਰਹਿੰਦੀ ਐ।

'' ਤੁਸੀਂ ਜਾਣਦੇ ਓ ਨਾ ਕਿ ਮੈਂ ਤੁਹਾਨੂੰ ਕਿਉਂ ਮਿਲਣਾ ਚਾਹੁੰਨਾ ਵਾਂ? ''

''ਤੁਸੀਂ ਸ਼ਾਇਦ ਆਪਣੇ ਪੱਤਰ ਵਿਚ ਕੁਝ ਇਸ਼ਾਰਾ ਕੀਤਾ ਸੀ ਪਰ ਮੈਨੂ ਧਿਆਨ ਨਹੀਂ।''

'' ਮੈਂ ਤੁਹਾਨੂੰ ਇੱਕ ਕਹਾਣੀ ਦੇਣੀ ਚਾਹੁੰਦਾ ਹਾਂ। ''

''ਮੈਨੂੰ ? ਕਿਉਂ ? ''

'' ਕਿਉਂਕਿ ਤੁਸੀਂ ਜਿਸ ਤਰ੍ਹਾਂ ਲਿਖਦੇ ਹੋ, ਸ਼ਬਦਾਂ ਦਾ ਜਿਸ ਤਰਾਂ ਸਹੀ ਇਸਤੇਮਾਲ ਕਰਦੇ ਓ , ਬਹੁਤ ਪਾਰਦਰਸ਼ੀ ਅਤੇ ਦਲੀਲ ਵਾਲਾ ਹੁੰਦਾ ਐ। ਲੱਗਦੈ ਜਿਵੇਂ ਗੱਲ ਹੋਰ ਕਿਸੇ ਢੰਗ ਨਾਲ ਕਹੀ ਹੀ ਨਾ ਜਾ ਸਕਦੀ ਹੋਵੇ। ਉਹ ਕਹਿਣਗੇ, ਤਾਂ ਕੁਝ ਹੋਰ ਭਾਵੇਂ ਹੋ

'ਮੇਰੇ ਰੈਸਤਰਾਂ ਵਿੱਚ ਦਾਖਲ ਹੁੰਦੇ ਹੀ ਇੱਕ ਨੌਜਵਾਨ ਉਠ ਕੇ ਮੇਰੇ ਵੱਲ ਵਧਿਆ ਤਾਂ ਮੈਂ ਸਮਝ ਗਈ ਕਿ ਇਹੋ ਉਹ ਸ਼ਖਸ ਹੋਵੇਗਾ ਜਿਹਨੂੰ ਮੈਂ ਮਿਲਣ ਆਈ ਆਂ।

# ਇੱਕ ਅਧੂਰੀ ਕਹਾਣੀ

ਸੁਸ਼ਮ ਬੇਦੀ

ਕਹਾਣੀ

> ਦੁਪਹਿਰ ਨੂੰ ਕਿਸੇ ਨੂੰ ਦੁੱਖ ਪਹੁੰਚਾਓ ਤਾਂ ਤੀਜੇ ਹੀ ਪਹਿਰ ਉਸ ਤੋਂ ਵੱਧ ਦੁੱਖ ਤੁਹਾਡੇ ਅੱਗੇ ਪੇਸ਼ ਹੋ ਜਾਣਗੇ। -ਤਿਰੁੱਕੁਰਲ
> (ਤਮਿਲ ਭਾਸ਼ਾ ਦੇ 2000 ਸਾਲ ਪਹਿਲਾਂ ਹੋਏ ਭਗਤ ਕਵੀ)

ਜਾਵੇ ਪਰ ਉਸ ਤਰ੍ਹਾਂ ਵਾਪਰੀ ਨਹੀਂ ਹੁੰਦੀ। ਜੋ ਅਸਰ ਤੁਹਾਡੀ ਗੱਲ ਵਿੱਚ ਹੈ ਉਸਦਾ ਕੋਈ ਸਾਨੀ ਨਹੀਂ । ''

'' ਲੱਗਦੈ ਤੁਸੀਂ ਕੇਵਲ ਮੈਨੂੰ ਪੜ੍ਹਿਐ?''

ਉਹਨੇ ਮੇਰੀ ਟਿੱਪਣੀ ਨੂੰ ਸੁਣੀ ਅਣਸੁਣੀ ਕਰ ਦਿੱਤਾ।

ਫੇਰ ਤੁਹਾਡੇ ਪਾਤਰ ਇੰਝ ਲੱਗਦੇ ਨੇ ਜਿਵੇਂ ਜਿਊਂਦੇ ਜਾਗਦੇ ਇਨਸਾਨ ਹੁੰਦੇ ਨੇ , '' ਲੱਗਦੈ ਜਿਵੇਂ ਜਿਊਂਦੇ ਜਾਗਦੇ ਸਾਹਮਣੇ ਖਲੋਤੇ ਹੋਣ। ਜੋ ਚਰਿੱਤਰ ਮੈਂ ਤੁਹਾਨੂੰ ਦੇਣਾ ਚਾਹੁੰਦਾ ਹਾਂ ਉਹਦੀ ਰੂਹ ਨੂੰ ਕੇਵਲ ਤੁਸੀਂ ਹੀ ਫੜ ਸਕਦੇ ਓ। ''

'' ਦੇਖੋ, ਮੈਂ ਤੁਹਾਡੇ ਨਾਲ ਕੋਈ ਵਾਅਦਾ ਨਹੀਂ ਕਰ ਸਕਦੀ ਕਿ ਤੁਹਾਡੀ ਦੱਸੀ ਹੋਈ ਕਹਾਣੀ ਨੂੰ ਲਿਖ ਸਕਾਂ। ਮੈਂ ਇੰਝ ਲਿਖਦੀ ਨਹੀਂ। ਜਦੋਂ ਕੁਝ ਮੇਰੇ ਅੰਦਰੋਂ ਉੱਠਦੈ ਮੈਂ ਤਦੇ ਲਿਖਦੀ ਆਂ । ''

'' ਪਰ ਮੈਂ ਜੋ ਕਹਾਣੀ ਤੁਹਾਨੂੰ ਦੇਣੀ ਚਾਹੁੰਦਾ ਹਾਂ ਉਹ ਤਾਂ ਤੁਹਾਡੇ ਇਸ ਅਮਰੀਕੀ ਸਮਾਜ ਦੀ ਹੀ ਐ। ਇੱਥੋਂ ਦੀ ਇੱਕ ਬਦਸੂਰਤ ਸੱਚਾਈ, ਤੁਸੀਂ ਵੀ ਤਾਂ ਕੁੱਝ ਮਹਿਸੂਸ ਕੀਤਾ ਹੋਵੇਗਾ। ''

ਮੈਂ ਉਹਦੇ ਵੱਲ ਸਵਾਲੀਆ ਨਜ਼ਰਾਂ ਨਾਲ ਤੱਕਦੀ ਰਹੀ ਤੇ ਉਹਨੇ ਆਪਣੀ ਗੱਲ ਜਾਰੀ ਰੱਖੀ- ''ਅੱਛਾ ਕੀ ਕਦੇ ਤੁਸੀ ਮਹਿਸੂਸ ਕੀਤੈ ਕਿ ਏਥੇ ਪੁਲੀਸ ਦੇ ਹੱਥੋਂ ਜਦੋਂ ਵੀ ਕੋਈ ਜਵਾਨ ਮਾਰਿਆ ਜਾਂਦੈ ਤਾਂ ਉਹ ਕਾਲਾ ਹੀ ਕਿਉਂ ਹੁੰਦੈ ?''

ਉਹਦੀ ਆਵਾਜ਼ ਵਿੱਚ ਇੱਕ ਡੂੰਘੀ ਸੱਟ ਸੁਣਾਈ ਦੇ ਰਹੀ ਸੀ। ਮੈਂ ਚੌਂਕ ਗਈ, ਇਹ ਆਦਮੀ ਤਾਂ ਹਿੰਦੁਸਤਾਨੀ ਮੂਲ ਦਾ ਐ, ਫਿਰ ਇਹਨੂੰ ਕਾਲਿਆਂ ਨਾਲ ਹਮਦਰਦੀ ਕਿਉਂ ! ਅਜਿਹਾ ਮੈਂ ਬਹੁਤ ਘੱਟ ਵੇਖਿਆ ਜਾਂ ਸੁਣਿਆ ਸੀ। ਆਪਣੇ 'ਇਸ ਲੋਕ' ਨੂੰ ਸੁਧਾਰਨ ਲਈ ਇੱਥੇ ਆਉਣ ਵਾਲੇ ਸਾਰੇ ਭਾਰਤੀ, ਗੋਰਿਆਂ ਵਰਗਾ ਜੀਵਨ ਜੀਣ ਦੀ ਹੀ ਰੀਝ ਰਖਦੇ ਨੇ ਤੇ ਉਨ੍ਹਾਂ ਵਰਗਾ ਹੀ ਬਣਨ ਦੀ ਕਾਮਨਾ ਕਰਦੇ ਨੇ ਤੇ ਕਾਲੀ ਲੋਕਾਈ ਨੂੰ ਉਸੇ ਤਰ੍ਹਾਂ ਦੇਖ ਕੇ ਵੀ ਅਣਡਿੱਠ ਕਰਨ ਦੀ ਕੋਸ਼ਿਸ਼ ਕਰਦੇ ਨੇ ਜਿਵੇਂ ਗੋਰੇ ਲੋਕ। ਉਨ੍ਹਾਂ ਦਾ ਦੋਸਤੀ ਦਾ ਹੱਥ ਵੀ ਗੋਰਿਆਂ ਵੱਲ ਹੀ ਵਧਦੈ। ਉਹ ਉਨ੍ਹਾਂ ਹੀ ਘਰਾਂ ਜਾਂ ਇਮਾਰਤਾਂ ਵਿੱਚ ਰਹਿਣਾ ਪਸੰਦ ਕਰਦੇ ਨੇ ਜਿਥੇ ਗੋਰੇ ਰਹਿੰਦੇ ਹੋਣ। ਉਹ ਉਹੋ ਜਿਹੀਆਂ ਹੀ ਨੌਕਰੀਆਂ ਕਰਨੀਆਂ ਪਸੰਦ ਕਰਦੇ ਨੇ ਜਿਵੇਂ ਅਮਰੀਕੀ ਗੋਰੇ। ਉਨ੍ਹਾਂ ਹੀ ਯੂਨੀਵਰਸਿਟੀਆਂ, ਕਾਲਜਾਂ ਵਿੱਚ ਪੜ੍ਹਨ ਜਾਣਾ ਪਸੰਦ ਕਰਦੇ ਨੇ ਜਿੱਥੇ ਜ਼ਿਆਦਾਤਰ ਗੋਰੇ ਪੜ੍ਹਦੇ ਨੇ।

**ਆਪਣੇ 'ਇਸ ਲੋਕ' ਨੂੰ ਸੁਧਾਰਨ ਲਈ ਇੱਥੇ ਆਉਣ ਵਾਲੇ ਸਾਰੇ ਭਾਰਤੀ, ਗੋਰਿਆਂ ਵਰਗਾ ਜੀਵਨ ਜੀਣ ਦੀ ਹੀ ਰੀਝ ਰਖਦੇ ਨੇ ਤੇ ਉਨ੍ਹਾਂ ਵਰਗਾ ਹੀ ਬਣਨ ਦੀ ਕਾਮਨਾ ਕਰਦੇ ਨੇ ਤੇ ਕਾਲੀ ਲੋਕਾਈ ਨੂੰ ਉਸੇ ਤਰ੍ਹਾਂ ਦੇਖ ਕੇ ਵੀ ਅਣਡਿੱਠ ਕਰਨ ਦੀ ਕੋਸ਼ਿਸ਼ ਕਰਦੇ ਨੇ ਜਿਵੇਂ ਗੋਰੇ ਲੋਕ।**

''ਜਾਣਦੀ ਆਂ। ਨਿਊਯਾਰਕ ਵਰਗੇ ਸ਼ਹਿਰ ਵਿੱਚ ਰੰਗ-ਭੇਦ ਪ੍ਰਤੀ ਜਿਹੋ ਜਿਹੀ ਸਹਿਣਸ਼ੀਲਤਾ ਵੇਖਣ ਨੂੰ ਮਿਲਦੀ ਹੈ ਉਹੋ ਜਿਹੀ ਅਮਰੀਕਾ ਵਿੱਚ ਹੋਰ ਕਿਤੇ ਨਹੀਂ। ਹਰ ਰੋਜ਼ ਬਾਹਰ ਵਾਲਿਆਂ ਨਾਲ ਵਾਹ ਪੈਂਦੈ, ਆਦੀ ਹੋ ਜਾਂਦੇ ਆਂ। ਫਰਕ ਹੋਣਾ ਸੁਭਾਵਕ ਲੱਗਣ ਲੱਗ ਪੈਂਦੈ। ਪਰ ਇੱਥੇ ਗੋਰਾ ਰੰਗ ਹੀ ਆਮ ਹੈ ..ਉਂਝ ਦੱਖਣ ( ਅਮਰੀਕਾ ਦਾ-ਸੰ) ਦੀ ਗੱਲ ਕੁੱਝ ਹੋਰ ਐ । ਉਨ੍ਹਾਂ ਲੋਕਾਂ ਨੇ ਸਦੀਆਂ ਤੱਕ ਕਾਲਿਆਂ ਨੂੰ ਦਾਸ-ਗੁਲਾਮ ਬਣਾਅ ਕੇ ਰੱਖਿਐ, ਉਹ ਉਨ੍ਹਾਂ ਲਈ ਇਨਸਾਨ ਨਹੀਂ ਖੇਤਾਂ ਵਿੱਚ ਜੁਤਣ ਵਾਲੇ ਪਸ਼ੂ ਸਨ, ਜਾਂ ਭਾਰ ਢੋਣ ਵਾਲੇ ਖੋਤੇ ਹਨ। ਉਨ੍ਹਾਂ ਨੂੰ ਇਨ੍ਹਾਂ ਦਾਸਾਂ ਵਿੱਚ ਨਾ ਤਾਂ ਕੋਈ ਮਾਨਵਤਾ ਦਿੱਸਦੀ ਸੀ ਤੇ ਨਾ ਹੀ ਉਹ ਉਨ੍ਹਾਂ ਵਿੱਚ ਮਹਿਸੂਸ ਕਰਨ ਜਾਂ ਦੇਖ ਸਕਣ ਦੀ ਸਮਰੱਥਾ ਸਮਝਦੇ ਸਨ। ਅਮਰੀਕਾ ਦਾ ਇਹ ਕਾਲਾ ਇਤਿਹਾਸ ਆਮ ਤੌਰ 'ਤੇ ਉਸ ਦੇ ਅੱਜ-ਵਰਤਮਾਨ 'ਤੇ ਹਾਵੀ ਹੋ ਜਾਂਦੈ। ਗੋਰੇ ਇਨ੍ਹਾਂ ਨੂੰ ਬਰਾਬਰ ਦੇ ਹੱਕਦਾਰ ਮੰਨ ਹੀ ਨਹੀਂ ਪਾਉਂਦੇ, ਕਾਨੂੰਨ ਕਿੰਨਾ ਵੀ ਕਾਲਿਆਂ ਦੇ ਹੱਕ ਵਿੱਚ ਹੋਵੇ। ਅਜੀਬ ਗੱਲ ਐ ਨਾ ਇੱਕ ਪਾਸੇ ਤਾਂ ਇਨਸਾਨ ਦੀ ਅਜ਼ਾਦੀ 'ਤੇ ਬਰਾਬਰੀ ਦੇ ਮੂਲ ਸਿਧਾਂਤਾਂ ਤੇ ਇਸ ਦੇਸ਼ ਦੀ ਨੀਂਹ ਰੱਖੀ ਗਈ ਐ ਤੇ ਇਸੇ ਅਸੂਲ-ਨਿਯਮ ਨਾਲ ਇਸਨੂੰ ਅਜ਼ਾਦੀ ਮਿਲੀ ਹੈ ਪਰ ਬਹੁਤ ਸਾਰੇ ਲੋਕ ਆਪਣੀ ਨਸਲ ਨੂੰ ਉੱਚੀ ਸਮਝਦੇ ਨੇ। ਤੁਹਾਨੂੰ ਪਤਾ ਹੈ ਨਾ ਜਦੋਂ ਇੱਥੇ ਸੰਵਿਧਾਨ ਤਿਆਰ ਹੋ ਰਿਹਾ ਸੀ ਤੇ ਮੂਲ ਹੱਕਾਂ-ਅਧਿਕਾਰਾਂ,ਅਜ਼ਾਦੀ-ਸਵਤੰਤਰਤਾ ਤੇ ਬਰਾਬਰੀ-ਸਮਾਨਤਾ ਦੀ ਨੀਂਹ ਰੱਖੀ ਜਾ ਰਹੀ ਸੀ ਤਾਂ ਇਹ ਸਵਾਲ ਵੀ ਉਠਿਆ ਸੀ ਕਿ ਕੀ ਅਸੀਂ ਆਪਣੇ ਕਾਲੇ ਦਾਸਾਂ ਨੂੰ ਵੀ ਉਹੋ ਸੁਤੰਤਰਤਾ ਦੇਈਏ ਜਿਹੜੀ ਅਸੀਂ ਆਪਣੇ ਲਈ ਮੰਗ ਰਹੇ ਹਾਂ ਜਾਂ ਮਾਨਵ ਜਾਤੀ ਲਈ ਮੰਗ ਰਹੇ ਹਾਂ। ਤਾਂ ਅਖੀਰ ਵਿੱਚ ਇਸ ਤਰਾਂ ਦਾ ਫੈਸਲਾ

''ਯੁਵਸੱਤਾ'' ਨੇ ਟਾਈਮਜ਼ ਆਫ਼ ਚੰਡੀਗੜ੍ਹ ਨਾਲ ਮਿਲ ਕੇ ਗੁਰੂ ਨਾਨਕ ਦੇ ਪ੍ਰਕਾਸ਼ ਉਤਸਵ ਉਤੇ ਬਹੁਤ ਹੀ ਹੋਣਹਾਰ ਪਰ ਪੈਸੇ ਖੁਣੋਂ ਕਮਜ਼ੋਰ ਕੁੜੀਆਂ ਲਈ ਪ੍ਰਕਾਸ਼ ਦੀ ਕਿਰਨ ਬਣਨ ਲਈ ਅੱਗੇ ਆਏ ਦਾਨੀ ਪਰਿਵਾਰਾਂ, ਸੱਜਣਾਂ ਨਾਲੇ ਮੇਲ ਕਰਾਇਆ ਹੈ।

YUVSATTA
YOUTH FOR PEACE

# ਇੱਕ ਅਧੂਰੀ ਕਹਾਣੀ

ਸੁਸ਼ਮ ਬੇਦੀ

ਕਹਾਣੀ

ਹੋਇਆ ਕਿ ਜਿਹੜੇ ਸਮਾਜ ਦੇ ਮੈਂਬਰ ਹਨ ਉਨ੍ਹਾਂ ਲਈ ਹੀ ਸੁਤੰਤਰਤਾ ਤੇ ਸਮਾਨਤਾ ਦੇ ਅਧਿਕਾਰ ਹਨ ਤੇ ਇਹ ਕਾਲੇ ਦਾਸ ਕਿਸੇ ਸਮਾਜ ਦੇ ਮੈਂਬਰ ਨਹੀਂ ਹਨ। ਕਿਹੋ ਜਿਹਾ ਘੋਰ ਅਨਿਆਂ ਕਿ ਜਿਵੇਂ ਉਹ ਇਨਸਾਨ ਹੀ ਨਹੀਂ ਸਨ। ਕਿਸੇ ਸਮਾਜ ਦੇ ਮੈਂਬਰ ਨਹੀਂ ਸਨ! ਉਹ, ਕੋਈ ਜੰਗਲੀ ਜਾਨਵਰ ਜਾਂ ਬਣ-ਮਾਨਸ ਸਨ। ''

'' ਤੁਸੀਂ ਕੇਵਲ ਦੱਖਣੀ ਅਮਰੀਕਾ ਦੀ ਗੱਲ ਕਰ ਰਹੇ ਓ ਪਰ ਦੇਖੋ, ਉਂਝ ਅਮਰੀਕਾ ਦੇ ਉੱਤਰ ਵਿੱਚ ਜ਼ੁਬਾਨੀ ਸੰਵੇਦਨਾ ਤੇ ਹਮਦਰਦੀ ਤਾਂ ਖ਼ੂਬ ਵਿਖਾਈ ਜਾਂਦੀ ਐ ਪਰ ਅਸਲ ਵਿੱਚ ਇਹ ਲੋਕ ਕਾਲਿਆਂ ਨੂੰ ਐਨ ਆਪਣੇ ਬਰਾਬਰ ਸਮਝਣ ਵਿੱਚ ਆਪਣੀ ਹੇਠੀ ਮੰਨਦੇ ਹਨ। ਤੁਸੀਂ ਵੇਖਦੇ ਹੋ ਜਿੱਥੇ ਜਿੱਥੇ ਕਾਲੇ ਘਰ ਖਰੀਦਦੇ ਨੇ ਉਥੋਂ ਗੋਰੇ ਨਿਕਲ ਜਾਂਦੇ ਨੇ । ਇਸ ਨਾਲ ਤਾਂ ਸਾਡੀਆਂ ਸਾਰਿਆਂ ਦੀਆਂ ਸ਼ਕਲਾਂ ਬਦਲ ਜਾਂਦੀਆਂ ਨੇ, ਜਾਇਦਾਦ ਦੀਆਂ ਕੀਮਤਾਂ ਡਿੱਗ ਜਾਂਦੀਆਂ ਨੇ ਕਿ ਇੱਥੇ ਤਾਂ ਕਾਲੇ ਜ਼ਿਆਦਾ ਰਹਿੰਦੇ ਨੇ। ਉਪਰੋਂ ਸਭਿਅ ਦਿਖਦੇ ਹੋਏ ਵੀ ਅਸੀਂ ਫ਼ਰਕ-ਭੇਦਭਾਵ ਘੱਟ ਤਾਂ ਨਹੀਂ ਕੀਤੇ ।''

ਮੈਂ ਕਿਹਾ , '' ਅਸੀਂ ਹਿੰਦੁਸਤਾਨੀ ਕਿਹੜੇ ਘੱਟ ਆਂ, ਸਾਡੇ ਵਿੱਚ ਕਿਹੜੇ ਗੋਰੇ ਕਾਲੇ ਦਾ ਫ਼ਰਕ ਕਰਨਾ ਘੱਟ ਹੈ। ਅਸੀਂ ਵੀ ਗੋਰਿਆਂ ਨਾਲ ਹੀ ਉੱਠਣਾ ਬੈਠਣਾ ਪਸੰਦ ਕਰਦੇ ਹਾਂ , ਉਨ੍ਹਾਂ ਨਾਲ ਦੋਸਤੀ 'ਤੇ ਮਾਣ ਕਰਦੇ ਹਾਂ। ਗੋਰੀ ਵਹੁਟੀ ਤਾਂ ਸ਼ੌਕ ਨਾਲ ਘਰ ਲੈ ਆਉਂਦੇ ਹਾਂ , ਹਿੰਦੁਸਤਾਨੀ ਕਾਲੀ 'ਤੇ ਨੱਕ ਬੁੱਲ੍ਹ ਚਾੜ੍ਹਦੇ ਹਾਂ। ਇਸ ਰੰਗ ਦੇ ਅਹਿਸਾਸ ਤੋਂ ਤਾਂ ਅਸੀਂ ਵੀ ਉਪਰ ਉਠਣਾ ਹੈ।

''ਬੱਸ ਤੁਸੀਂ ਮੇਰੀ ਗੱਲ ਨੂੰ ਸਮਝੋਗੇ, ਮੈਂ ਤੁਹਾਨੂੰ ਹੀ ਦੇਣੀ ਚਾਹੁੰਦਾ ਹਾਂ

> **ਅਸੀਂ ਇੰਨੀ ਦੇਰ ਤੱਕ ਗੱਲਾਂ ਕਰਦੇ ਰਹੇ ਕਿ ਰੈਸਤਰਾਂ ਬੰਦ ਹੋਣ ਦਾ ਸਮਾਂ ਹੋ ਗਿਆ। ਮੈਂ ਬੈਰੇ ਦੇ ਚਿਹਰੇ 'ਤੇ ਬੇਚੈਨੀ ਮਹਿਸੂਸ ਕੀਤੀ**

ਇਹ ਕਹਾਣੀ, ਪਲੀਜ਼ ਤੁਸੀਂ ਜ਼ਰੂਰ ਲਿਖੋ।''

'' ਉਹ ਤਾਂ ਖੈਰ ਮੈਂ ਵੇਖ ਲਵਾਂਗੀ ਪਰ ਤੁਸੀਂ ਤਾਂ ਹਿੰਦੁਸਤਾਨੀ ਲੱਗਦੇ ਓ। ਤੁਸੀਂ ਕਿਸੇ ਕਾਲੇ ਦੇ ਬਾਰੇ ਵਿੱਚ ........''

''ਮੈਂ ਬਹੁਤ ਛੋਟਾ ਹੁੰਦਾ ਹੀ ਇੱਥੇ ਪਹੁੰਚ ਗਿਆ ਸੀ। ਇੱਥੇ ਹੀ ਵੱਡਾ ਹੋਇਆ ਹਾਂ। ਮੇਰਾ ਆਪਣਾ ਰੰਗ ਵੀ ਤਾਂ ਏਨਾ ਸਾਂਵਲਾ ਹੈ ਕਿ ਲੋਕ ਕਈ ਵਾਰ ਮੈਨੂੰ ਉਨ੍ਹਾਂ ਵਿੱਚ ਹੀ ਗਿਣ ਲੈਂਦੇ ਨੇ। ਬੱਸ ਮੇਰੇ ਵਾਲ ਘੁੰਘਰਾਲੇ ਨਹੀਂ ਹਨ।''

''ਸਹੀ। ''

'' ਮੇਰੇ ਮਾਂ ਬਾਪ ਅਫਰੀਕਾ ਤੋਂ ਹੀ ਇੱਥੇ ਆਏ ਸਨ। ਮੈਂ ਚਾਰ ਪੰਜ ਸਾਲ ਦਾ ਹੋਵਾਂਗਾ ਜਦੋਂ ਉਹ ਕੀਨੀਆ ਤੋਂ ਮਿਜ਼ੂਰੀ ਆਏ ਸਨ। ਤੁਹਾਨੂੰ ਸ਼ਾਇਦ ਇਹ ਮਹਿਸੂਸ ਨਹੀਂ ਹੋਇਆ ਕਿਉਂਕਿ ਤੁਸੀਂ ਮੇਰੇ ਹਿੰਦੁਸਤਾਨੀ ਨਾਮ ਤੋਂ ਜਾਣੂੰ ਹੋ। ਨਾਮ ਹਟਾਅ ਕੇ ਵੇਖੋ ਤਾਂ ...ਮੇਰੇ ਮਾਂ ਬਾਪ ਮਿਜ਼ੂਰੀ ਵਿੱਚ ਹੀ ਟਿਕ ਗਏ। ਪਰ ਸਕੂਲ ਵਿੱਚ ਗਿਆ ਤਾਂ ਦੋਸਤੀਆਂ ਵੀ ਕਾਲਿਆਂ ਨਾਲ ਹੀ ਹੁੰਦੀਆਂ ਸਨ। ਉਨ੍ਹਾਂ ਦੇ ਨਾਲ ਹੀ ਮੈਨੂੰ ਆਪਣਾਪਣ ਲੱਗਦਾ ਸੀ । ਆਖਰਕਾਰ ਰੰਗ ਤਾਂ ਗੋਰਾ ਮੇਰਾ ਹੈ ਨਹੀਂ ਸੀ।''

ਅਸੀਂ ਇੰਨੀ ਦੇਰ ਤੱਕ ਗੱਲਾਂ ਕਰਦੇ ਰਹੇ ਕਿ ਰੈਸਤਰਾਂ ਬੰਦ ਹੋਣ ਦਾ ਸਮਾਂ ਹੋ ਗਿਆ। ਮੈਂ ਬੈਰੇ ਦੇ ਚਿਹਰੇ 'ਤੇ ਬੇਚੈਨੀ ਮਹਿਸੂਸ ਕੀਤੀ, ਉਹ ਕਹਿ ਰਿਹਾ ਸੀ ਕਿ ਕੁਝ ਹੋਰ ਚਾਹੀਦੈ ਜਾਂ ਉਹ ਬਿਲ ਲੈ ਆਵੇ। ਮੈਨੂੰ ਚੰਗਾ ਨਹੀਂ ਲੱਗਾ ਕਿ ਮੇਜ਼ਬਾਨ ਨੂੰ ਕਿਸੇ ਪ੍ਰੇਸ਼ਾਨੀ ਵਿੱਚ ਪਾਵਾਂ ਸੋ ਝੱਟ ਕਹਿ ਦਿੱਤਾ, '' ਲੈ ਆਵੋ ਚੈਕ। ''

ਇੱਥੇ ਬਿਲ ਨੂੰ ਚੈਕ ਕਹਿੰਦੇ ਨੇ ।

''ਤੁਸੀਂ ਚਾਹਵੋ ਤਾਂ ਮੇਰੇ ਘਰ ਚੱਲ ਸਕਦੇ ਓ। ਗੱਲਬਾਤ ਉਥੇ ਚੱਲਦੀ ਰਵ੍ਹੇਗੀ । ''

ਉਹ ਥੋੜ੍ਹਾ ਜਿਹਾ ਚੌਂਕ ਗਿਆ। ਪਹਿਲਾਂ ਮੈਂ ਜਾਣ ਬੁੱਝ ਕੇ ਉਹਨੂੰ ਘਰ ਨਹੀਂ ਸੀ ਬੁਲਾਇਆ, ਅਣਜਾਣੇ ਵਿਅਕਤੀਆਂ ਨੂੰ ਮੈਂ ਘਰ ਨਹੀਂ ਬੁਲਾਉਂਦੀ।

ਪਰ ਹੁਣ ਉਹ ਮੈਨੂੰ ਬਹੁਤ ਦਇਆਵਾਨ ਜਿਹਾ ਇਨਸਾਨ ਜਾਪਿਆ ਜਿਹੜਾ ਆਪਣੇ ਲਈ ਨਹੀਂ, ਕਿਸੇ ਹੋਰ ਲਈ ਸੋਚ ਰਿਹਾ ਸੀ। ਮੈਨੂੰ ਐਹੋ ਜਿਹੇ ਲੋਕ ਬਹੁਤ ਘੱਟ ਮਿਲਦੇ ਨੇ। ਜਿਸ ਤਰ੍ਹਾਂ ਦੇ ਲੇਖਕਾਂ ਨੂੰ ਮੈਂ ਮਿਲਦੀ ਹਾਂ ਉਨ੍ਹਾਂ ਨੂੰ ਮਿਲ ਕੇ ਹਮੇਸ਼ਾ ਐਹੋ ਮਹਿਸੂਸ ਹੁੰਦਾ ਐ ਕਿ ਲੇਖਕ ਸਵਾਰਥੀ ਜੀਵ ਹੁੰਦੇ ਨੇ। ਮੇਰਾ ਆਪਣੇ ਵੱਲ ਧਿਆਨ ਜਾਂਦੈ। ਹਮੇਸ਼ਾ ਆਪਣੀਆਂ ਜ਼ਰੂਰਤਾਂ ਦਾ ਧਿਆਨ ਰੱਖਦੀ ਆਂ, ਆਪਣੇ ਸਮੇਂ ਵਲੋ ਕੰਜੂਸੀ, ਆਪਣੇ ਸਾਧਨਾਂ ਦੀ ਬਚਤ ਕਿ ਬੱਸ ਕੁਝ ਨਾ ਕਰਨਾ ਪਵੇ, ਦੁਨੀਆ ਦਾ ਸਾਰਾ

# ਇੱਕ ਅਧੂਰੀ ਕਹਾਣੀ

ਸੁਸ਼ਮ ਬੇਦੀ

ਕਹਾਣੀ



ਪੁਰਾਣੀ ਦਿੱਲੀ ਦੀਆਂ ਗਲੀਆਂ ਵਿਚ ਨਾਚੀਆਂ,1907।

ਸਮਾਂ ਸਿਰਫਲ਼ ਲਿਖਣ ਵਿੱਚ ਲਗਾਅ ਦੇਵਾਂ। ਉਂਝ ਵੇਖਿਆ ਜਾਵੇ ਤਾਂ ਕਿਸੇ ਨੂੰ ਕੀ ਫਰਕ ਪੈਂਦੇ ਕਿ ਫਲਾਣੀ ਕਿਤਾਬ ਤੁਸੀਂ ਲਿਖੀ ਜਾਂ ਕਿਸੇ ਹੋਰ ਨੇ। ਦੁਨੀਆ ਤੁਹਾਡੇ ਲਿਖਣ ਨਾਲ ਤਾਂ ਚੱਲਦੀ ਨਹੀਂ ਨਾ ਰੁਕਦੀ ਐ। ਫੇਰ ਮਾਰਕਸ ਅਤੇ ਫਰਾਇਡ ਨੇ ਦੁਨੀਆ ਵਿਚ ਕਿੰਨਾ ਕੁ ਫ਼ਰਕ ਪਾ ਦਿੱਤਾ ? ਇਹ ਕਹਾਣੀਆਂ,ਕਵਿਤਾਵਾਂ,ਨਾਵਲ ਲਿਖ ਕੇ ਭਲਾ ਅਸੀਂ ਦੁਨੀਆ ਨੂੰ ਕੀ ਦੇ ਦੇਵਾਂਗੇ ! ਤੇ ਘਮੰਡ ਏਨਾ ਕਿ ਸਾਨੂੰ ਪੂਜੋ, ਸਨਮਾਨ ਕਰੋ ਸਾਡਾ ਕਿ ਅਸੀਂ ਫਲਾਣੀ ਕਿਤਾਬ ਲਿਖੀ ਹੈ, ਫਲਾਣੀ ਗੱਲ ਕਹਿ ਦਿੱਤੀ ਜੋ ਪਹਿਲਾਂ ਕਿਸੇ ਨੇ ਨਹੀਂ ਕਹੀ। ਆਪਣੀਆਂ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਕਿਉਂ ਨਹੀਂ ਕਲਾਵਾਂ ਦੇ ਵਿਕਾਸ ਲਈ ਕੁਝ ਕਰਦੀਆਂ। ਭਾਵੇਂ ਜਨਤਾ ਕਿੰਨੀ ਵੀ ਗਰੀਬੀ ਕਿਉਂ ਨਾ ਭੋਗ ਰਹੀ ਹੋਵੇ, ਸਾਡੇ ਲਈ ਖਰਚਾ ਜ਼ਰੂਰ ਕੱਢਣਾ ਚਾਹੀਦੈ। ’ਤੇ ਜਦੋਂ ਕਿਸੇ ਨੂੰ ਇਨਾਮ ਮਿਲ ਜਾਵੇ ਤਾਂ ਅਸੀਂ ਸੜ ਭੁੱਜ ਕੇ ਸੁਆਹ ਹੋ ਜਾਂਦੇ ਹਾਂ ਜਾਂ ਫੇਰ ਦਾਅਵਾ ਕਰਨ ਲੱਗਦੇ ਹਾਂ ਕਿ ਅਸੀਂ ਤਾਂ ਇਨ੍ਹਾਂ ਇਨਾਮਾਂ ਤੋਂ ਕਿਤੇ ਉੱਚੇ ਹਾਂ।

ਤੇ ਕਦੇ ਕਦੇ ਇਹ, ਰਾਜਾ ਵਰਗੇ ਸਿਰਫਿਰੇ, ਆ ਕੇ ਸਾਡੇ ਹੰਕਾਰ ਨੂੰ ਪੱਠੇ ਪਾ ਜਾਂਦੇ ਨੇ ਤੇ ਅਸੀਂ ਇਸ ਤਰ੍ਹਾਂ ਭੜਕਣ ਲੱਗ ਜਾਂਦੇ ਹਾਂ ਜਿਵੇਂ ਸਾਰੀ ਦੁਨੀਆ ਦਾ ਉਜਾਲਾ ਸਾਡੇ ਨਾਲ ਹੀ ਕਾਇਮ ਹੋਵੇ।

ਉਹ ਚਲਾ ਗਿਆ ’ਤੇ ਮੈਂ ਆਪਣੇ ਆਪ ਨੂੰ ਸਵਾਲ ਕਰਦੀ ਰਹੀ ਕਿ ਕੀ ਮੇਰੀ ਸੰਵੇਦਨਾ(ਹੱਸਾਸ ਹੋਣਾ) ਇੰਨੀ ਨਹੀਂ ਵਧ-ਬਣ ਚੁਕੀ ਕਿ ਮੈਂ ਉਨ੍ਹਾਂ ਦੁੱਖਾਂ ਦੀ ਕਹਾਣੀ ਲਿਖ ਸਕਾਂ ਜਿਨ੍ਹਾਂ ਨੂੰ ਮੈਂ ਆਪ ਨਹੀਂ ਝੱਲਿਆ ਪਰ ਮੇਰੇ ਵਰਗੇ ਇੱਕ ਹੋਰ ਇਨਸਾਨ ਨੇ ਝੱਲਿਆ ਹੈ। ਜਿਹੋ ਜਿਹਾ ਕਾਲੇ ਗੋਰੇ ਫ਼ਰਕ ਭੇਦ ਇੱਥੇ ਹੈ ਉਸ ਤੋਂ

ਜਦੋਂ ਕਿਸੇ ਨੂੰ ਇਨਾਮ ਮਿਲ ਜਾਵੇ ਤਾਂ ਅਸੀਂ ਸੜ ਭੁੱਜ ਕੇ ਸੁਆਹ ਹੋ ਜਾਂਦੇ ਹਾਂ ਜਾਂ ਫੇਰ ਦਾਅਵਾ ਕਰਨ ਲੱਗਦੇ ਹਾਂ ਕਿ ਅਸੀਂ ਤਾਂ ਇਨ੍ਹਾਂ ਇਨਾਮਾਂ ਤੋਂ ਕਿਤੇ ਉੱਚੇ ਹਾਂ।


ਕਿਤੇ ਭੈੜਾ ਵਿਹਾਰ ਤਾਂ ਮੈਂ ਵੱਡੀ ਹੁੰਦਿਆਂ ਆਪਣੇ ਹੀ ਮੁਲਕ ਵਿੱਚ ਅਛੂਤਾਂ ਨਾਲ ਹੁੰਦਾ ਵੇਖਿਆ ਹੈ। ਰੱਖਿਆ ਹੋਇਆ ਜਮਾਂਦਾਰ ਜਦੋਂ ਆਉਂਦਾ ਸੀ ਤਾਂ ਬਾਹਰੋਂ ਹੀ ਟੱਟੀ ਸਾਫ ਕਰ ਕੇ ਚਲਿਆ ਜਾਂਦਾ ਸੀ। ਰਾਤ ਦੀ ਬੇਹੀ ਰੋਟੀ ਅਸੀਂ ਉਸ ਦੀ ਝੋਲੀ ਵਿੱਚ ਪਾ ਦਿੰਦੇ ਸੀ ਪਰ ਕਦੇ ਉਹਨੂੰ ਛੋਹਿਆ ਨਹੀਂ। ਦੂਰ ਦੂਰ ਰਹਿਣਾ ਕਿ ਕਿਧਰੇ ਗਲਤੀ ਨਾਲ ਛੂਹ ਨਾ ਜਾਵੇ। ਉਸਤੋਂ ਬੋਅ ਆਉਂਦੀ ਸੀ ਸਾਨੂੰ। ਗੁਸਲਖਾਨਾ ਮਾਈ ਹੀ ਸਾਫ਼ ਕਰਦੀ ਸੀ। ਉਹਦੀ ਜਾਤ ਕੁੱਝ ਉਪਰ ਹੋਵੇਗੀ ਪਰ ਕਿੱਥੇ ਸੀ ਸਾਡੇ ਮਨ ਵਿੱਚ ਸਨਮਾਨ। ਉਨ੍ਹਾਂ ਸਭ ਨੂੰ ਆਪਣੇ ਤੋਂ ਛੋਟੇ ਤੇ ਹੀਣ ਸਮਝਣਾ। ਉਹ ਵਿਚਾਰੇ ਸਨਮਾਨ ਦੀ ਆਸ ਵੀ ਕਿੱਥੇ ਕਰਦੇ ਸੀ! ਇਹ ਚੇਤਨਾ ਤਾਂ ਮੇਰੇ ਵਿੱਚ ਇੱਥੇ ਆ ਕੇ ਹੀ ਆਈ ਕਿ ਹਰ ਕਿਸਮ ਦਾ ਘਰ ਦਾ ਨੌਕਰ ਸਾਡੇ ਲਈ ਨੌਕਰ ਯਾਨੀ ਹੀਣ ਸੀ, ਉਹਨੂੰ ਗਾਲੀ ਵੀ ਦਿੱਤੀ ਜਾ ਸਕਦੀ ਸੀ, ਬੇਇੱਜ਼ਤੀ ਭਰੇ ਸ਼ਬਦ ਵੀ ਆਖੇ ਜਾ ਸਕਦੇ ਸਨ ਤੇ ਇਹਦੇ ਲਈ ਸਾਡੇ ਅੰਦਰ ਕੋਈ ਅਪਰਾਧ-ਗੁਨਾਹ ਦੀ ਭਾਵਨਾ ਪੈਦਾ ਨਹੀਂ ਸੀ ਹੁੰਦੀ।

ਹੁਣ ਮੈਂ ਇਸ ਤਰ੍ਹਾਂ ਸੋਚਦੀ ਹਾਂ ਕਿ ਸਾਡੇ ਵਿੱਚ ਪੂਰਨ ਮਾਨਵਤਾ-ਮੁਕੰਮਲ ਇਨਸਾਨੀਅਤ ਨਹੀਂ ਬਣਨ- ਹੋਣ ਦਿੱਤਾ ਜਾਂਦੀ। ਜਿਵੇਂ ਇੱਥੋਂ ਦੇ ਗੋਰਿਆਂ ਨੇ ਇਹ ਢੰਗ ਕੱਢਿਆ ਹੈ ਕਿ ਕਾਲੇ ਸਭਿਅ ਸਮਾਜ ਦੇ ਮੈਂਬਰ ਨਹੀਂ ਹੁੰਦੇ, ਉਸੇ ਤਰ੍ਹਾਂ ਸਾਡੇ ਸ਼ਾਸਤਰਾਂ ਨੇ ਵੀ ਇਹ ਦਲੀਲ ਦਿੱਤੀ ਹੈ ਕਿ ਉਨ੍ਹਾਂ ਦਾ ਕੰਮ ਹੀ ਉਚੀਆਂ ਜਾਤਾਂ ਦੀ ਸੇਵਾ ਕਰਨਾ ਹੈਂ; ਜੇਕਰ ਅਸੀਂ ਉਨ੍ਹਾਂ ਨੂੰ ਆਪਣੇ ਉਚ ਅਸਥਾਨਾਂ ਮੰਦਿਰਾਂ, ਆਦਿ, ਵਿੱਚ ਨਹੀਂ ਜਾਣ ਦਿੰਦੇ ਜਾਂ ਸ਼ਾਸਤਰ ਪੜ੍ਹਨ ਦਾ ਹੱਕ ਨਹੀਂ ਦਿੰਦੇ ਤਾਂ ਸਹੀ ਹੈ; ਉਨ੍ਹਾਂ ਦਾ ਤਾਂ ਬੱਸ ਇਹੋ ਕੰਮ ਹੈ ਕਿ ਜੋ ਘਿਰਣਤ ਜਾਂ ਮਮੂਲੀ ਕੰਮ ਅਸੀਂ ਨਹੀਂ ਕਰਨਾ ਚਾਹੁੰਦੇ ਉਨ੍ਹਾਂ ਕੋਲੋਂ ਕਰਵਾਏ ਜਾਣ। ਉਪਰੋਂ ਝਿੜਕ ਝੰਬ ਸਭ ਜਾਇਜ਼। ਘਰ ਦਾ ਕੱਝ ਚੋਰੀ ਹੋਣ ‘ਤੇ ਨੌਕਰਾਂ ‘ਤੇ ਇਲਜ਼ਾਮ ਲਗਾ ਦੇਣੇ , ਨੌਕਰੀ ਤੋਂ ਕੱਢ ਦੇਣਾ ਇਹ ਸਭ ਆਪਣੇ ਘਰ ਵਿੱਚ ਹੀ ਤਾਂ ਵੇਖਿਆ ਸੀ ਮੈਂ । ਪਰ ਉਦੋਂ ਉਨ੍ਹਾਂ ਨਾਲ ਹੋ ਰਹੀ ਬੇਇਨਸਾਫੀ ਨੂੰ ਠੀਕ ਤਰ੍ਹਾਂ ਵੇਖ ਨਹੀਂ ਸੀ ਸਕਦੀ। ਮਾਂ ਨੇ ਘਰ ਸੰਭਾਲਣਾ ਹੁੰਦਾ ਸੀ । ਉਨ੍ਹਾਂ ਕੋਲੋਂ ਝਿੜਕ ਝਾੜ ਕੇ ਕੰਮ ਨਾ ਲੈਂਦੀ ਤਾਂ ਕੌਣ ਸੰਭਾਲਦਾ ਏਨਾ ਵੱਡਾ ਘਰ। ਸਾਡੇ ਸਭ ਸਕੂਲ ਜਾਣ ਵਾਲੇ ਬੱਚਿਆਂ ਦੇ ਕੰਮ। ਬੱਸ ਇੱਕ ਹੀ ਦਲੀਲ- ਇਨ੍ਹਾਂ ਬਿਨ੍ਹਾਂ ਕੰਮ ਵੀ ਤਾਂ ਨਹੀਂ ਸਰਦਾ। ਇਸੇ ਤਰ੍ਹਾਂ ਕੁਝ ਅਮਰੀਕੀ ਗੋਰਿਆਂ ਨੇ ਕਿਹਾ ਸੀ ਕਿ ਦਾਸ ਪ੍ਰਥਾ ਖਤਮ ਕਰਨੀ ਉਚਿਤ-ਵਾਜਬ ਨਹੀਂ ਕਿਉਂਕਿ ਇਸ ਬਿਨਾਂ ਸਮਾਜ ਦਾ ਗੁਜ਼ਾਰਾ ਨਹੀਂ । ਸਾਰਾ ਅਰਥਚਾਰਾ ਵਿਗੜ ਜਾਵੇਗਾ । ਜੇਕਰ ਖੇਤ

# ਇੱਕ ਅਧੂਰੀ ਕਹਾਣੀ

ਸੁਸ਼ਮ ਬੇਦੀ

ਕਹਾਣੀ



ਰੋਮ ਦਾ 97 ਸਨ ਦਾ, ਇੰਗਲੈਂਡ ਲੱਭਾ, ਇਕ ਜਨਮਦਿਨ ਦੇ ਖਾਣੇ ਲਈ ਬਾਕਾਇਦਾ ਸੱਦਾਪੱਤਰ। ਇਕ ਔਰਤ ਵਲੋਂ ਦੂਜੀ ਨੂੰ।

ਵਾਹੁਣੇ ਹਨ ਤਾਂ ਕਾਲੇ ਦਾਸ-ਗੁਲਾਮ ਵਾਹੁਣਗੇ, ਫੈਕਟਰੀਆਂ ਵਿੱਚ ਉਹੋ ਹੀ ਪਿਸਦੇ ਸਨ, ਭਾਰ ਉਹ ਹੀ ਢੋਂਦੇ ਸਨ , ਇਨ੍ਹਾਂ ਦੇ ਮਹਿਲਾਂ ਵਰਗੇ ਮਕਾਨ ਉਹੀ ਬਣਾਉਂਦੇ ਸਨ, ਘਰ ਦੀ ਸਫ਼ਾਈ, ਖਾਣਾ- ਸਭ ਉਨ੍ਹਾਂ ਦੀ ਜ਼ਿੰਮੇ। ਗੋਰੇ ਕੇਵਲ ਪ੍ਰਬੰਧ ਕਰਦੇ , ਵੱਡੇ ਵੱਡੇ ਕੰਮ- ਲੇਖਾ ਰੱਖਣਾ, ਵਪਾਰ ਵਧਾਉਣਾ, ਕਾਲਿਆਂ 'ਤੇ ਹੰਟਰ ਚਲਾਉਣੇ, ਜ਼ਬਰਦਸਤੀ ਕੰਮ ਲੈਣੇ।

ਉਸ ਰਾਤ ਮੈਂ ਸੌਂ ਨਹੀਂ ਸਕੀ। ਸੌਣ ਤੋਂ ਪਹਿਲਾਂ ਟੀ.ਵੀ. ਉਤੇ ਖਬਰਾਂ ਦੇਖਣ ਲੱਗੀ ਤਾਂ ਉਸੇ ਕਾਲੇ ਲੜਕੇ ਦਾ ਚਿਹਰਾ ਸਕਰੀਨ 'ਤੇ ਛਪਿਆ ਹੋਇਆ ਸੀ। ਉਸ ਨਿੱਥੇ ਗਭਰੇਟ ਦੇ ਚੇਹਰੇ 'ਤੇ ਮੈਨੂੰ ਇੱਕ ਮਸੂਮ ਜਿਹਾ ਭੋਲਾਪਣ ਦਿਖਾਈ ਦੇ ਰਿਹਾ ਸੀ। ਸਰੀਰ ਜ਼ਰੂਰ ਵੱਡਾ ਸੀ ਉਸਦਾ। ਛੇ ਫੁੱਟ ਤੋਂ ਕੁਝ ਉਤੇ ਹੀ ਕੱਦ, ਲੰਮਾ ਉਚਾ,ਤਾਂਬੇ ਵਰਗਾ ਚਮਕਦਾ ਗੂੜ੍ਹਾ ਰੰਗ, ਵਾਲ ਘੁੰਘਰਾਲੇ, ਫਿਨਸੀਆਂ ਨਾਲ ਭਰਿਆ ਹੋਇਆ ਚਿਹਰਾ ਸੁੰਦਰ ਚਿਹਰਾ ਨਹੀਂ ਸੀ ਪਰ ਡਰਾਉਣਾ ਵੀ ਨਹੀਂ ਸੀ, ਇੱਕ ਲਾਪਰਵਾਹੀ ਜਿਹੀ ਸਾਰੀ ਦੁਨੀਆ ਵੱਲ ਤੇ ਆਪਣੇ ਵਾਲ।

ਪਰ ਇੰਝ ਹੁੰਦਾ ਹੈ ਤੇ ਅਕਸਰ ਹੁੰਦਾ ਹੈ ਕਿ ਲੋਕ ਲੰਮੇ ਉਚੇ, ਕਾਲੇ ਗਭਰੇਟਾਂ ਦੇ ਵੱਡੇ ਕੱਦ ਕਾਠ ਤੋਂ ਡਰ ਜਾਂਦੇ ਹਨ। ਕੀ ਇਸੇ ਕਰਕੇ ਪੁਲੀਸਮੈਨ ਡਰ ਗਿਆ ਤੇ ਉਸ ਵਿਚਾਰੇ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਬੇਪਰਵਾਹੀ ਜ਼ਰੂਰ ਸੀ ਉਸ ਦੇ ਚਿਹਰੇ ਉਤੇ, ਲਾਪਰਵਾਹੀ ਵੀ ਤੇ ਘਮੰਡ ਵੀ, ਜਵਾਨੀ ਦਾ ਤੇ ਖਾਸ ਕਰਕੇ ਕੱਚੀ ਜਵਾਨੀ ਦਾ। ਡਰ ਵੀ ਤਾਂ ਸੀ ਨਹੀਂ ਤਾਂ ਭੱਜਦਾ ਕਿਉਂ। ਪਰ ਕਿਉਂ ਨਫ਼ਰਤ ਭਰੀ ਹੈ ਇਨ੍ਹਾਂ ਦੇ ਦਿਲਾਂ ਵਿੱਚ, ਸਮਝ ਨਹੀਂ ਸਕਦਾ ਉਹ।

ਨਫਰਤ ਜੋ ਇਤਿਹਾਸਕ ਹੈ, ਪੈਦਾਇਸ਼ੀ

**ਇੱਥੇ ਉਂਝ ਤਾਂ ਲੋਕਤੰਤਰ ਹੈ ਪਰ ਕਿਸ ਕੋਲ ਤਾਕਤ ਹੋਵੇਗੀ ਤੇ ਕਿਸ ਕੋਲ ਨਹੀਂ, ਇਹ ਸਰੀਰ ਦੇ ਰੰਗ ਦੇ ਆਧਾਰ 'ਤੇ ਫੈਸਲਾ ਕੀਤਾ ਜਾਵੇਗਾ।**

ਹੈ, ਇਸ ਲਈ ਹੈ ਕਿ ਬਚਪਨ ਤੋਂ ਉਨ੍ਹਾਂ ਨੂੰ ਸਿਖਾਇਆ ਗਿਆ ਹੈ ਕਿ ਤੁਸੀਂ ਚੰਗੇਰੀ ਨਸਲ ਦੇ ਹੋ। ਤੁਹਾਡਾ ਗੋਰਾਪਣ ਹੀ ਤੁਹਾਡੇ ਉਤਮ ਹੋਣ ਦਾ ਪ੍ਰਮਾਣ-ਸਬੂਤ ਹੈ। ਕੇਵਲ ਸਰੀਰ ਦਾ ਰੰਗ ਹੀ ਇਹ ਦੱਸਣ ਲਈ ਕਾਫੀ ਹੈ ਕਿ ਤੁਹਾਨੂੰ ਦੁਨੀਆ ਦੇ ਵਧੀਆ, ਅਹਿਮ-ਮਹੱਤਵਪੂਰਣ ਕੰਮਾਂ ਲਈ ਚੁਣਿਆ ਗਿਆ ਹੈ। ਇੱਥੇ ਉਂਝ ਤਾਂ ਲੋਕਤੰਤਰ ਹੈ ਪਰ ਕਿਸ ਕੋਲ ਤਾਕਤ ਹੋਵੇਗੀ ਤੇ ਕਿਸ ਕੋਲ ਨਹੀਂ, ਇਹ ਸਰੀਰ ਦੇ ਰੰਗ ਦੇ ਆਧਾਰ 'ਤੇ ਫੈਸਲਾ ਕੀਤਾ ਜਾਵੇਗਾ। ਤੁਹਾਡੇ ਬੱਚੇ ਉਤਮ ਸਕੂਲਾਂ ਵਿੱਚ ਨਹੀਂ ਜਾ ਸਕਣਗੇ ਕਿਉਂਕਿ ਉਨ੍ਹਾਂ ਦਾ ਰੰਗ ਤੁਹਾਡੇ ਵਰਗਾ ਹੈ, ਉਹ ਵੀ ਉਸੇ ਤਰਾਂ ਸਮਾਜ ਦੀ ਉਤਮਤਾ ਤੋਂ ਵਾਂਝੇ ਰਹਿਣਗੇ ਜਿਵੇਂ ਤੁਸੀਂ।

ਘਰ ਆ ਕੇ ਗੱਲਬਾਤ ਜਾਰੀ ਰਹੀ ਤਾਂ ਮੈਂ ਪੁਛਿਆ, ''ਕੀ ਤੁਸੀਂ ਜਾਣਦੇ ਸੀ ਉਸ ਲੜਕੇ ਨੂੰ ?''

ਜਾਣਦਾ ਸੀ ? ...ਹਾਂ ਜ਼ਰੂਰ ਜਾਣਦਾ ਸੀ। ਜਾਣਦਾ ਸੀ ਕਿ ਉਹ ਕਿੰਨਾ ਭੋਲਾ ਤੇ ਨਰਮ ਦਿਲ ਲੜਕਾ ਸੀ। ਗੁਸੈਲ ਜਰੂਰ ਸੀ, ਬਿਲਕੁਲ ਕਿਸ਼ੋਰਾਂ-ਅੱਲ੍ਹੜਾਂ ਦੀ ਤਰ੍ਹਾਂ ਪਰ ਫਾਲਤੂ ਝਗੜਿਆਂ ਵਿੱਚ ਨਹੀਂ ਸੀ ਪੈਂਦਾ। ਦੋਸਤਾਂ ਨਾਲ ਮਿਲ ਕੇ ਭਾਵੇਂ ਕਿੰਨਾ ਹੀ ਖੱਪਖਾਨਾ ਮਚਾ ਲਵੇ ਪਰ ਅਪਰਾਧ-ਜੁਰਮ ਵਰਗੀ ਕਿਸੇ ਚੀਜ਼ ਨਾਲ ਉਸਦੀ ਕੋਈ ਵਾਕਫੀਅਤ ਨਹੀਂ ਸੀ। ਮਾਂ ਸਿਖਾਉਂਦੀ ਰਹਿੰਦੀ ਸੀ ਸਕੂਲ ਦਾ ਕੰਮ ਠੀਕ ਤਰ੍ਹਾਂ ਨਾਲ ਕਰਿਆ ਕਰ, ਕਿਸੇ ਬੁਰੀ ਸੰਗਤ ਵਿੱਚ ਨਹੀਂ ਪੈਣਾ। ਦੋਸਤ ਤਾਂ ਉਸਦੇ ਸਾਰੇ ਗਵਾਂਢ ਦੇ ਕਾਲੇ ਲੜਕੇ ਹੀ ਸਨ । ਕੁਝ ਸ਼ੈਤਾਨ ਸਨ, ਕੁਝ ਭੋਲੇ। ਪਰ ਉਹਨੇ ਕੋਈ ਗਲਤ ਕੰਮ ਨਹੀਂ ਕੀਤਾ। ਕੋਈ ਐਹੋ ਜਿਹੀ ਸ਼ਿਕਾਇਤ ਕਦੇ ਨਹੀਂ ਆਈ । ਹਾਂ ਭੱਜਿਆ ਜ਼ਰੂਰ ਸੀ, ਪੁਲੀਸ ਦੇ ਡਰ ਤੋਂ ਭੱਜਿਆ ਸੀ। ਇਹੋ ਉਸ ਦਾ ਕਸੂਰ ਸੀ। ਕਾਸ਼ ਮੈਂ ਉਥੇ ਹੁੰਦਾ ਤੇ ਉਹਨੂੰ ਸਲਾਹ ਦੇ ਸਕਦਾ ਕਿ ਬੱਚੇ, ਭੱਜਣ ਦੀ ਕੋਈ ਜ਼ਰੂਰਤ ਨਹੀਂ । ਤੂੰ ਕੋਈ ਅਪਰਾਧ-ਜੁਰਮ ਨਹੀਂ ਕੀਤਾ। ਮੈਦਾਨ ਵਿੱਚ ਖੇਡਣਾ,ਹੱਸਣਾ,ਸ਼ੋਰ ਮਚਾਉਣਾ ਵੀ ਜੇਕਰ ਅਪਰਾਧ ਹਨ ਤਾਂ ਲਾਅਨਤ ਹੈ ਇਸ ਦੇਸ਼ ਉਤੇ 'ਤੇ ਇੱਥੋਂ ਦੀ ਆਜ਼ਾਦੀ ਉਤੇ।

ਉਸ ਰਾਤ ਮੈਂ ਸੌਂ ਨਹੀਂ ਸਕੀ। ਫਿਰ ਵੀ ਲੱਗਾ ਕਿ ਇਹ ਕਹਾਣੀ ਨਹੀਂ ਲਿਖ ਸਕਦੀ ਮੈਂ । ਮੈਨੂੰ ਕੀ ਪਤਾ ਉਹ ਲੜਕਾ ਜਦੋਂ ਭੱਜਿਆ ਤਾਂ ਉਸਦੇ ਮਨ ਵਿੱਚ ਕੀ ਸੀ। ਹੋ ਸਕਦਾ ਹੈ ਉਹ ਆਪਸ ਵਿੱਚ ਮਿਲ ਕੇ ਕੋਈ ਸ਼ੈਤਾਨੀ ਕਰਨ ਬਾਰੇ ਸੋਚ ਰਹੇ ਹੋਣ। ਇਸੇ ਕਰਕੇ ਪੁਲੀਸ ਦੀ ਗੱਡੀ ਵੇਖਕੇ ਭੱਜ ਖਲੋਤੇ। ਪੁਲੀਸ ਨੇ ਰੋਕਿਆ ਤਾਂ ਉਹ ਤੇਜ਼ੀ ਨਾਲ ਭੱਜ ਪਏ ਤਾਂ ਉਨ੍ਹਾਂ ਨੂੰ ਰੋਕਣ ਲਈ ਪੁਲੀਸ ਨੂੰ ਗੋਲੀ ਚਲਾਉਣੀ ਪਈ। ਉਂਝ ਖਬਰਾਂ ਵਿੱਚ ਤਾਂ ਇਹ ਕਿਹਾ ਗਿਆ ਹੈ ਕਿ

# ਇੱਕ ਅਧੂਰੀ ਕਹਾਣੀ

ਸੁਸ਼ਮ ਬੇਦੀ

ਕਹਾਣੀ




ਪੰਜਾਬ ਬੀਘਾ ਬਰਗੇਡ ਬੀਬੀਆਂ :
ਸ਼ਾਮਲਾਟਾਂ ਲਈ ਕਮਰਕੱਸੇ

ਪੁਲੀਸ ਕਨਸਟੇਬਲ ਨੂੰ ਜਾਪਿਆ ਕਿ ਲੜਕਾ ਉਸ ਉਤੇ ਹਮਲਾ ਕਰਨ ਲੱਗਾ ਹੈ, ਤਾਂ ਗੋਲੀ ਚਲਾਈ । ਜਦੋਂ ਚਲਾਈ ਤਾਂ ਇੱਕ ਗੋਲੀ ਨਹੀਂ ਚਾਰ ਪੰਜ ਇਕੱਠੀਆਂ ਚਲਾਈਆਂ ਤਾਂ ਜੋ ਮਿੰਟਾਂ ਵਿੱਚ ਹੀ ਖਤਰਾ ਟਲ ਜਾਵੇ। ਜਵਾਨ ਲੜਕਿਆਂ ਦਾ ਟੋਲਾ ਅਧੇੜ-ਅਧਖੜ ਕਿਸਮ ਦੇ ਹੰਢੇ ਵਰਤੇ ਪੁਲੀਸ ਅਫਸਰਾਂ ਨੂੰ ਡਰਾਅ ਵੀ ਤਾਂ ਦਿੰਦਾ ਹੈ, ਤੇ ਫੇਰ ਆਪਣੀ ਸੁਰੱਖਿਆ ਲਈ ਦੂਜਿਆ ਨੂੰ ਮਾਰ ਸੁੱਟਣਾ ਤਾਂ ਗੈਰ-ਕਨੂੰਨੀ ਵੀ ਨਹੀਂ।

ਇਨ੍ਹਾਂ ਗਭਰੇਟਾਂ ਵਿੱਚ ਪੁਲੀਸ ਦੀ ਇੰਨੀ ਦਹਿਸ਼ਤ ! ਪੁਲੀਸ ਇਨ੍ਹਾਂ ਦੀ ਰੱਖਿਅਕ-ਰਾਖੀ ਨਹੀਂ ਇਨ੍ਹਾਂ ਲਈ ਇੱਕ ਰਾਖਸ਼ੀ ਸ਼ਕਤੀ ਹੈ ਜਿਸ ਕੋਲੋਂ ਕੇਵਲ ਡਰਿਆ ਹੀ ਜਾ ਸਕਦਾ ਹੈ, ਸੁਰੱਖਿਆ ਦਾ ਕੋਈ ਭਰੋਸਾ ਨਹੀਂ।

ਮੈਂ ਜਦੋਂ ਪੁਲੀਸ ਦੀ ਗੱਡੀ ਵੇਖਦੀ ਹਾਂ ਤਾਂ ਭਰੋਸਾ ਜਿਹਾ ਬੱਝਦਾ ਹੈ। ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀ ਹਾਂ। ਜੇ ਰਸਤਾ ਭੁੱਲ ਜਾਵਾਂ ਤਾਂ ਜਾਣਦੀ ਹਾਂ ਕਿ ਇਹ ਸਹੀ ਰਸਤੇ 'ਤੇ ਪਾ ਦੇਣਗੇ। ਪਰ ਇਨ੍ਹਾਂ ਗਭਰੇਟਾਂ ਦੀ ਇਸ ਤਰ੍ਹਾਂ ਦੀ ਪ੍ਰਤੀਕ੍ਰਿਆ(ਹੁੰਗਾਰਾ) ਕਿਉਂ ਨਹੀਂ ਹੁੰਦੀ ?

ਇਨ੍ਹਾਂ ਸੋਚਾਂ ਦੇ ਦਰਮਿਆਨ ਮੈਂ ਉਸ ਤੋਂ ਪੁੱਛਿਆ, ''ਤੁਹਾਨੂੰ ਇਸ ਲੜਕੇ ਨਾਲ ਏਨੀ ਹਮਦਰਦੀ ਕਿਉਂ ਹੈ ? ਕੀ ਤੁਹਾਡਾ ਰਿਸ਼ਤੇਦਾਰ ਹੈ ? ''

''ਮੈਂ ਤਾਂ ਨਿਆਂ ਦੀ ਮੰਗ ਕਰ ਰਿਹਾ ਹਾਂ, ਉਹਨੂੰ ਨਿਆਂ ਦਿਵਾਉਣ ਲਈ ਲੜ ਰਿਹਾ ਹਾਂ। ਬੱਸ, ਤੁਸੀਂ ਅਜਿਹੀ ਕਹਾਣੀ ਲਿਖੋ ਕਿ ਲੋਕ ਉਹਦੀ ਅੰਤਰਆਤਮਾ ਨੂੰ ਸਮਝ ਸਕਣ, ਉਹਦੇ ਅੰਦਰਲੀ ਮਸੂਮ ਸੱਚਾਈ ਨੂੰ ਸਮਝ ਸਕਣ, ਉਸਦੀ ਜਵਾਨੀ 'ਤੇ ਟੁੱਟੇ ਕਹਿਰ ਤੇ ਬੇਇਨਸਾਫੀ ਬਾਰੇ ਜਾਣ ਸਕਣ। ਆਖਰਕਾਰ ਕਿਉਂ, ਕਿਉਂ ਹਰ ਕਾਲਾ ਲੜਕਾ

ਇਨ੍ਹਾਂ ਸੋਚਾਂ ਦੇ ਦਰਮਿਆਨ ਮੈਂ ਉਸ ਤੋਂ ਪੁੱਛਿਆ, ''ਤੁਹਾਨੂੰ ਇਸ ਲੜਕੇ ਨਾਲ ਏਨੀ ਹਮਦਰਦੀ ਕਿਉਂ ਹੈ ? ਕੀ ਤੁਹਾਡਾ ਰਿਸ਼ਤੇਦਾਰ ਹੈ ? ''

ਜਵਾਨ ਹੁੰਦੇ ਹੁੰਦੇ ਇਸ ਸਮਾਜ ਦਾ ਸਰਾਪ ਬਣ ਜਾਂਦਾ ਹੈ। ਕਿਉਂ ਉਹਨੂੰ ਸਾਧਾਰਣ ਜੀਵਨ ਜੀਣ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਜਾਂਦਾ ਹੈ ? ਉਹਦਾ ਗਲਾ ਖੁੱਲ੍ਹਣ ਤੋਂ ਪਹਿਲਾਂ ਹੀ ਕਿਉਂ ਘੋਟ ਦਿੱਤਾ ਜਾਂਦਾ ਹੈ। ਜਾਂ ਤਾਂ ਪੁਲੀਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਜਾਂਦੇ ਨੇ ਜਾਂ ਫਿਰ ਜੇਲ੍ਹਾਂ ਵਿੱਚ ਸੜ ਕੇ ਸਾਰੀ ਉਮਰ ਕੱਟ ਦਿੰਦੇ ਨੇ। ਕਿਉਂ ? ''

ਮੈਂ ਉਸ ਵਿਅੱਕਤੀ ਪ੍ਰਤੀ ਹੱਸਾਸ-ਸੰਵੇਦਨਸ਼ੀਲ ਹੋ ਰਹੀ ਸੀ ਜਦੋਂ ਕਿ ਮੇਰੇ ਅੰਦਰ ਕੋਈ ਕਹਾਣੀ ਆਕਾਰ-ਸ਼ਕਲ ਨਹੀਂ ਲੈ ਰਹੀ ਸੀ। ਮੈਂ ਉਹਨੂੰ ਅਜਿਹਾ ਕੋਈ ਵਚਨ ਨਹੀਂ ਦੇਣਾ ਚਾਹੁੰਦੀ ਸੀ ਕਿ ਮੈਂ ਉਸ ਲੜਕੇ ਦੇ ਬਾਰੇ ਵਿੱਚ ਲਿਖਾਂਗੀ। ਫਿਰ ਵੀ ਮੇਰਾ ਉਹਦੇ ਨਾਲ ਇੱਕ ਡੂੰਘਾ ਰਿਸ਼ਤਾ ਬਣੀ ਗਿਆ। ਉਹ ਮੇਰੇ ਘਰ ਠਹਿਰ ਸਕਦਾ ਹੈ, ਮੈਂ ਆਖਿਆ। ਅਸੀਂ ਅਕਸਰ ਲੰਬਾ ਸਮਾਂ ਬਿਤਾਉਂਦੇ । ਮੈਨੂੰ ਉਹਦੀ ਉਡੀਕ ਰਹਿਣ ਲੱਗ ਪਈ। ਕਦੇ ਕਦਾਈਂ ਉਹਨੂੰ ਆਪਣੇ ਕੋਲ ਬੁਲਾਅ ਲੈਂਦੀ। ਉਹ ਹਮੇਸ਼ਾ ਕੋਈ ਨਾ ਕੋਈ ਢੰਗ ਲੱਭ ਹੀ ਲੈਂਦਾ, ਨਾਲ ਸਮਾਂ ਬਿਤਾਉਣ ਦਾ। ਕੋਈ ਗੁਮਨਾਮ ਜਿਹਾ ਰਿਸ਼ਤਾ ਬਣਦਾ ਜਾ ਰਿਹਾ ਸੀ ਸਾਡੇ ਦੋਵਾਂ ਦੇ ਵਿਚਕਾਰ ! ਉਹਦਾ ਆਉਣਾ ਮੈਨੂੰ ਚੰਗਾ ਲੱਗਦਾ। ਕਿਧਰੇ ਨਾ ਕਿਧਰੇ ਮਨ ਵਿੱਚ ਉਡੀਕ ਬਣੀ ਰਹਿੰਦੀ।

ਫਿਰ ਇੱਕ ਵਾਰੀ ਮੈਂ ਉਹਨੂੰ ਪੁੱਛਿਆ, '' ਅਮਰੀਕਾ ਵਿੱਚ ਕਈ ਸ਼ਹਿਰਾਂ ਵਿੱਚ ਅਜਿਹੇ ਬੇਇਨਸਾਫੀ ਵਾਲੇ ਹਾਦਸੇ ਹੋਏ ਹਨ, ਤੁਹਾਡੀ ਮਾਈਕਲ ਵਿੱਚ ਹੀ ਦਿਲਚਸਪੀ ਕਿਉਂ ਹੈ ? ''

ਉਹ ਚੁੱਪ ਰਿਹਾ ਪਰ ਉਸ ਦੀਆਂ ਅੱਖਾਂ ਕਾਫੀ ਕੁਝ ਕਹਿ ਰਹੀਆਂ ਸਨ। ਕਿੰਨੀ ਪੀੜ,ਕਿੰਨਾ ਖਾਲੀਪਣ, ਕਿੰਨੀ ਲਾਚਾਰੀ ਸੀ ਉਹਦੀਆਂ ਅੱਖਾਂ ਵਿੱਚ ! ਪਲਾਂ ਵਿੱਚ ਹੀ ਜਿਵੇਂ ਦੁੱਖਾਂ ਦੇ ਪਰਨਾਲੇ ਵਗ ਉਠੇ ।

''ਤੁਸੀਂ ਸੱਚੀਂ ਜਾਨਣਾ ਚਾਹੁੰਦੇ ਓ?''

ਮੈਂ ਉਹਦੀਆਂ ਅੱਖਾਂ ਵਿੱਚ ਝਲਕਦੇ ਹੋਈ ਪੀੜ ਦੇ ਪਰਛਾਵਿਆਂ ਵਿੱਚੋਂ ਕੁੱਝ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ।

''ਮੇਰਾ ਬੇਟਾ ਸੀ ਉਹ । ''

'' ਓਹ ? ਅੱਛਾ ਤਾਂ .......? ''

'' ਅਫਰੀਕੀ ਅਮਰੀਕਨ ਨਾਲ ਸ਼ਾਦੀ ਕੀਤੀ ਸੀ। ਮੇਰੇ ਨਾਲ ਕਾਲਜ ਵਿੱਚ ਸੀ। ਬਹੁਤ ਪਿਆਰ ਸੀ ਅਸਾਡਾ , ਸਾਡੇ ਪਿਆਰ ਦੀ ਸੰਤਾਨ ਸੀ ਉਹ। '' ਮੈਂ ਚੁੱਪ ਸੀ।

ਕਿਵੇਂ ਬਰਦਾਸ਼ਤ ਕੀਤਾ ਹੋਵੇਗਾ ਦੋਵ੍ਹਾਂ ਨੇ, ਇੱਕੋ ਇੱਕ ਸੰਤਾਨ ਨੂੰ ਇਸ ਤਰ੍ਹਾਂ ਗੰਵਾਅ ਦੇਣਾ। ਇੱਕ ਬੇਕਸੂਰ, ਨਿਰਦੋਸ਼ ਬੱਚੇ ਦਾ ਪੁਲੀਸ ਦੇ ਹੱਥੋਂ ਬਲੀ ਹੋਣਾ।

'' ਮੈਨੂੰ ਅਫਸੋਸ ਹੈ । ਏਨਾ ਕੁਝ ਬੀਤ ਗਿਆ ਤੁਹਾਡੇ ਨਾਲ ......ਤੇ ਤੁਹਾਡੀ ਪਤਨੀ ? ''

'' ਹਾਂ ਮੇਰੀ ਪਤਨੀ ! .......'' ਉਹਨੇ

# ਇੱਕ ਅਧੂਰੀ ਕਹਾਣੀ

ਸੁਸ਼ਮ ਬੇਦੀ

ਕਹਾਣੀ



ਕਸ਼ਮੀਰ 1903

ਭਰੇ ਹੋਏ ਗਲੇ ਨਾਲ ਹਉਕਾ ਲਿਆ। ਲੱਗਾ ਹੁਣੇ ਫੁੱਟ ਫੁੱਟ ਕੇ ਰੋ ਪਵੇਗਾ। ਉਹਨੂੰ ਆਪਣਾ ਦਰਦ ਸੰਭਾਲਣਾ ਬੇਹੱਦ ਮੁਸ਼ਕਿਲ ਲੱਗ ਰਿਹਾ ਸੀ।

'' ਉਹ ..ਉਹ ...'' ਇਸ ਤੋਂ ਅੱਗੇ ਉਹਦੇ ਮੂੰਹ ਵਿੱਚੋਂ ਸ਼ਬਦ ਨਹੀਂ ਸਨ ਨਿਕਲ ਰਹੇ। ਉਹ ਚੁੱਪਚਾਪ ਜ਼ਮੀਨ 'ਤੇ ਅੱਖਾਂ ਟਿਕਾਈ ਬੈਠਾ ਸੀ। ਮੇਰੀ ਹਿੰਮਤ ਨਹੀਂ ਪਈ ਕਿ ਉਸ ਕੋਲੋਂ ਅੱਗੇ ਕੋਈ ਸਵਾਲ ਪੁੱਛਾਂ ।

'' ਪਾਗਲ ਹੋ ਗਈ ਸੀ ਉਹ ! '' ਉਹਨੇ ਕਿਹਾ। ਮੇਰੀਆਂ ਸਵਾਲੀਆ ਨਜ਼ਰਾਂ ਉਸ ਤੇ ਟਿਕੀਆਂ ਹੋਈਆਂ ਸਨ।

'' ਮੇਰੇ ਨਾਲੋਂ ਕਿਧਰੇ ਜ਼ਿਆਦਾ ਪਿਆਰ ਕਰਦੀ ਸੀ ਉਹ ਉਹਨੂੰ , ਮਾਂ ਸੀ ਨਾ , ਮਾਂ ਦਾ ਦਿਲ ਕਮਜ਼ੋਰ ਹੁੰਦੈ, ਜਵਾਨ, ਹਸਮੁਖ, ਜਿਊਂਦਾ ਜਾਗਦਾ, ਹੱਸਦਾ ਖੇਡਦਾ ਬੇਟਾ ਜਦੋਂ ਸ਼ਾਮ ਨੂੰ ਘਰ ਵਾਪਸ ਨਹੀਂ ਆਉਂਦਾ ਤੇ ਘਰ ਵਾਪਸ ਆਉਂਦੀ ਐ ਉਹਦੀ ਖ਼ੂਨ ਨਾਲ ਲੱਥਪੱਥ ਲੋਥ। ਉਹ ਵੀ ਸਿੱਧੀ ਘਰ ਨਹੀਂ ਆਉਂਦੀ ਉਹਨੂੰ ਲੱਭਣ ਲਈ ਪੁਲੀਸ ਸਟੇਸ਼ਨ ਜਾਣਾ ਪੈਂਦੈ। ਲਾਵਾਰਿਸ ਨੰਗੀ ਲਾਸ਼ ਪਈ ਰਹਿੰਦੀ ਐ ਜ਼ਮੀਨ 'ਤੇ , ਘੰਟਿਆਂ ਬਾਅਦ ਬੜੇ ਆਰਾਮ ਨਾਲ ਜਾਂਦੀ ਹੈ ਲਾਸ਼ ਉਠਾਉਣ ਵਾਲੀ ਗੱਡੀ। ਸ਼ਾਇਦ ਜੇ ਕੁਝ ਸਮਾਂ ਪਹਿਲਾਂ ਹਸਪਤਾਲ ਲਿਜਾਇਆ ਜਾਂਦਾ ਤਾਂ ਬਚ ਵੀ ਸਕਦਾ ਸੀ। ਸਰੀਰ ਦਾ ਸਾਰਾ ਖ਼ੂਨ ਨੁੱਚੜ ਸੁੱਕਾ ਸੀ, ਨਬਜ਼ ਠੰਡੀ ਪੈ ਚੁੱਕੀ ਸੀ। ਇੱਕ ਠੰਡੀ ਮੌਤ ਦਾ ਐਲਾਨ। ਉਨ੍ਹਾਂ ਰਗਾਂ ਵਿੱਚ ਵਗਦੇ ਗਰਮ ਖ਼ੂਨ ਦਾ ਇਸ ਹੱਦ ਤੱਕ ਠੰਡਾਪਣ, ਜਿਵੇਂ ਅੱਗ ਦੇ ਗੋਲੇ ਨੂੰ ਬਰਫ ਦੀ ਠੰਡੀ ਝੀਲ ਵਿੱਚ ਗੱਡ ਦਿੱਤਾ ਗਿਆ ਹੋਵੇ। ਤੁਸੀਂ ਆਪ ਹੀ ਸੋਚੋ ਕੀ ਹੋਇਆ ਹੋਵੇਗਾ ਉਸਦਾ ਹਾਲ! ''

ਮੈਂ ਆਪਣਾ ਸਾਹ ਰੋਕ ਕੇ ਇੱਕ ਸੁਣਨ

ਪਤਾ ਨਹੀਂ ਕਿੰਨਾ ਕੁ ਵੱਡਾ ਦਿਲ ਹੋਵੇਗਾ ਉਹਦਾ ! ਮਾਫ ਕਰ ਦਿੱਤੈ ਉਹਨੇਂ। ਰੋਂਦੀ ਰਹਿੰਦੀ ਏ ਤੇ ਰੱਬ ਕੋਲੋਂ ਮਨ ਦੀ ਸ਼ਾਂਤੀ ਮੰਗਦੀ ਰਹਿੰਦੀ ਐ।

ਵਾਲੀ ਮਸ਼ੀਨ ਬਣੀ ਹੋਈ ਸਾਂ। ਸਰੀਰ ਦੇ ਰੌਂਗਟੇ ਕਿੱਲਾਂ ਦੀ ਤਰ੍ਹਾਂ ਸਖਤ ਹੋ ਗਏ ਸਨ।

'' ਉਹ ...ਉਹ'' ਰੋਣਾ ਛੁੱਟਣ ਨਾਲ ਉਹਦੀ ਆਵਾਜ਼ ਘਿਗਿਆ ਗਈ ਸੀ।

'' ਪਤਾ ਨਹੀਂ ਕਿੰਨਾ ਕੁ ਵੱਡਾ ਦਿਲ ਹੋਵੇਗਾ ਉਹਦਾ ! ਮਾਫ ਕਰ ਦਿੱਤੈ ਉਹਨੇਂ। ਰੋਂਦੀ ਰਹਿੰਦੀ ਏ ਤੇ ਰੱਬ ਕੋਲੋਂ ਮਨ ਦੀ ਸ਼ਾਂਤੀ ਮੰਗਦੀ ਰਹਿੰਦੀ ਐ। ਬੜੀ ਧਾਰਮਕ ਹੈ। ਹਰ ਐਤਵਾਰ ਚਰਚ ਜਾਂਦੀ ਐ। ਪਾਦਰੀ ਵੀ ਉਹਨੂੰ ਤਸੱਲੀ ਦਿੰਦੈ ਕਿ ਤੇਰੇ ਬੇਟੇ ਦਾ ਬਲਿਦਾਨ ਜ਼ਰੂਰ ਅੱਛਾ ਨਤੀਜਾ ਲੈ ਕੇ ਆਵੇਗਾ । ਵੇਖੋ ਨਾ, ਉਹਦੇ ਕੋਲ ਵੀ ਲਚਾਰੀ ਤੋਂ ਸਿਵਾਅ ਹੋਰ ਕੀ ਏ। ਅਕਸਰ ਘੋਰ ਉਦਾਸੀ ਵਿੱਚ ਚਲੀ ਜਾਂਦੀ ਏ। ਅੱਜਕੱਲ੍ਹ ਇਲਾਜ ਲਈ ਉਹ ਇੱਕ ਮਨੋਵਿਸ਼ਲੇਸ਼ਕ ਕੋਲ ਜਾ ਰਹੀ ਹੈ। ਬੜੀ ਅਜੀਬ ਹਾਲਤ ਹੈ ਉਸ ਦੀ। ਕਦੇ ਕਦੇ ਬਹੁਤ ਵਿਸ਼ਾਲ ਹਿਰਦੇ ਵਾਲੀ ਬਣ ਜਾਂਦੀ ਹੈ ਤੇ ਕਦੇ ਕਦੇ ਬੌਖਲਾ ਕੇ ਕਹਿੰਦੀ ਐ -''ਮੈਂ ਵੀ ਇਨ੍ਹਾਂ ਨੂੰ ਛੱਡਣ ਵਾਲੀ ਨਹੀਂ ''। ਪਰ ਵਿਚਾਰੀ ਕਰੇ ਵੀ ਤਾਂ ਕੀ ਕਰੇ। ਹਰ ਕਿਸੇ ਦੇ ਬੱਚੇ ਦੀ ਤਾਂ ਮਦਦ ਕਰਦੀ ਸੀ। ਉਨ੍ਹਾਂ ਨੂੰ ਸਹੀ ਰਸਤੇ 'ਤੇ ਚੱਲਣ ਦੀ ਸਿੱਖਿਆ ਦਿੰਦੀ ਸੀ 'ਤੇ ਆਪਣਾ ਹੀ ਬੇਟਾ .....ਕਿਵੇਂ ਸਹਿਣ ਕਰੇ।

'' ਬੱਸ ....ਜਿਸ ਦਿਨ ਤੋਂ ਅਰਥੀ ਉਠੀ ਐ ਉਹਦੀ ਜ਼ਿੰਦਗੀ ਤਹਿਸ ਨਹਿਸ ਹੀ ਹੋ ਗਈ ਐ। ਕਦੇ ਪੂਜਾ, ਕਦੇ ਸ਼ਿਕਾਇਤਾਂ, ਕਦੇ ਪਾਗਲਾਂ ਵਰਗਾ ਵਿਰਲਾਪ 'ਤੇ ਕਈ ਦਿਨਾਂ ਤੱਕ ਮੌਤ ਵਰਗੀ ਚੁੱਪ, ਇਸੇ ਲਈ ਤਾਂ ਤੁਹਾਡੇ ਕੋਲ .......''

ਉਹਨੇ ਕਿਸੇ ਤਰ੍ਹਾਂ ਨਾਲ ਸਿਰ ਚੁੱਕ ਕੇ ਮੇਰੇ ਵੱਲ ਵੇਖ ਕੇ ਅੱਖ ਮਿਲਾਈ ਤੇ ਬੋਲਿਆ, ''ਦੱਸੋ ਲਿਖੋਗੇ ਮੇਰੀ ਕਹਾਣੀ ?''

ਮੇਰੀਆਂ ਅੱਖਾਂ ਭਰੀਆਂ ਹੋਈਆਂ ਸਨ। ਸ਼ਬਦ ਤਾਂ ਸਨ ਹੀ ਨਹੀਂ ਮੇਰੇ ਕੋਲ। ਉਸ ਸਮੇਂ ਮੇਰੀ ਭਾਸ਼ਾ ਕੇਵਲ ਰੋ ਸਕਦੀ ਸੀ, ਕਿਸੇ ਛਟਪਟਾਉਂਦੇ-ਵਿਆਕੁਲ ਝਰਨੇ ਦੀ ਤਰ੍ਹਾਂ ਵਹਿ ਸਕਦੀ ਸੀ। ਉਹਨੂੰ ਕਹਾਣੀ ਵਿੱਚ ਕਿਵੇਂ ਢਾਲ ਸਕਦੀ ਸੀ ?

ਕਿਵੇਂ ਲਿਖਾਂਗੀ ਇਹਦੀ ਕਹਾਣੀ। ਇਹ ਤਾਂ ਇਹਦੀ ਲੜਾਈ ਐ ਜੀਹਨੂੰ ਜਾਰੀ ਰੱਖਣ ਲਈ ਉਹਨੇ ਕਹਾਣੀ ਕਹਿਣੀ ਐ। ਪਰ ਮੈਂ ਕੀ ਛੂਹ ਪਾਵਾਂਗੀ ਉਸ ਦੇ ਦਰਦ ਦੇ ਭੇਦ ਨੂੰ! ਕਿਵੇਂ ਲਿਖੀ ਜਾਵੇਗੀ ਇਹ ਕਹਾਣੀ। ਕਿੱਥੇ ਅਤੇ ਕਿਵੇਂ ਖਤਮ ਕਰਨੀ ਹੋਵੇਗੀ ਇਹ ਕਹਾਣੀ !

ਪੰਜਾਬੀ: ਸੁਖਪਾਲ ਸਿੰਘ ਹੁੰਦਲ
98145-28282
('ਹੰਸ' ਹਿੰਦੀ ਦਿੱਲੀ ਸਤੰਬਰ 2015)

# ਟੋਮੈਟੋ ਸੂਪ

## ਦਵਿੰਦਰ ਕੌਰ

ਇਕ ਵਾਰ ਦੀ ਗੱਲ ਹੈ ਇਕ ਮੁੰਡਾ ਹੁੰਦਾ ਸੀ ਤੇ ਉਸਨੂੰ ਇਕ ਕੁੜੀ ਨਾਲ ਪਿਆਰ ਸੀ, ਤੇ ਉਸਦਾ ਹਾਸਾ ਇਕ ਸੁਆਲ ਸੀ ਜਿਸ ਦਾ ਜੁਆਬ ਉਹ ਆਪਣੀ ਸਾਰੀ ਜ਼ਿੰਦਗੀ ਲਾ ਕੇ ਲੱਭਦਾ ਰਹਿਣਾ ਚਾਹੁੰਦਾ ਸੀ।

– ਨਿਕੋਲੇ ਕ੍ਰੌਸ, ਦ ਹਿਸਟਰੀ ਆਫ਼ ਲਵ

ਕਹਾਣੀ



–ਜੇ ਤੁਸੀਂ ਇਹ ਦੇਖਣਾ ਹੋਵੇ ਕਿ ਸਮਾਜ ਕਿੰਨਾ ਕੁ ਸੱਭਿਅ ਜਾਂ ਸ਼ਿਸ਼ਟ ਹੈ ਤਾਂ ਇਹ ਦੇਖੋ ਉਥੋਂ ਦੇ ਲੋਕ ਆਪਣੀਆਂ ਔਰਤਾਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦੇ ਹਨ। –ਬਚਾ ਖਾਨ

ਇਹ ਸਤਰਾਂ ਫੇਸਬੁੱਕ ਤੇ ਪੜ੍ਹ ਕੇ ਮਿਸਿਜ਼ ਬਰਾੜ ਆਪ ਮੁਹਾਰੇ ਬੋਲੀ : ਕਿੰਨੀ ਗਹਿਰੀ ਗੱਲ ਕਹੀ ਹੈ ਇਸ ਲੇਖਕ ਨੇ,ਸਾਡੇ ਸਮਾਜ ਦੀ ਹੋਂਦ ਇਹਨਾਂ ਸਭ ਚੀਜ਼ਾਂ ’ਤੇ ਹੀ ਤਾਂ ਨਿਰਭਰ ਕਰਦੀ ਹੈ,ਅਸੀਂ ਔਰਤਾਂ ਸਾਰੀ ਜ਼ਿੰਦਗੀ ਆਪਣੇ ਪਤੀ ਤੋਂ ਸਿਰਫ਼ ਇੱਜ਼ਤ ਹੀ ਮੰਗਦੀਆਂ ਹਾਂ ਤੇ ਉਹ ਵੀ ਸਾਨੂੰ ਨਸੀਬ ਨਹੀਂ ਹੁੰਦੀ। ਬਚਪਨ ਪਿਓ ਦੀਆਂ ਝਿੜਕਾਂ ’ਚ ਲੰਘਦੈ,ਜਵਾਨੀ ਵੱਡੇ ਵੀਰ ਦੇ ਡਰ ਨਾਲ, ਫੇਰ ਵਿਆਹ ਤੋਂ ਬਾਅਦ ਪਤੀ ਦੀਆਂ ਗਾਲ੍ਹਾਂ ਤੇ ਸੁਹਰਿਆਂ ਦੇ ਤਾਨੇ-ਮਿਹਣੇ ਅਤੇ ਬੁਢਾਪਾ ਜੁਆਕਾਂ ਦੇ ਸਿਰ ’ਤੇ, ਕੀ ਕਰੇ ਇੱਕ ਆਮ ਔਰਤ ਜਿਸ ਦੀ ਸਾਰੀ ਉਮਰ ਇਹੋ ਧੰਦੇ ਪਿੱਟਦੀ ਦੀ ਲੰਘਦੀ ਹੈ। ਇਹ ਸੋਚਦੀ ਮਿਸਿਜ਼ ਬਰਾੜ ਬੋਲੀ: ਮੈਂ ਇਹ ਸਭ ਕੀ ਸੋਚਣ ਲੱਗੀ! ਬਰਾੜ ਸਾਹਿਬ ਤੋਂ ਚੰਗਾ ਪਤੀ ਕੋਈ ਹੋਣਾ ਭਲਾ, ਕਦੇ ਉਹਨਾਂ ਮੈਨੂੰ ਕਿਸੇ ਚੀਜ਼ ਲਈ ਰੋਕਿਆ ਟੋਕਿਆ ਨਹੀਂ। ਚੱਲ ਉਠ ਮਨਾ, ਚੱਲੀਏ, ਆਪਣੇ Ipad ਨੂੰ ਬੰਦ ਕਰ। ਬਾਕੀ ਦੇ ਚਾਰ ਘੰਟੇ ਦੀ ਸ਼ਿਫਟ ਪੂਰੀ ਕਰਨ ਲਈ ਮੁੜ ਤਿਆਰ। “ਓਕੇ ਗਰਲਜ਼ ਲੇਟਸ ਗੈਟ ਬੈਕ ਟੂ ਦ ਜੌਬ....”

ਆਪਣੀ ਦਸ ਵਰਿਆਂ ਦੀ ਜੌਬ ਵਿੱਚ ਅੱਜ ਪਹਿਲੀ ਵਾਰ ਸੋਲਾਂ ਘੰਟੇ ਲਗਾਤਾਰ ਕੰਮ ਕਰ ਰਹੀ ਸੀ। ਸਟੇਟ ਵਿੱਚ ਫਲੂ ਨਾਲ ਕਈ ਮੌਤਾਂ ਹੋ ਗਈਆਂ ਸਨ। ਸਟਾਫ਼ ਦੇ ਕਈ ਮੈਂਬਰ ਬੀਮਾਰ ਸਨ ਤੇ ਹਰ ਕੋਈ ਡਬਲ ਸ਼ਿਫਟ ਲਾਉਣ ਨੂੰ ਮਜਬੂਰ ਸੀ। ਐਮਰਜੈਂਸੀ ਵਾਰਡ ਮਰੀਜ਼ਾਂ ਨਾਲ ਭਰਿਆ ਪਿਆ, “ਉਫ਼!!! ਓ ਮਾਇ ਗੌਡ!” ਮਿਸਿਜ਼ ਬਰਾੜ ਨੇ ਠੰਡਾ ਹਉਕਾ ਲੈ ਕੇ ਕਿਹਾ, ਤੇ ਰਜਿਸਟਰ ਤੋਂ ਨਾਮ ਪੜ੍ਹ ਕੇ “ਅੰਗਦ ਬਾਜਵਾ” ਕਹਿ ਕੇ ਹਾਕ ਮਾਰੀ, ਤਾਂ ਇੱਕ ਨਿੱਕਾ ਜਿਹਾ ਮਾਸੂਮ ਚਿਹਰਾ, ਬਿੱਲੀਆਂ ਅੱਖਾਂ ਵਾਲਾ ਚਾਰ ਕੁ ਸਾਲ ਦਾ ਜਵਾਕ, ਯੈਲੋ ਲਾਇਨ ਨੂੰ ਫਾਲੋ ਕਰਦਾ ਅੰਦਰ ਆ ਗਿਆ, ਉਹਦੀ ਮਾਂ ਪਿਛੇ ਪਿਛੇ ਆ ਖੜ੍ਹੀ ਹੋਈ ਤੇ ਸਹਿਮੀ ਜਿਹੀ ਅਵਾਜ਼ ’ਚ ਬੋਲੀ, “ਹੈਲੋ ਮਿਸਿਜ਼ ਬਰਾੜ”, ਤਾਂ ਯੱਕ ਦਮ ਉਹਨੇ ਸਿਰ ਉੱਤੇ ਚੁੱਕਿਆ ਤੇ ਮੁਸਕਰਾਉਂਦੀ ਹੋਈ ਬੋਲੀ, “ਓ ਮਾਇ ਗੌਡ! ਰਾਜਵੀਰ! ਇਜ਼ ਦੈਟ ਯੂ? ਆਫ਼ਟਰ ਸਚ ਆ ਲੌਂਗ ਟਾਈਮ ਹਨੀ,ਹੈਵ ਏ ਸੀਟ ਪਲੀਜ਼...”


ਬੱਚੇ ਦੇ ਵਾਈਟਲ ਸਾਈਨ ਚੈੱਕ ਕਰਨ ’ਤੇ ਪਤਾ ਲੱਗਿਆ, ਉਹਨੂੰ ਬਹੁਤ ਤੇਜ਼ ਬੁਖ਼ਾਰ ਤੇ ਪੇਟ ਵਿੱਚ ਸਿਵੀਅਰ ਇਨਫ਼ੈਕਸ਼ਨ ਹੈ ਜਿਸ ਕਰਕੇ ਉਹਨੂੰ ਤੁਰੰਤ ਹਸਪਤਾਲ ਦਾਖਿਲ ਕਰਨਾ ਪੈਣੈਂ । ਡਰੀ ਸਹਿਮੀ ਹੋਈ ਰਾਜਵੀਰ ਮੁੜ ਮੁੜ ਅੰਗਦ ਦਾ ਸਿਰ ਪਲੋਸਦੀ ਤੇ ਉਦਾਸ ਨਿਗਾਹ ਨਾਲ ਮਿਸਿਜ਼ ਬਰਾੜ ਵੱਲ ਤੱਕਦੀ ਕਿ ਕੁਝ ਤਾਂ ਦੱਸੇ, ਇਸ ਨੰਨ੍ਹੀ ਜਾਨ ਨੂੰ ਅਖੀਰ ਕੀ ਹੋਇਆ, ਕਿਉਂ ਹੋਇਆ...? ਨਰਸ ਉਹਦੇ ਹੱਥ ਬੰਨ੍ਹ ਖ਼ੂਨ ਨਾਲ ਟਿਊਬਾਂ ਭਰੀ ਜਾਂਦੀ ਹੈ ਅਤੇ ਦੂਜੀ ਨਰਸ ਐਕਸਰੇ ਲਈ ਵ੍ਹੀਲਚੇਅਰ ਲੈਣ ਲਈ ਦੌੜੀ- ਇਹ ਸਾਰੀ ਹਫੜਾ ਦਫੜੀ ਉਹਦੇ ਅੰਦਰ ਡਰ ਦਾ ਤੂਫ਼ਾਨ ਲੈ ਆਈ। ਉਹਨੂੰ ਇੰਝ ਲੱਗਿਆ ਜਿਵੇਂ ਸਾਗਰ ਦੀ ਇੱਕ ਵਿਸ਼ਾਲ ਲਹਿਰ ਮੁੜ ਉਸਦੇ ਰੇਤਲੇ ਘਰ ਨੂੰ ਫ਼ਨਾਹ ਕਰ ਦੇਵੇਗੀ ਤੇ ਉਹ ਫਿਰ ਇਸ ਭੀੜ ’ਚ ਇਕੱਲੀ ਰਹਿ ਜਾਵੇਗੀ। ਇਹ ਸਭ ਸੋਚ ਉਹ ਜੋਰ ਨਾਲ ਚੀਖੀ, “ਕੈਨ ਯੂ ਪਲੀਜ਼ ਟੈਲ ਮੀ,ਵੱਟਸ ਰੌਂਗ ਵਿਦ ਮਾਇ ਸਨ! ....ਏਨਾ ਕਹਿ ਉਹ ਬੇਹੋਸ਼ ਹੋ ਗਈ। ਸਟਾਫ਼ ਨੂੰ ਭਾਜੜਾਂ ਪੈ ਗਈਆਂ। “ਸ਼ੀ ਹੈਡ ਐਨ ਐਂਗਜ਼ਾਇਟੀ ਅਟੈਕ”,ਮਿਸਿਜ਼ ਬਰਾੜ ਨੇ ਉਹਦੇ ਵਾਈਟਲ ਸਾਈਨ ਚੈਕ ਕਰਦੇ ਹੋਏ ਕਿਹਾ। ਸਟਾਫ਼ ਵਲੋਂ ਉਹਨੂੰ ਦੁਬਾਰਾ ਹੋਸ਼ ਵਿੱਚ ਲਿਆਂਦਾ ਗਿਆ ਤੇ ਉਹਦੇ ਵੀ ਸਾਰੇ ਲੋੜੀਂਦੇ ਟੈਸਟ ਮੌਕੇ ’ਤੇ ਕੀਤੇ ਗਏ। ਰਾਜਵੀਰ ਚੁੱਪ ਸੀ,ਕੁਛ ਨਹੀ ਸੀ ਬੋਲ ਰਹੀ,ਸੀਨੀਅਰ ਨਰਸ ਨੇ ਮਿਸਿਜ਼ ਬਰਾੜ ਨੂੰ ਉਹਦੇ ਨਾਲ



# ਟੋਮੈਟੋ ਸੂਪ

ਦਵਿੰਦਰ ਕੌਰ

ਕਹਾਣੀ




ਭਾਰਤ ਤੇ ਅਫ਼ਰੀਕਾ ਵਿਚ ਵਪਾਰ ਦਾ ਅਜੋਕਾ ਇਤਿਹਾਸ (ਅਰਬਾਂ ਡਾਲਰਾਂ ਵਿਚ).

ਗੱਲ ਬਾਤ ਕਰਨ ਨੂੰ ਕਿਹਾ।

"ਅੰਗਦ ਦੀ ਟੈਸਟ ਰਿਪੋਰਟ ਦੇ ਮੁਤਾਬਕ ਉਹਨੂੰ ਨਮੋਨੀਆ ਹੈ, ਜਿਸ ਕਰਕੇ ਉਹਨੂੰ ਹਸਪਤਾਲ ਵਿੱਚ ਰਹਿਣਾ ਪੈਣੈਂ ,ਉਹਦਾ ਟ੍ਰੀਟਮੇਂਟ ਸ਼ੁਰੂ ਹੋ ਗਿਆ ਹੈ। ਐਂਟੀਬਾਇਔਟਿਕਸ ਦੇ ਨਾਲ ਹੋਰ ਦਵਾਈਆਂ ਵੀ ਚੱਲਣਗੀਆਂ ਜਿਸ ਨਾਲ ਉਹ ਛੇਤੀ ਠੀਕ ਹੋ ਜਾਏਗਾ," ਰਾਜਵੀਰ ਨੂੰ, ਮਿਸਿਜ਼ ਬਰਾੜ ਨੇ ਹੌਂਸਲਾ ਦਿੰਦਿਆਂ ਮੋਢੇ ਤੋਂ ਹਲੂਣ ਕੇ ਕਿਹਾ। ਟਿਕ-ਟਿਕੀ ਲਾ ਸੁੱਤੇ ਪਏ ਅੰਗਦ ਵੱਲ ਵੇਖਦੀ ਹੋਈ ਰਾਜਵੀਰ ਉਹਦੇ ਗਲ ਲੱਗ ਉੱਚੀ ਉੱਚੀ ਰੋਣ ਲੱਗੀ ਤੇ ਮਿੰਨਤਾਂ ਕਰਦੀ ਬੋਲੀ..."ਮੇਰੇ ਅੰਗਦ ਨੂੰ ਬਚਾਅ ਲਓ,ਉਹਦੇ ਬਿਨਾ ਮੇਰਾ ਕੋਈ ਸਹਾਰਾ ਨਹੀ...."

ਉਹਦੇ ਮਨ ਨੂੰ ਟਿਕਾਉਣ ਲਈ ਮਿਸਿਜ਼ ਬਰਾੜ ਉਹਨੂੰ ਵ੍ਹੀਲਚੇਅਰ 'ਤੇ ਬਿਠਾਅ ਕੈਫੇਟੀਰੀਆ ਵੱਲ ਲੈ ਗਈ। ਰਸਤੇ 'ਚ, ਜਾਂਦੀ ਜਾਂਦੀ ਰਾਜਵੀਰ ਹਰ ਇੱਕ ਚੀਜ਼ ਨੂੰ ਗਹੁ ਨਾਲ ਤੱਕਦੀ ਬੋਲੀ, "ਇਹਨਾਂ ਪੰਜ ਸਾਲਾਂ 'ਚ ਕਿੰਨਾ ਕੁਝ ਬਦਲ ਗਿਆ। ਕੈਫੇਟੀਰੀਆ ਤਾਂ ਪਹਿਲਾਂ ਰਾਈਟ ਸਾਈਡ ਹੁੰਦਾ ਸੀ, ਹੁਣ ਕਿਥੇ ਹੈ...?" "ਉਹ ਤਾਂ ਬਹੁਤ ਪਿਛੇ ਜਾ ਕੇ ਬਣਿਆ ਹੋਇਆ। ਯੂ ਨੋਅ ਪੀਪਲ ਕਰਾਊਡ..." " ਓਹ...!" ਰਾਜਵੀਰ ਨੇ ਜਵਾਬ ਦਿੱਤਾ, "ਇਹ ਕੋਰੀਡੋਰ ਦੀਆਂ ਕੰਧਾਂ ਦਾ ਰੰਗ ਪਹਿਲਾਂ ਲਾਈਟ ਯੈਲੋ ਸੀ,ਹੁਣ ਵਾਈਟ ਹੋ ਗਿਆ, ਇਹ ਕੁਰਸੀਆਂ ਨਹੀ ਸਨ ਹੁੰਦੀਆਂ,ਨਾ ਹੀ ਇਹ ਫੋਟੋ ਫਰੇਮ,ਆਹ ਕੀ? ਇਹਨਾਂ ਨੇ ਤਾਂ Aquarium ਵੀ ਰਖਿਆ ਹੋਇਐ,ਕਿੱਡਜ਼ ਲਈ ਪਲੇਇੰਗ ਸਪੌਟ-- ਆਹ ਸਭ ਚੀਜ਼ਾਂ ਤਾਂ ਮਾਵਾਂ ਮੰਗਦੀਆਂ ਨੇ।" ਰਾਜਵੀਰ ਬੋਲਦੀ ਗਈ ਤੇ ਮਿਸਿਜ਼ ਬਰਾੜ ਹੁੰਗਾਰੇ ਭਰਦੀ ਗਈ।

"ਤੁਹਾਨੂੰ ਅੱਜ ਵੀ ਯਾਦ ਹੈ, ਕਿ ਇਹ ਮੇਰਾ ਫ਼ੇਵਰਟ ਸੂਪ ਹੈ...?" " ਹਾਂ, ਰਾਜਵੀਰ, ਮੈਨੂੰ ਅੱਜ ਵੀ ਯਾਦ ਹੈ, ਇੰਨ ਬਿੰਨ ਸਾਰਾ ਕੁਛ !!!

ਇੱਕ ਵੱਡਾ ਹਾਲ ਜਿਸ ਵਿੱਚ ਤਕਰੀਬਨ ਚਾਲੀ ਕੁਰਸੀਆਂ ਤੇ ਦਸ ਟੇਬਲ ਲੱਗੇ ਹੋਏ, ਖਾਣ ਨੂੰ ਪਿਜ਼ਾ,ਮਫਿਨ,ਐੱਗ-ਰੋਲ,ਕੁਕਜ, ਕੇਕ,ਸੈਂਡਵਿੱਚ,ਸੂਪ,ਕੌਫ਼ੀ,ਜੂਸ, ਗ੍ਰੀਨ-ਟੀ, ਚਿਪਸ,ਆਦਿ, ਸਮਾਨ ਪਿਆ ਸੀ। ਮਿਸਿਜ਼ ਬਰਾੜ ਕੁਰਸੀ ਸਾਈਡ 'ਤੇ ਕਰ ਕੇ ਵ੍ਹੀਲਚੇਅਰ ਨੂੰ ਟੇਬਲ ਲਾਗੇ ਕਰ ਬੋਲੀ, "ਦੱਸ ਕੀ ਖਾਣਾ ਏ ਤੂੰ, ਜੇ 'ਟਿਮ ਹੋਰਟਨ' ਜਾਣਾ ਤਾਂ ਦੱਸ।"

"ਨੋ ਆਈ ਐਮ ਓਕੇ," ਰਾਜਵੀਰ ਨੇ ਜਵਾਬ ਦਿੱਤਾ । ਮਿਸਿਜ਼ ਬਰਾੜ ਨੇ ਉਹਨੂੰ ਪਾਣੀ ਦਾ ਗਲਾਸ ਫੜਾਉਂਦੇ ਹੋਏ ਪੁਛਿਆ, "ਦੱਸ ਕੀ ਹੋਇਆ ਤੈਨੂੰ?ਕੁਛ ਤਾਂ ਬੋਲ !!" ਪਰ ਰਾਜਵੀਰ ਫੇਰ ਚੁੱਪ ਦੀ ਬੁੱਕਲ ਮਾਰ ਬੈਠ ਗਈ। ਮਿਸਿਜ਼ ਬਰਾੜ ਨੇ ਉਹਦਾ ਧਿਆਨ ਬਦਲਣ ਲਈ ਕਿਹਾ, "ਓਕੇ ਲੈਟਸ ਹੇਵ ਯੂਅਰ ਫ਼ੇਵਰੇਟ ਇਟਾਲੀਅਨ ਟੋਮੈਟੋ ਸੂਪ।" ਇਹ ਸੁਣ ਰਾਜਵੀਰ ਹੈਰਾਨ ਤਾਂ ਹੋਈ ਪਰ ਖੁਸ਼ ਸੀ, ਕਿ ਕਿਸੇ ਨੂੰ ਉਹਦੀ ਪਸੰਦ ਨਾ-ਪਸੰਦ ਯਾਦ ਹੈ। ਮਿਸਿਜ਼ ਬਰਾੜ ਲਾਈਨ ਵਿੱਚ ਜਾ ਖੜ੍ਹੀ ਹੋਈ ਤੇ ਆਰਡਰ ਦਿੱਤਾ , " ਦੋ ਬੋਅਲ ਇਟਾਲੀਅਨ ਟੋਮੈਟੋ ਸੂਪ ਪਲੀਜ਼..." ਕਾਉਂਟਰ ਤੇ ਖੜ੍ਹੀ ਕੁੜੀ ਨੇ ਅੱਖ ਦਾ ਭਰਵੱਟਾ ਉੱਪਰ ਚੁੱਕ ਕੇ ਨੀਲੇ ਨੈਣਾਂ 'ਚ ਨਜ਼ਾਕਤ ਭਰ, ਗੁਲਾਬੀ ਬੁੱਲ੍ਹਾਂ 'ਤੇ ਹਲਕੀ ਮੁਸਕੁਰਾਹਟ ਲਿਆ,ਸੁਨਿਹਰੀ ਲਿਟ ਨੂੰ ਆਪਣੇ ਗੋਰੇ ਮੁਖੜੇ ਤੋਂ, ਕੂੰਜ ਵਰਗੀ ਗਰਦਨ ਨਾਲ ਝਟਕਾਉਂਦੇ ਹੋਏ ਕਿਹਾ, "10 ਡਾਲਰ 34 ਸੈਂਟ ਇਜ਼ ਯੂਅਰ ਟੋਟਲ ਬਿੱਲ। ਐਂਡ ਹਾਓ ਯੂ ਗੋਨਾ ਪੈ? ਡੇਬਿਟ,ਕ੍ਰੇਡਿਟ ਔਰ ਕੈਸ਼,ਮਿਸਿਜ਼ ਬਰਾੜ?"


"ਕੈਸ਼ ਪਲੀਜ਼, ਜੂਲੀਆ," ਮਿਸਿਜ਼ ਬਰਾੜ ਨੇ ਵੀਹ ਡਾਲਰ ਦਾ ਨੋਟ ਫੜਾਉਂਦੇ ਕਿਹਾ। ਜੂਲੀਆ ਨੇ 9 ਡਾਲਰ 66 ਸੈਂਟ ਅਤੇ 2 ਸੂਪ ਬੋਅਲ ਦਿੱਤੇ ਤਾਂ ਮਿਸਿਜ਼ ਬਰਾੜ ਨੇ ਕਿਹਾ, "ਯੂ ਕੀਪ ਦ ਚੇਂਜ ਜੂਲੀਆ...ਥੈਂਕ ਯੂ ....."

ਮਿਸਿਜ਼ ਬਰਾੜ ਨੇ ਸੂਪ ਟੇਬਲ 'ਤੇ ਰੱਖਿਆ ਤੇ ਕੰਧ ਨਾਲ ਲੱਗੇ ਕਾਉਂਟਰ ਤੋਂ ਦੋ ਚਮਚੇ, ਨਮਕ,ਪੇਪਰ ਟਿਸ਼ੂ ਤੇ ਕ੍ਰੈਕਰ ਚੁੱਕ ਰਾਜਵੀਰ ਕੋਲ ਕੁਰਸੀ 'ਤੇ ਆ ਬੈਠੀ। ਰਾਜਵੀਰ ਬੋਲੀ, "ਤੁਹਾਨੂੰ ਅੱਜ ਵੀ ਯਾਦ ਹੈ, ਕਿ ਇਹ ਮੇਰਾ ਫ਼ੇਵਰਟ ਸੂਪ ਹੈ...?" " ਹਾਂ, ਰਾਜਵੀਰ, ਮੈਨੂੰ ਅੱਜ ਵੀ ਯਾਦ ਹੈ, ਇੰਨ ਬਿੰਨ ਸਾਰਾ ਕੁਛ !!! ਉਹ ਡਰਾਉਣੀ ਰਾਤ ਜਦੋਂ ਤੂੰ ਖ਼ੂਨ ਨਾਲ ਭਿੱਜੀ ਹੋਈ ਐਮਬੂਲੇਂਸ ਵਿਚ ਹਸਪਤਾਲ ਲਿਆਂਦੀ ਗਈ ਸੀ,ਤੇ ਤੇਰਾ ਉਹ ਸ਼ਰਾਬੀ ਪਤੀ ਉਥੇ ਖੜ੍ਹਾ ਡਰਾਮੇ ਕਰ ਰਿਹਾ ਸੀ, ਕਿ ਉਹਨੂੰ ਕੁਝ ਨਹੀ ਪਤਾ ਕਿ ਤੇਰੀ ਇਹ ਹਾਲਤ ਕਿਹਨੇ ਕੀਤੀ ਹੈ, ਜਦ ਕਿ ਅਸੀ ਸਾਰੇ ਹੀ ਜਾਣਦੇ ਸੀ ਕਿ ਉਹ ਜਲਾਦ ਕੋਈ ਹੋਰ ਨਹੀ,ਤੇਰਾ ਪਤੀ ਹੀ ਸੀ। ਸਾਢੇ ਛੇ ਘੰਟੇ ਦਾ ਓਪਰੇਸ਼ਨ ਤੇ ਬਹੱਤਰ ਘੰਟੇ ਬੇਹੋਸ਼ ਰਹਿਣ ਤੋਂ ਬਾਅਦ ਜਦੋਂ ਤੈਨੂੰ ਹੋਸ਼ ਆਇਆ, ਮੈਨੂੰ ਪਤਾ ਤੂੰ ਝੂਠਾ ਬਿਆਨ ਦਿੱਤਾ ਸੀ, ਕਿ

# ਟੋਮੈਟੋ ਸੂਪ

ਦਵਿੰਦਰ ਕੌਰ

ਕਹਾਣੀ




ਜੀਰਾ ਭਾਰਤ ਵਿਚ ਮੁਖ ਤੌਰ 'ਤੇ ਰਾਜਸਥਾਨ ਤੇ ਗੁਜਰਾਤ ਵਿਚ ਹੁੰਦਾ ਹੈ. ਸੀਰੀਆ ਸੰਕਟ ਨੇ ਭਰਿਤ ਤੋਂ ਇਸਦੀ ਐਕਸਪੋਰਟ 55% ਵਧਾਅ ਛੱਡੀ ਹੈ.

ਕੋਈ ਨਕਾਬਪੋਸ਼ ਤੇਰੇ 'ਤੇ ਹਮਲਾ ਕਰ, ਪਰਸ ਖੋਹ ਕੇ ਫ਼ਰਾਰ ਹੋ ਗਿਆ। ਤੇਰੀ ਮਾਸੂਮੀਅਤ ਅੱਜ ਵੀ ਤੇਰੀਆਂ ਅੱਖਾਂ 'ਚੋਂ ਝਲਕਦੀ ਹੈ, ਤੇ ਉਸ ਦਰਿੰਦੇ ਦੇ ਮਗਰਮੱਛ ਦੇ ਹੰਝੂਆਂ ਪਿੱਛੇ ਲੁਕਿਆ ਚਿਹਰਾ ਅੱਜ ਵੀ ਹਲੂਣ ਦਿੰਦੈ ਰੂਹ ਨੂੰ। ਤੇਰੇ ਵਲੋਂ ਦੱਸੀ ਗਈ ਤੇਰੀ ਹੱਡਬੀਤੀ ਅੱਜ ਵੀ ਲੂੰ-ਕੰਡੇ ਖੜ੍ਹੇ ਕਰ ਦਿੰਦੀ ਹੈ। ਕਿੰਨਾ ਹੈਵਾਨ ਸੀ ਉਹ ਪੱਥਰ ਦਿਲ ਇਨਸਾਨ। ਹਵਸ ਦੀ ਇਸ ਕਦਰ ਭੁੱਖ ਸੀ ਉਹਨੂੰ ਕਿ ਉਹ ਕਪੜਿਆਂ ਪਹਿਨੀ ਤੀਵੀਂ ਦਾ ਵੀ ਅਪਣੀਆਂ ਕਾਮ ਭਰਿਆ ਨਜ਼ਰਾਂ ਨਾਲ ਬਲਾਤਕਾਰ ਹੀ ਕਰ ਦੇਵੇ! ਏਨੀ ਸੋਹਣੀ,ਪਰੀਆਂ ਵਰਗੀ ਕੁੜੀ ਨੂੰ ਛੱਡ ਉਹ ਏਧਰ ਉਧਰ ਮੂੰਹ ਮਾਰਦਾ ਫਿਰਦਾ ਰਹਿੰਦਾ। ਤੇਰੀ ਇੱਕ ਮਹੀਨੇ ਦੀ ਹੌਸਪਿਟਿਲਾਈਜ਼ੇਸ਼ਨ ਨੇ ਉਹਦੀ ਇੱਕ ਇੱਕ ਕਰਤੂਤ ਤੋਂ ਸਭ ਨੂੰ ਜਾਣੂ ਕਰਵਾਇਆ। ਉਸ ਰਾਤ ਤਾਂ ਉਹਨੇ ਹੱਦ ਹੀ ਕਰ 'ਤੀ ਜਦੋਂ ਤੇਰੀ ਸਤਾਰਾਂ ਸਾਲ ਦੀ ਭਤੀਜੀ ਨੂੰ ਸ਼ਰੇਆਮ ਹਸਪਤਾਲ ਦੇ ਵਿੱਚ ਹੱਥ ਪਾ ਲਿਆ। ਤੈਨੂੰ ਅਸੀ ਪਰੇਸ਼ਾਨ ਨਹੀਂ ਸੀ ਕਰਨਾ ਚਾਹੁੰਦੇ, ਇਸੇ ਲਈ ਅਸੀਂ ਆਪ ਹੀ ਉਹਨੂੰ ਸੈਕਸੁਅਲ ਹੇਰਸਮੈਂਟ ਦੇ ਕੇਸ 'ਚ ਅੰਦਰ ਕਰਵਾਇਆ ਸੀ।

"ਕਮਲੀਏ, ਇਹ ਇਟਾਲੀਅਨ ਟੋਮੈਟੋ ਸੂਪ ਹੀ ਤਾਂ ਸੀ, ਜਿਹਨੇ ਆਪਾਂ ਨੂੰ ਚੰਗੇ ਦੋਸਤ ਬਣਾਇਆ ਸੀ। ਤੇਰੀਆਂ ਅੱਖਾਂ 'ਚੋਂ ਸਾਰਾ ਦਿਨ ਕਿਰਦੇ ਖਾਰੇ ਹੰਝੂ ਪੂਰੇ ਸਟਾਫ਼ ਨੂੰ ਤਕਲੀਫ਼ ਦਿੰਦੇ, ਉਹ ਤਾਂ ਭਲਾ ਹੋਵੇ ਆਹ ਸੂਪ ਦਾ ਜਿਹਨੂੰ ਪੀਣ ਤੋਂ ਬਾਅਦ ਤੂੰ ਹੱਸਣ ਲੱਗੀ, ਤੇ ਤੇਰੇ ਅੰਦਰਲੀ ਰਾਜ਼ ਦੀ ਗੰਢ ਖੁੱਲ੍ਹੀ , ਕਿ ਅਖੀਰ ਉਸ ਰਾਤ ਹੋਇਆ ਕੀ ਸੀ!" ਮਿਸਿਜ਼ ਬਰਾੜ ਇੱਕੋ ਸਾਹ 'ਚ ਸਾਰਾ ਕੁਝ ਬੋਲਦੀ ਗਈ।

ਸੂਪ ਦੀਆਂ ਘੁੱਟਾਂ ਭਰਦੀ ਰਾਜਵੀਰ ਰੁਕ

"ਤੈਨੂੰ ਕਿੰਨੀ ਵਾਰ ਕਿਹਾ ਮੇਰੇ ਸਾਹਮਣੇ ਪਿੱਟ ਸਿਆਪਾ ਨਾ ਕਰਿਆ ਕਰ," ਜੱਸ ਨੇ ਗੁੱਸੇ 'ਚ ਟੇਬਲ 'ਤੇ ਪਈ ਸ਼ਰਾਬ ਦੀ ਬੋਤਲ ਰਾਜਵੀਰ ਦੇ ਸਿਰ 'ਚ ਵਗਾਹ ਮਾਰੀ

ਗਈ ਤੇ ਕਹਿਣ ਲੱਗੀ, "ਉਸ ਰਾਤ ਮੇਰਾ ਸਭ ਕੁਛ ਉੱਜੜ ਗਿਆ। ਰਾਤ ਦੀ ਰੋਟੀ ਖਾਣ ਤੋਂ ਬਾਅਦ ਮੈਂ ਜੱਸ ਲਈ, ਜੋ ਲਿਵਿੰਗ ਰੂਮ 'ਚ ਸੋਫ਼ੇ 'ਤੇ ਬੈਠਾ ਸ਼ਰਾਬ ਪੀ ਰਿਹਾ ਸੀ , ਟੇਬਲ 'ਤੇ ਚਿਕਨ ਦੇ ਪਕੌੜੇ ਤੇ ਨਾਲ ਤਲੇ ਹੋਏ ਡਰਾਈ ਫਰੂਟ ਦੀ ਪਲੇਟ ਰੱਖ, ਸੌਣ ਚੱਲੀ ਸੀ, ਕਿ ਅਚਾਨਕ ਜੱਸ ਨੇ ਮੇਰੀ ਤੁਰੀ ਜਾਂਦੀ ਦੀ ਬਾਂਹ ਫੜ ਲਈ ਤੇ ਕਹਿੰਦਾ, 'ਸੱਚੋ ਸੱਚ ਦੱਸ ਤੂੰ ਮੈਨੂੰ ਕਿੰਨਾ ਪਿਆਰ ਕਰਦੀ ਹੈਂ?' ਮੈਂ ਕਿਹਾ, 'ਤੈਨੂੰ ਪਤਾ ਆਪਣੀ ਲਵ ਮੈਰਿਜ ਹੋਈ ਆ, ਮੈਂ ਘਰਦਿਆਂ ਨਾਲ ਜਿੰਦ ਕਰ ਕੇ ਤੈਨੂੰ ਇੰਡੀਆ ਤੋਂ ਵਿਆਹ ਕੇ ਲਿਆਂਦਾ, ਤੇ ਤੇਰੇ ਨਾਲ ਲਵ ਮੈਰਿਜ ਕਰਵਾਈ।' 'ਅੱਛਾ ਫੇਰ ਮੇਰੇ ਬੁੱਗੇ,' ਜੱਸ ਬੋਲਿਆ, 'ਗੱਲ ਏਦਾਂ ਕਿ ਹੁਣ ਤੈਨੂੰ ਮੇਰਾ ਇੱਕ ਹੋਰ ਕੰਮ ਕਰਨਾ ਪੈਣਾਂ! ਉਹ ਇਹ ਕਿ ਦੇਖ, ਹੁਣ ਤੈਨੂੰ ਪਤੈ ਆਪਣੇ ਵਿਆਹ ਨੂੰ ਪੰਜ ਸਾਲ ਹੋਗੇ... ਕੁੜੀਏ, ਮੈਂ ਤੇਰੇ ਤੋਂ ਕੁਛ ਲੈਣਾ ਨਈਂ, ਕਿਉਂਕਿ ਮੈਂ ਨਹੀ ਚਾਹੁੰਦਾ ਜਦੋਂ ਮੈਂ ਤੈਨੂੰ ਤਲਾਕ ਦਵਾਂ,ਤੇਰੀ ਮੇਰੀ ਨਵੀ ਜ਼ਿੰਦਗੀ 'ਚ ਕੋਈ ਟ੍ਰਬਲ ਆਵੇ, ਸੋ ਇਸ ਕਰਕੇ ਚੁੱਪ ਚਾਪ ਇਹਨਾਂ ਤਲਾਕ ਦੇ ਪੇਪਰਾਂ 'ਤੇ ਘੁੱਗੀ ਮਾਰ ਤੇ ਦਫ਼ਾ ਹੋ ਜਾ ਮੇਰੀ ਜ਼ਿੰਦਗੀ 'ਚੋਂ'...ਜੱਸ ਨੇ ਟੇਬਲ ਨੂੰ ਲੱਤ ਮਾਰ ਗੁੱਸੇ 'ਚ ਕਿਹਾ..."

ਅੱਗੋਂ ਕੀ ਹੋਇਆ:

"ਤਲਾਕ! ਪਰ ਕਿਉਂ?" ਕੰਬਦੀ ਅਵਾਜ਼ 'ਚ ਰਾਜਵੀਰ ਬੋਲੀ..."ਸਾਲੀਏ ਤੂੰ ਮੈਨੂੰ ਸਵਾਲ ਕੀਤਾ?" ਵਾਲਾਂ ਤੋਂ ਖਿੱਚਦਾ ਹੋਇਆ ਜੱਸ ਜਾਨਵਰ ਵਾਂਗ ਬੋਲਿਆ, ਰਾਜਵੀਰ ਦੇ ਢਿੱਡ 'ਚ ਲੱਤਾਂ ਮਾਰਦਾ ਹੋਇਆ, ਤੇ ਕਹਿੰਦਾ, "ਹੈ ਕੀ ਤੇਰੇ ਵਿੱਚ, ਦੱਸ...? ਢਾਈ ਹੱਡੀਆਂ ਨਾਲ ਹੁਣ ਜੱਟ ਦਾ ਚਿੱਤ ਭਰ ਗਿਆ ਤੈਥੋਂ! ਗੱਲ ਸੁਣ ਲੈ ਕੰਨ ਖੋਲ੍ਹ ਕੇ, ਮੈਂ ਫੇਸਬੁੱਕ 'ਤੇ ਕੁੜੀ ਪਸੰਦ ਕੀਤੀ ਹੋਈ ਆ,ਕੁਆਰੀ ਆ,ਜੁਆਨ ਆ ਤੇਰੇ ਨਾਲੋਂ,ਹਾਲੇ ਤਾਂ ਖਿੜਦਾ ਫੁੱਲ ਆ, ਉਹਦੇ ਨਾਲ ਵਿਆਹ ਕਰਵਾਉਣਾਂ ਮੈਂ ਤੇ ਜੇ ਤੂੰ ਨਾਂਹ ਨੁੱਕਰ ਕੀਤੀ ਤਾਂ ਤੇਰੀ ਧੌਣ ਲਾਹ ਕੇ ਰੱਖ ਦਿਆਗਾਂ!"


"ਨਹੀਂ ਨਹੀਂ ਜੱਸ, ਏਦਾਂ ਨਾ ਕਰੋ ਪਲੀਜ਼," ਰਾਜਵੀਰ ਰੋਂਦੀ ਹੋਈ ਬੋਲੀ।

"ਤੈਨੂੰ ਕਿੰਨੀ ਵਾਰ ਕਿਹਾ ਮੇਰੇ ਸਾਹਮਣੇ ਪਿੱਟ ਸਿਆਪਾ ਨਾ ਕਰਿਆ ਕਰ," ਜੱਸ ਨੇ ਗੁੱਸੇ 'ਚ ਟੇਬਲ 'ਤੇ ਪਈ ਸ਼ਰਾਬ ਦੀ ਬੋਤਲ ਰਾਜਵੀਰ ਦੇ ਸਿਰ 'ਚ ਵਗਾਹ ਮਾਰੀ ਤੇ ਜਦੋਂ ਖ਼ੂਨ 'ਚ ਭਿੱਜੀ ਨੇ 911 ਕਾੱਲ ਕਰਨ ਲਈ ਫੋਨ ਚੁਕਿਆ ਤਾਂ ਉਹਨੇ ਰਾਜਵੀਰ ਦੀ ਸੱਜੀ ਬਾਂਹ ਤੌਲੀਏ ਵਾਂਗ ਮਰੋੜ ਕੇ ਅੰਗੂਠੇ ਦਾ ਜੋੜ ਕੱਢ ਦਿੱਤਾ, ਜਿਹੜਾ ਅੱਜ ਵੀ ਡਾਕਟਰਾਂ ਤੋਂ ਨਹੀ ਜੁੜਿਆ। ਇਹ ਸਭ ਕੁਛ ਦੱਸਦੀ ਰਾਜਵੀਰ ਫੇਰ ਰੋ ਪਈ । ਮਿਸਿਜ਼ ਬਰਾੜ ਰਾਜਵੀਰ ਨੂੰ ਚੁੱਪ ਕਰਵਾਉਂਦੇ ਬੋਲੀ, "ਮੇਰੇ ਕੈਰੀਅਰ ਦੀ ਸਭ ਤੋਂ ਡਰਾਉਣੀ ਰਾਤ ਸੀ ਉਹ....ਕਿਵੇਂ ਕੋਈ ਇਨਸਾਨ ਆਪਣੀ ਹਵਸ ਦੀ ਅੱਗ ਬੁਝਾਉਣ ਲਈ, ਆਪਣੀ ਤੀਵੀਂ ਨੂੰ ਸਾਲਾਂ ਤੱਕ ਵਰਤਦਾ ਰਿਹਾ, ਮੁੜ

# ਟੋਮੈਟੋ ਸੂਪ

ਦਵਿੰਦਰ ਕੌਰ

ਕਹਾਣੀ



Caste marks of different sects

ਜਾਤਾਂ ਤੇ ਗੁਟਾਂ ਦੇ ਚਿੰਨ੍ਹ ਮੱਥੇ 'ਤੇ, ਦੱਖਣੀ ਭਾਰਤ!

ਜਦੋਂ ਦਿਲ ਭਰ ਗਿਆ ਤਾਂ ਇੱਕ ਬੇ-ਸਵਾਦ ਚੀਜ਼ ਸਮਝ ਕੇ ਕੂੜੇ 'ਚ ਸੁੱਟ ਦਿੱਤਾ। ਇਹੋ ਜਿਹੇ ਕੁੱਤੇ ਨੂੰ ਗੋਲੀ ਮਾਰ ਦੇਣੀ ਚਾਹੀਦੀ ਹੈ ਜਾਂ ਫੇਰ ਸਦਾ ਲਈ ਨਪੁੰਸਕ ਬਣਾ ਦੇਣਾ ਚਾਹੀਦੈ। ਇਹੋ ਜਿਹੇ ਇਨਸਾਨ ਸਿਰਫ਼ ਚਿਹਰੇ ਤੇ ਜਿਸਮ ਨੂੰ ਪਿਆਰ ਕਰਦੇ ਨੇ,ਰੂਹਾਂ ਨਾਲ ਤਾਂ ਉਹਨਾਂ ਦਾ ਕੋਈ ਦੂਰ ਤੱਕ ਵਾਸਤਾ ਨਹੀ ਹੁੰਦਾ। ਇਟਸ ਹਾਰਡ ਟੂ ਫ਼ਾਇੰਡ ਅ ਸੋਲਮੇਟ(ਰੂਹ ਦਾ ਸਾਥੀ) ਮਾਇ ਡੀਅਰ.."

ਰਾਜਵੀਰ ਬੋਲੀ, "ਮੈਨੂੰ ਤਾਂ ਨਹੀ ਲੱਗਦਾ ਕਿ ਦੁਨੀਆ 'ਚ ਅਜਿਹੇ ਲੋਕ ਵੀ ਹਨ, ਜੇ ਹੁੰਦੇ ਤਾਂ ਲੋਕਾਂ ਦੀਆਂ ਧੀਆਂ,ਭੈਣਾ ਦੁਖੀ ਨਾ ਹੁੰਦੀਆਂ। ਸਹੁਰਿਆਂ ਲਈ ਨੂੰਹ ਕਦੇ ਧੀ ਨਹੀ ਹੁੰਦੀ,ਜਦੋਂ ਕਿ ਧੀਆਂ ਵਾਲਿਆਂ ਲਈ ਜਵਾਈ ਪੁੱਤ ਹੁੰਦੇ ਨੇ; ਨੂੰਹ ਦੀ ਰਾਈ ਜਿੰਨੀ ਗਲਤੀ ਪਹਾੜ ਤੇ ਪੁੱਤ ਜੇਕਰ ਕਤਲ ਕਰ ਦੇਵੇ ਤਾਂ ਉਹ ਵੀ ਮੁਆਫ਼....! ਅਖੀਰ ਕਦੋਂ ਮਿਲੇਗਾ ਧੀਆਂ ਨੂੰ ਇਨਸਾਫ਼...."

ਰਾਜਵੀਰ ਦੀ ਇਹ ਗੱਲ ਸੁਣ ਮਿਸਿਜ਼ ਬਰਾੜ ਬੋਲੀ, " ਡੋਂਟ ਥਿੰਕ ਨੇਗੇਟਿਵ, ਬੀ ਪੋਜ਼ਿਟਿਵ ਹਨੀ, ਦੁਨੀਆ ਦੇ ਸਾਰੇ ਮਰਦ ਇੱਕੋ ਜਹੇ ਨਹੀ ਹੁੰਦੇ.... ਇਟਸ ਨੇਵਰ ਲੇਟ....ਤੇ ਨਾ ਹੀ ਸਾਰੀਆਂ ਔਰਤਾਂ ਇੱਕੋ ਜਹੀਆਂ ਹੁੰਦੀਆਂ ਹਨ ।ਦੇਖ ਮੇਰੀ ਗੱਲ ਸੁਣ ਧਿਆਨ ਨਾਲ,ਜੇ ਕਾਰ ਚਲਾਉਂਦਿਆਂ ਐਕਸੀਡੇਂਟ ਹੋ ਜਾਵੇ ਤਾਂ ਗੱਡੀ ਚਲਾਉਣੀ ਨਹੀਂ ਛੱਡ ਦਿੰਦੇ,ਇਸੇ ਤਰਾਂ ਜੇ ਕੋਈ ਗਲਤ ਇਨਸਾਨ ਜ਼ਿੰਦਗੀ 'ਚ ਆ ਜਾਵੇ ਤਾਂ ਕੁੱਲ ਇਨਸਾਨੀਅਤ ਤੋਂ ਵਿਸ਼ਵਾਸ ਉਠਣਾ ਚੰਗੀ ਗੱਲ ਨਹੀਂ। ਸੋ ਉਠੋ ਜ਼ਿੰਦਗੀ ਨੂੰ ਨਵੇਂ ਨਜ਼ਰੀਏ ਨਾਲ ਦੇਖੋ,ਮੰਜ਼ਿਲ ਵੱਲ ਜਾਣ ਵਾਲੇ ਰਸਤੇ ਖੁਦ-ਬ-ਖੁਦ ਬਣ ਜਾਣਗੇ। ਆਹ ਮੇਰਾ Ipad ਫੜਾਅ, ਤੈਨੂੰ ਇੱਕ ਬਹੁਤ ਸੋਹਣੀ ਕਵਿਤਾ ਪੜ੍ਹ ਕੇ ਸੁਣਾਉਂਦੀ ਆਂ।"

"ਮੈਨੂੰ ਤਾਂ ਨਹੀ ਲੱਗਦਾ ਕਿ ਦੁਨੀਆ 'ਚ ਅਜਿਹੇ ਲੋਕ ਵੀ ਹਨ, ਜੇ ਹੁੰਦੇ ਤਾਂ ਲੋਕਾਂ ਦੀਆਂ ਧੀਆਂ,ਭੈਣਾ ਦੁਖੀ ਨਾ ਹੁੰਦੀਆਂ।"

"ਕੀ ਤੁਸੀਂ ਕਵਿਤਾ ਲਿਖਦੇ ਓ?" ਰਾਜਵੀਰ ਬੋਲੀ।

"ਹਾ ਹਾ ਹਾ !" ਮਿਸਜ਼ ਬਰਾੜ ਠਹਾਕਾ ਮਾਰ ਕੇ ਹੱਸਦੀ ਹੋਈ ਬੋਲੀ, "ਓ ਕਿਥੇ ਕੁੜੀਏ? ਇਹ ਤਾਂ ਪਿਛਲੇ ਮਹੀਨੇ ਇੱਕ ਸਾਹਿਤਕ ਸਭਾ ਵਿੱਚ, ਟੋਰਾਂਟੋ ਤੋਂ ਇਕ ਗੀਤਕਾਰ ਨੇ ਪਰਮਜੀਤ ਸਿੰਘ ਢਿੱਲੋ, ਉਹਨਾਂ ਨੂੰ ਸੁਨਣ ਦਾ ਮੌਕਾ ਮਿਲਿਆ! ਮੈਨੂੰ ਚੰਗੀ ਲੱਗੀ ਤੇ ਮੈਂ ਨੋਟ ਕਰ 'ਲੀ। ਚੰਗੀਆ ਯਾਦਾਂ ਸੰਭਾਲ ਕੇ ਰਖਣ ਲਈ ਹੁੰਦੀਆਂ ਨੇ, ਚੰਗੇ ਮਾੜੇ ਵਕਤ 'ਚ ਇਹਨਾਂ ਨੂੰ ਪੜ੍ਹ ਕੇ ਹੌਂਸਲਾ ਮਿਲਦੈ... ਹਮਮਮ?

"ਤੂੰ ਗੌਰ ਨਾਲ ਸੁਣੀਂ, ਮੈਨੂੰ ਯਕੀਨ ਹੈ ਕਿ ਤੇਰੀ ਨੇਗੇਟਿਵ ਸੋਚ ਨੂੰ ਜ਼ਰੂਰ ਪੋਜ਼ਿਟਿਵ ਵਾਈਬਸ ਮਿਲਣਗੀਆਂ। ਮਰਦਾਂ ਪ੍ਰਤੀ ਤੇਰੀ ਰਾਇ ਜ਼ਰੂਰ ਬਦਲੇਗੀ।"

"ਉਹ ਲਿਖਦੇ ਹਨ:

ਕਈਆਂ ਲਈ ਤਾਂ ਅਸੀਂ, ਬੇਇਤਬਾਰੇ ਜਹੇ ਰਹੇ ਆਂ
ਬਹੁਤਿਆਂ ਲਈ ਅੱਖੀਆਂ ਦੇ, ਤਾਰੇ ਜਹੇ ਰਹੇ ਆਂ

ਪਹਿਲਾਂ ਜੇ ਮੈਂ ਨਾਂ ਲਵਾਂ, ਬੋਹੜਾਂ ਜਿਹੀ ਛਾਂ ਦਾ
ਅੱਖੀਆਂ ਦਾ ਤਾਰਾ ਹਾਂ, ਮੈਂ ਆਪਣੀ ਹੀ ਮਾਂ ਦਾ
ਉਹਦੀਆਂ ਦੁਆਵਾਂ, ਸਤਿਕਾਰੇ ਜਹੇ ਰਹੇ ਆਂ
ਕਈਆਂ ਲਈ ਤਾਂ ਅਸੀਂ, ਬੇਇਤਬਾਰੇ ਜਹੇ ਰਹੇ ਆਂ

ਦੂਜੀ ਗੱਲ ਕਰਦਾ ਹਾਂ, ਆਪਣੀ ਮੈਂ ਭੈਣ ਦੀ
ਜਿਹਦਾ ਇਤਬਾਰ, ਨਈਓਂ ਗੱਲ ਕੋਈ ਕਹਿਣ ਦੀ
ਬਾਵ੍ਹਾਂ ਵਾਲੇ ਬਣ ਕੇ, ਸਹਾਰੇ ਜਹੇ ਰਹੇ ਆਂ
ਬਹੁਤਿਆਂ ਲਈ ਅੱਖੀਆਂ ਦੇ, ਤਾਰੇ ਜਹੇ ਰਹੇ ਆਂ

ਇੱਕ ਨਾਮ ਜ਼ਿੰਦਗੀ 'ਚ ਹੋਰ, ਮੇਰੇ ਆਉਂਦਾ ਏ
ਗੱਲ ਜਿਹਦੀ ਦਿਲ ਮੇਰਾ, ਕਰਨੀ ਤੇ ਚਾਹੁੰਦਾ ਏ
ਪਰ ਸਦਾ ਨਦੀ ਦੇ, ਕਿਨਾਰੇ ਜਹੇ ਰਹੇ ਆਂ
ਕਈਆਂ ਲਈ ਤਾਂ ਅਸੀਂ, ਬੇਇਤਬਾਰੇ ਜਹੇ ਰਹੇ ਆਂ
ਬਹੁਤਿਆਂ ਲਈ ਅੱਖੀਆਂ ਦੇ, ਤਾਰੇ ਜਹੇ ਰਹੇ ਆਂ

ਗੱਲ ਇਥੇ ਕਰਨੀ ਤਾਂ ਬਣਦੀ ਏ ਜਾਨ ਦੀ
ਜਿਹੜੀ ਮੇਰੇ ਨਾਲ ਵੱਸਦੀ ਏ ਮੇਰੇ ਹਾਣ ਦੀ
ਉਹਦੇ ਲਈ ਤਾਂ ਸਦਾ ਹੀ, ਪਿਆਰੇ ਜਹੇ ਰਹੇ ਆਂ
ਕਈਆਂ ਲਈ ਤਾਂ ਅਸੀਂ, ਬੇਇਤਬਾਰੇ ਜਹੇ ਰਹੇ ਆਂ
ਬਹੁਤੀਆਂ ਲਈ ਅੱਖੀਆਂ ਦੇ, ਤਾਰੇ ਜਹੇ ਰਹੇ ਆਂ

"ਢਿੱਲੋਂ" ਇਹ ਕੰਮ ਹੁਣ, ਕਰ ਕੇ ਦਿਖਾਊਗਾ
ਪੁੱਤਾਂ ਨੂੰ ਵਿਆਹ ਕੇ, ਧੀਆਂ ਘਰ 'ਚ ਲਿਆਊਗਾ
ਧੀਆਂ ਬਿਨਾ ਬੜੇ ਹੀ ਵਿਚਾਰੇ ਜਹੇ ਰਹੇ ਆਂ
ਬਹੁਤਿਆਂ ਲਈ ਅੱਖੀਆਂ ਦੇ ਤਾਰੇ ਜਹੇ ਰਹੇ ਆਂ"

ਇਹ ਗੀਤ ਸੁਣ ਕੇ ਰਾਜਵੀਰ, ਮਿਸਿਜ ਬਰਾੜ ਦੀ ਗੋਦੀ 'ਚ ਸਿਰ ਧਰ ਰੋਂਦੀ ਹੋਈ ਬੋਲੀ, "ਮੇਰੇ ਵਰਗੀ ਵਿਚਾਰੀ ਨੂੰ ਆਪਣੇ ਘਰ ਦੀ ਧੀ,ਆਪਣੀ ਹਮਸਫ਼ਰ ਕੋਈ ਕਦੋਂ ਬਣਾਊਗਾ, ਉਹ ਖੁਸ਼ੀਆਂ ਭਰਿਆ ਦਿਨ ਕਦੋਂ ਆਊਗਾ! ਉਹ ਖੁਸ਼ੀਆਂ ਭਰਿਆ ਦਿਨ ਕਦੋਂ ਆਊਗਾ!"

ਰਾਜਵੀਰ ਦਾ ਇਹ ਸਵਾਲ ਸੁਣ ਮਿਸਿਜ਼ ਬਰਾੜ ਦੀਆਂ ਅੱਖਾਂ ਭਰ ਗਈਆਂ ਤੇ ਉਹ ਵੀ ਆਪਣੇ ਖਿਆਲਾਂ 'ਚ ਕਿਧਰੇ ਗੁਆਚ ਗਈ.......

(ਕਨੇਡਾ)

# ਪੇਕਿਆਂ ਦਾ ਸੂਟ

ਕਰਨ ਬਰਾੜ ਹਰੀ ਕੇ ਕਲਾਂ

ਜਿਨ੍ਹਾਂ ਵਿਚ ਕੌੜੇ ਬੋਲ ਸਹਿਣ ਦੀ ਸ਼ਕਤੀ ਹੈ, ਉਹ ਗ੍ਰਿਹਸਥੀ ਹੁੰਦੇ ਹੋਏ ਵੀ ਸਨਿਆਸੀਆਂ ਦੇ ਵਾਂਗ ਹਨ।

ਗੱਲਬਾਤ





ਰਾਣੀ ਨੂੰ ਆਪਣੇ ਭਤੀਜੇ ਦਾ ਮੜੰਗਾ ਜਵਾਂ ਹੀ ਗੇਜੇ 'ਤੇ ਪਿਆ। ਜਵਾਂ ਹੀ ਸਾਵੇਂ ਦਾ ਸਾਵਾਂ ਗੇਜਾ। ਰਾਣੀ ਦਾ ਇਕੋ ਇੱਕ ਭਰਾ। ਭਤੀਜੇ ਦੇ ਰੱਖੜੀ ਬੰਨ੍ਹਦੀ ਰਾਣੀ ਦੇ ਹੱਥ ਕੰਬ ਗਏ, ਅੱਖਾਂ ਚੋਂ ਤਿੱਪ ਤਿੱਪ ਹੰਝੂ ਚੋਣ ਲੱਗੇ। ਜਵਾਨ ਹੋਏ ਭਤੀਜੇ ਨੂੰ ਭੂਆ ਨੇ ਬੁੱਕਲ ਚ ਲੈ ਲਿਆ,ਰੱਜ ਕੇ ਪਿਆਰ, ਅਸੀਸਾਂ ਦਿੱਤੀਆਂ ਬਾਹਲ਼ਾ ਰੋਈ, ਹੱਦੋਂ ਵੱਧ। ਭਤੀਜੇ ਨੇ ਵੀ ਰੱਖੜੀਆਂ ਬੰਨ੍ਹਣ ਆਈ ਭੂਆ ਦਾ ਰੱਜ ਕੇ ਚਾਅ ਕੀਤਾ, ਖ਼ੁਸ਼ੀ ਮਨਾਈ। ਸਾਲ ਵਿਚ ਇਕੋ ਇੱਕ ਤਾਂ ਦਿਨ ਹੁੰਦਾ ਸੀ ਜਦੋਂ ਭੂਆ ਪਿੰਡ ਆਉਂਦੀ। ਤੇ ਆਉਂਦੀ ਤੋਂ ਹੀ ਸਾਰਾ ਘਰ ਖ਼ੁਸ਼ੀਆਂ ਨਾਲ ਭਰ ਜਾਂਦਾ। ਅੱਜ ਜਦੋਂ ਭਤੀਜਾ ਆਪਣੀ ਕਮਾਈ ਵਿਚੋਂ ਰੱਖੜੀਆਂ ਬੰਨ੍ਹਣ ਆਈ ਭੂਆ ਲਈ ਸੂਟ ਬਣਾ ਕੇ ਲਿਆਇਆ ਤਾਂ ਰਾਣੀ ਦਾ ਅੰਦਰ ਪਾਟ, ਰੋਂਦੀ ਕਿਤੇ ਝੱਲੀ ਨਾ ਜਾਵੇ। ਬੜੇ ਸਾਲਾਂ ਬਾਅਦ ਉਸਨੂੰ ਰੱਖੜੀਆਂ 'ਤੇ ਅੱਜ ਫੇਰ ਸੂਟ ਮਿਲਿਆ ਸੀ। ਰਾਣੀ ਇੱਕ ਸਾਲ ਬਾਅਦ ਮਿਲੇ ਪੇਕਿਆਂ ਦੇ ਸੂਟ ਨੂੰ ਚਾਅ ਨਾਲ ਬਣਾਉਂਦੀ, ਖ਼ਾਸ ਖ਼ਾਸ ਮੌਕੇ ਪਾਉਂਦੀ। ਇਹ ਸੂਟ ਪਾ ਕੇ ਉਸਨੂੰ ਇਉਂ ਲਗਦਾ ਜਿਵੇਂ ਪੇਕੇ ਜਾ ਆਈ ਹੋਵੇ।

ਉਸਦੀਆਂ ਅੱਖਾਂ ਸਾਹਮਣੇ ਸਭ ਕੁਸ਼ ਫ਼ਿਲਮ ਵਾਂਗ ਚੱਲ ਪਿਆ, ਉਵੇਂ ਦਾ ਉਵੇਂ ਬੀਤਿਆ ਵਕਤ ਉਸਦੀਆਂ ਅੱਖਾਂ ਸਾਹਮਣੇ ਆ ਗਿਆ ਕਿ ਕਿਵੇਂ ਉਸਦਾ ਹੱਸਦਾ ਵੱਸਦਾ ਪੇਕਾ ਪਰਿਵਾਰ ਬਰਬਾਦ ਹੋ ਗਿਆ ਸੀ,ਕਿਵੇਂ ਵਕਤ ਦੀ ਮਾਰ ਨੇ ਉਸਦੇ ਘਰ ਨੂੰ ਐਸਾ ਘੇਰਾ ਪਾਇਆ ਕਿ ਜਿਵੇਂ ਇੱਕ ਵਾਰ ਤਾਂ ਸਭ ਕੁਸ਼ ਖ਼ਤਮ ਹੀ ਹੋ ਗਿਆ ਹੋਵੇ, ਕਿਵੇਂ ਵਧੀਆ ਕਬੀਲਦਾਰੀ ਚੱਕੀ ਆਉਂਦਾ ਗੇਜੇ ਦਾ ਬਾਪੂ ਮਾੜਾ ਜਿਹਾ ਢਿੱਲਾ ਹੋਇਆ ਤੇ ਮਿੰਟਾਂ ਵਿੱਚ ਹੀ ਔਹ ਗਿਆ ਔਹ ਗਿਆ। ਰੰਗੀਂ ਵੱਸਦੇ ਘਰ ਵਿੱਚ ਸੱਥਰ ਵਿਛ ਗਿਆ, ਗੇਜੇ ਦੀ ਮਾਂ ਮੰਜੇ ਨਾਲ ਜੁੜ ਗਈ, ਕਿਵੇਂ ਭੋਗ ਪੈਂਦੇ ਸਾਰ ਹੀ ਪਤਾ ਨੀ ਕਿਥੋਂ ਸ਼ਰੀਕ ਅਤੇ ਆੜ੍ਹਤੀਆਂ ਨੇ ਕਰਜ਼ਾ ਕੱਢ ਮਾਰਿਆ- ਕਿਸੇ ਨੂੰ ਪਤਾ ਵੀ ਨਾ ਲੱਗਿਆ ਕਿਉਂਕਿ ਕਬੀਲਦਾਰੀ ਤਾਂ ਸਾਰੀ ਗੇਜੇ ਦੇ ਬਾਪੂ ਕੋਲ ਸੀ। ਗੇਜਾ ਤਾਂ ਪਹਿਲਾਂ ਹੀ ਭਮੱਤਰਿਆ ਫਿਰਦਾ ਸੀ ਉੱਤੋਂ ਬਿਮਾਰੀ ਤੇ ਕਰਜ਼ੇ ਨੇ ਜਵਾਂ ਹੀ ਮਾਰ ਤਾ। ਗਹਿਣਾ ਗੱਟਾ ਬੇਬੇ ਦੀ ਬਿਮਾਰੀ ਖਾ ਗਈ, ਅਚਾਨਕ ਪਿਆ ਕਰਜ਼ਾ ਸਾਰਾ ਘਰ ਖਾ ਗਿਆ, ਸੇਮ ਦੀ ਮਾਰ ਸਾਰੀ ਫ਼ਸਲ ਖਾ ਗਈ ਉੱਤੋਂ ਘਰ ਦੀ ਕਬੀਲਦਾਰੀ ਗੇਜਾ ਖਾ ਗਈ। ਰਿਸ਼ਤੇਦਾਰ ਸਾਕ ਸਕੀਰੀਆਂ ਯਾਰ ਬੇਲੀ ਸ਼ਰੀਕਾ ਕਬੀਲਾ ਸਭ ਮੂੰਹ ਮੋੜ ਗਏ। ਹੋਰ ਤਾਂ ਹੋਰ ਘਰ ਦੇ ਪ੍ਰਾਹੁਣੇ ਨੇ ਵੀ ਘਰੇ ਆਉਣਾ ਬੰਦ ਕਰ ਦਿੱਤਾ, ਅਖੇ ਮੈਂ ਕਿਵੇਂ ਵਰਤਾਂ ਨੰਗਾਂ ਨਾਲ, ਲੋਕ ਮੈਨੂੰ ਕੀ ਕਹਿਣਗੇ। ਪਰ ਰਾਣੀ ਨੇ ਘਰ ਆਲੇ ਦੀਆਂ ਮਿੰਨਤਾਂ ਤਰਲੇ ਕਰ ਕੇ ਸਾਲ ਵਿੱਚ ਸਿਰਫ਼ ਇੱਕ ਦਿਨ ਰੱਖੜੀਆਂ ਨੂੰ ਪੇਕੇ ਜਾਣਾ ਮਨਜ਼ੂਰ ਕਰਵਾਅ ਲਿਆ। ਰਾਣੀ ਬੱਸ ਸਾਲ ਦੇ ਸਾਲ ਰੱਖੜੀਆਂ ਨੂੰ ਪਿੰਡ ਆਉਂਦੀ ਤੇ ਸਾਰਾ ਢਿੱਡ ਹੌਲਾ ਕਰ ਕੇ ਤੁਰ ਜਾਂਦੀ। ਦੋਵੇਂ ਭੈਣ ਭਰਾ ਬੀਤੇ ਵੇਲੇ ਨੂੰ ਯਾਦ ਕਰ ਕੇ ਰੋਂਦੇ, ਦੋਵਾਂ ਦੀਆਂ ਗੱਲਾਂ ਸਾਰਾ ਦਿਨ ਨਾ ਮੁੱਕਦੀਆਂ ਤੇ ਨਾਲੇ ਦੋਵਾਂ ਦੀਆਂ ਅੱਖਾਂ ਚੋਂ ਪਾਣੀ ਵੀ ਨਾ ਮੁੱਕਦਾ। ਗੇਜੇ ਨੂੰ ਇਸ ਦਿਨ ਦੀ ਉਡੀਕ ਰਹਿੰਦੀ ਕਿ ਕਦੋਂ ਭੈਣ ਘਰ ਆਵੇ ਤੇ ਦੁੱਖ ਸੁੱਖ ਸਾਂਝਾ ਕਰੇ। ਉਹ ਕਮਲਿਆਂ ਵਾਂਗ ਬੇਸਬਰਾ ਹੋਇਆ ਇਸ ਦਿਨ ਦੀ ਉਡੀਕ ਕਰਦਾ। ਜਦੋਂ ਇਹ ਦਿਨ ਟੱਪ ਜਾਂਦਾ ਤਾਂ ਉਹ ਕਈ ਕਈ ਦਿਨ ਉਦਾਸ ਉਦਾਸ ਤੁਰਿਆ ਫਿਰਦਾ। ਇਸ ਦਿਨ ਉਹ ਉਚੇਚਾ ਸ਼ਹਿਰ ਜਾਂਦਾ,ਮਿਠਿਆਈ ਲਿਆਉਂਦਾ ਤੇ ਹੋਰ ਨਿੱਕ ਸੁੱਕ ਵੀ, ਭੈਣ ਲਈ ਸਪੈਸ਼ਲ ਸੂਟ ਬਣਾਅ ਕੇ ਲਿਆਉਂਦਾ, ਬਾਹਲ਼ਾ ਚਾਅ ਕਰਦਾ। ਉਸ ਦਿਨ ਰੋਂਦਾ

ਪੇਕਿਆਂ ਦਾ ਸੂਟ

ਕਰਨ ਬਰਾੜ ਹਰੀ ਕੇ ਕਲਾਂ

ਗੱਲਬਾਤ

ਅਕਲਵਾਲੇ ਕਦੇ ਵੀ ਈਰਖਾ ਦੇ ਵੱਸ ਪੈ ਕੇ ਕਿਸੇ ਦਾ ਨੁਕਸਾਨ ਨਹੀਂ ਕਰਦੇ, ਕਿਓਂਕਿ ਓਹ ਜਾਣਦੇ ਹੁੰਦੇ ਹਨ ਕਿ ਕਿਸੇ ਨਾਲ ਈਰਖਾ ਖੁਦ ਆਪਣੇ ਲਈ ਦੁੱਖ ਦੀ ਵਜ੍ਹਾ ਬਣ ਜਾਂਦੀ ਹੁੰਦੀ ਹੈ।

ਵੀ ਤੇ ਖੁਸ਼ ਵੀ ਸਭ ਤੋਂ ਵੱਧ ਹੁੰਦਾ। ਸਭ ਨੂੰ ਦੱਸਦਾ ਕਿ ਮੇਰੀ ਰਾਣੀ ਭੈਣ ਆਈ ਹੈ। ਜਵਾਕ ਵੀ ਭੱਜੇ ਫਿਰਦੇ ਭੂਆ ਭੂਆ ਕਰਦੇ।

ਵਕਤ ਦੀ ਮਾਰ ਤੇ ਬੀਤਦੇ ਸਾਲਾਂ ਵਿੱਚ ਗੇਜਾ ਅੱਧਾ ਰਹਿ ਗਿਆ, ਜ਼ਮੀਨ ਵਿਕ ਗਈ ਮਸਾਂ ਇੱਕ ਅੱਧਾ ਕਿੱਲਾ ਹੀ ਬਚਿਆ ਹੋਣਾ, ਟੂਮ ਛੱਲਾ ਵਿਕ ਗਿਆ ਤੇ ਘਰ ਚਲਾਉਂਦਾ ਗੇਜਾ ਆਪ ਵੀ ਵਿਕ ਗਿਆ। ਹੁਣ ਕਬੀਲਦਾਰੀ ਚਲਾਉਣ ਲਈ ਗੇਜਾ ਵਾਰੀ ਵੱਟੇ ਤੇ ਕਿਸੇ ਨਾਲ ਕੰਮ ਕਰਵਾਉਣ ਲੱਗ ਪਿਆ ਫਿਰ ਹੌਲੀ ਹੌਲੀ ਦਿਹਾੜੀ ਜਾਣ ਲੱਗ ਪਿਆ ਤੇ ਅਖੀਰ ਸੀਰੀ ਵੀ ਰਲਣ ਲੱਗ ਪਿਆ। ਸ਼ਰੀਕੇ ਵਾਲੇ ਤਾਂ ਪਹਿਲਾਂ ਹੀ ਵਰਤਣੋਂ ਹੱਟ ਗਏ ਸੀ ਹੁਣ ਤਾਂ ਕੋਈ ਜੱਟ ਜ਼ਿਮੀਂਦਾਰ ਵੀ ਕੋਲੇ ਨਾ ਖੜ੍ਹਦਾ ਕਿ ਸਾਲਾ ਜੱਟ ਹੋ ਕੇ ਸੀਰੀ ਰਲਦਾ। ਗੇਜਾ ਸਭ ਆਪਣੇ ਪਿੰਡੇ 'ਤੇ ਜਰਦਾ ਰਿਹਾ ਅੰਦਰ ਵੜ ਕੇ ਰੋਂਦਾ ਰਿਹਾ ਪਰ ਜਿਵੇਂ ਕਿਵੇਂ ਲੈ ਦੇ ਕੇ ਆਪਣੇ ਮੁੰਡੇ ਨੂੰ ਪੜ੍ਹਾਉਂਦਾ ਰਿਹਾ ਜੋ ਹੌਲੀ ਹੌਲੀ ਜਵਾਨ ਹੋ ਰਿਹਾ ਸੀ।

ਅਖੀਰ ਇੱਕ ਮਾਰ ਹੋਰ ਪਈ ਗੇਜੇ 'ਤੇ, ਜਿਵੇਂ ਰੱਬ ਇਮਤਿਹਾਨ ਲੈ ਰਿਹਾ ਹੋਵੇ। ਰੱਖੜੀ ਦਾ ਦਿਨ ਨੇੜੇ ਆ ਗਿਆ। ਗੇਜੇ ਨੂੰ ਭੈਣ ਦੇ ਆਉਣ ਦਾ ਚਾਅ ਸੀ ਪਰ ਪੈਸੇ ਵੱਲੋਂ ਕੋਈ ਹੀਲਾ ਨਾ ਹੋਵੇ। ਨਾ ਜ਼ਿਮੀਂਦਾਰ ਨੇੜੇ ਲੱਗਣ ਦੇਵੇ ਜਿਨ੍ਹਾਂ ਦੇ ਸੀਰੀ ਲੱਗਿਆ ਸੀ, ਨਾ ਕੋਈ ਦੁਕਾਨ ਦੇ ਥੜ੍ਹੇ ਚੜ੍ਹਨ ਦੇਵੇ ਪੈਸਿਆਂ ਤੋਂ ਬਿਨਾਂ। ਅਖੀਰ ਅੱਕ ਚੱਬਦਾ ਗੇਜਾ ਪੁਰਾਣੇ ਆੜ੍ਹਤੀਆਂ ਦੀ ਹੱਟੀ ਗਿਆ ਜਿਸ ਨੇ ਝੂਠਾ ਕਰਜ਼ਾ ਪਾਇਆ ਸੀ। ਲਾਲਾ ਗੇਜੇ ਨੂੰ ਦੇਖ ਕੇ ਪਹਿਲਾਂ ਡਰਿਆ, ਫਿਰ ਹੱਸਿਆ। ਗੇਜੇ ਨੇ ਪੈਸਿਆਂ ਦੀ ਫ਼ਰਿਆਦ ਕੀਤੀ ਤਾਂ ਆੜ੍ਹਤੀਆ

**ਸ਼ਰੀਕੇ ਵਾਲੇ ਤਾਂ ਪਹਿਲਾਂ ਹੀ ਵਰਤਣੋਂ ਹੱਟ ਗਏ ਸੀ ਹੁਣ ਤਾਂ ਕੋਈ ਜੱਟ ਜ਼ਿਮੀਂਦਾਰ ਵੀ ਕੋਲੇ ਨਾ ਖੜ੍ਹਦਾ ਕਿ ਸਾਲਾ ਜੱਟ ਹੋ ਕੇ ਸੀਰੀ ਰਲਦਾ।**

ਪੁਰਾਣਾ ਜਾਣੂ ਹੋਣ ਕਰਕੇ ਮੁੱਛਾਂ 'ਤੇ ਹੱਥ ਫੇਰ ਕੇ ਕਹਿੰਦਾ, "ਗੇਜਿਆ ਪੈਸਿਆਂ ਦੀ ਕੀ ਗੱਲ ਕਰਦਾਂ ਜਿੰਨੇ ਮਰਜ਼ੀ ਲੈ ਜਾ- ਦਸ ਹਜ਼ਾਰ,ਵੀਹ ਹਜ਼ਾਰ,ਲੱਖ! ਪਰ ਇੱਕ ਕੰਮ ਕਰਨਾ ਪਊ!"। ਗਰਜ਼ਾਂ ਦਾ ਮਾਰਿਆ ਗੇਜਾ ਉਸ ਲਈ ਸਭ ਕੁਸ਼ ਕਰਨ ਨੂੰ ਤਿਆਰ ਸੀ। ਉਹ ਕੁਸ਼ ਵੀ ਕਰ ਸਕਦਾ ਸੀ ਭੈਣ ਦੇ ਸੂਟ ਲਈ। ਆੜ੍ਹਤੀਆਂ ਅੱਗਾ ਪਿੱਛਾ ਜਿਹਾ ਵੇਖ ਕੇ ਬੁੱਲ੍ਹਾਂ 'ਤੇ ਜੀਭ ਮਾਰ ਕੇ ਕਹਿੰਦਾ, "ਓ ਗੇਜਿਆ ਗ਼ੁੱਸਾ ਤਾਂ ਕਰੀਂ ਨਾ, ਉਹ ਤਿਜੋਰੀ ਪਈ ਆ ਕੱਢ ਲਾ ਜਿੰਨੇ ਮਰਜ਼ੀ ,ਪਰ ਇੱਕ ਵਾਰ! ਇੱਕ ਵਾਰ! ਆਪਣੀ ਭੈਣ ! ਭੈਣ ਨੂੰ ਇੱਕ ਵਾਰ ਮੇਰੇ ਨਾਲ !! ਇੱਕ ਰਾਤ !" ਗੱਲ ਪੂਰੀ ਹੋਣ ਤੋਂ ਪਹਿਲਾਂ ਗੇਜੇ ਨੇ ਲਾਲੇ ਦੀ ਘੰਡੀ ਮਰੋੜ 'ਤੀ ਤੇ ਲਾਲਾ ਪਾਰ ਬੋਲ ਗਿਆ।

ਘਰ 'ਤੇ ਇੱਕ ਹੋਰ ਦਰਦਨਾਕ ਤੇ ਮਾਰੂ ਹਾਦਸਾ! ਗੇਜਾ ਅੰਦਰ ਹੋ । ਗੇਜੇ ਦੀ ਘਰਵਾਲੀ ਤੇ ਭੈਣ ਨੇ ਜਿਵੇਂ ਕਿਵੇਂ ਹੋ ਕੇ ਕੇਸ ਲੜਿਆ, ਦਰ ਦਰ ਧੱਕੇ ਖਾਧੇ ਪਰ ਗੇਜਾ ਫਾਹੇ ਲੱਗ ਗਿਆ। ਜਦੋਂ ਲਾਸ਼ ਘਰੇ ਆਈ ਤਾਂ ਸਭ ਪਾਸੇ ਚੁੱਪ ਪੱਸਰ ਗਈ ਪਰ ਗੇਜੇ ਦੇ ਘਰੋਂ ਕੀਰਨੇ ਤੇ ਵੈਣਾਂ ਦੀ ਆਵਾਜ਼ ਕਈ ਮਹੀਨੇ ਆਉਂਦੀ ਰਹੀ । ਸਭ ਕੁਝ ਖ਼ਤਮ ਹੋ ਗਿਆ। ਪਰ ਲੋਕ ਅਣਖੀ ਜੱਟ ਦੀਆਂ ਬਾਤਾਂ ਪਾਉਂਦੇ ਰਹੇ।

ਜਿਵੇਂ ਕਹਿੰਦੇ ਨੇ ਕਿ ਸਭ ਕੁਝ ਖ਼ਤਮ ਹੋ ਕੇ ਵੀ ਇੱਕ ਆਸ ਬਚਦੀ ਆ ਤੇ ਅੱਜ ਉਹੀ ਆਸ ਰਾਣੀ ਨੂੰ ਭਤੀਜੇ ਦੇ ਆਪਣੀ ਕਮਾਈ ਵਿਚੋਂ ਲਿਆਂਦੇ ਸੂਟ ਵਿੱਚੋਂ ਦਿੱਖ ਰਹੀ ਸੀ ਜੋ ਪੜ੍ਹ ਲਿਖ ਕੇ ਆਪਣੀ ਮਿਹਨਤ, ਈਮਾਨਦਾਰੀ ਤੇ ਲਗਨ ਦੇ ਸਿਰ 'ਤੇ ਚੰਗਾ ਇਮਤਿਹਾਨ ਪਾਸ ਕਰ ਕੇ ਕਚਹਿਰੀਆਂ 'ਚ ਵੱਡਾ ਅਫ਼ਸਰ ਲੱਗ ਗਿਆ ਸੀ। ਜੋ ਆਪਣੇ ਪੜ੍ਹਾਈ ਦੇ ਪੈਸੇ ਵੀ ਬਿਨਾਂ ਕਿਸੇ ਦੇ ਮੂਹਰੇ ਹੱਥ ਅੱਡੇ ਖ਼ੁਦ ਦਿਹਾੜੀਆਂ ਕਰ ਕੇ ਪੂਰੇ ਕਰਦਾ ਰਿਹਾ। ਹੁਣ ਉਹੀ ਉਸਦੇ ਘਰ ਤੋਂ ਮੂੰਹ ਮੋੜਨ ਵਾਲੇ ਲੋਕ ਉਸਦੇ ਭਤੀਜੇ ਨੂੰ ਸੌ ਸੌ ਸਲਾਮਾਂ ਕਰਦੇ।

ਅੱਜ ਉਸੇ ਘਰ ਵਿੱਚ ਰੱਖੜੀਆਂ ਬੰਨ੍ਹਣ ਆਈ ਰਾਣੀ ਨੂੰ ਖੁਸ਼ੀਆਂ ਨੱਚ ਰਹੀਆਂ ਦਿਖ ਰਹੀਆਂ ਸਨ, ਜੋ ਕਈ ਸਾਲ ਪਹਿਲਾਂ ਇਸ ਘਰ ਤੋਂ ਰੁੱਸ ਗਈਆਂ ਸੀ। ਅੱਜ ਬਹੁਤ ਸਾਲਾਂ ਬਾਅਦ ਰਾਣੀ ਖੁਸ਼ ਖੁਸ਼ ਤੇ ਮਾਣ ਨਾਲ ਆਪਣੇ ਪੇਕੇ ਘਰ ਤੋਂ ਜਾ ਰਹੀ ਸੀ ਤੇ ਭਤੀਜੇ ਦਾ ਦਿੱਤਾ ਰੱਖੜੀ ਵਾਲਾ ਸੂਟ ਉਸਨੂੰ ਭਰਾ ਦਾ ਨਿੱਘ ਦੇ ਰਿਹਾ ਸੀ, ਤੇ ਭਤੀਜਾ - ਉਸਨੂੰ ਸਾਵੇਂ ਦਾ ਸਾਵਾਂ ਜਵਾਂ ਗੇਜਾ ਹੀ ਲੱਗ ਰਿਹਾ ਸੀ।

..............................

+61430850045

..............................

# ਕਰੇ ਕੋਈ ਤੇ ਭਰੇ ਕੋਈ

## ਸੁਰਜੀਤ ਗੱਗ

ਗੱਲਬਾਤ





ਭੁੱਟੇ ਕਾਲਜ ਹਰਪਿੰਦਰ ਰਾਣਾ ਜੀ ਮਿਲੇ ਤੇ ਹੈਲੋ ਹਾਏ ਬਾਅਦ ਵਿੱਚ ਪਹਿਲਾਂ ਗਿਲੇ ਸ਼ਿਕਵੇ ਕਰਨ ਲੱਗ ਪਏ ਕਿ ਤੂੰ ਆਪ ਤੇ ਮਰੇਂਗਾ, ਨਾਲ ਸਾਨੂੰ ਵੀ ਮਰਵਾਏਂਗਾ। ਮੈਖਿਆ ਕੀ ਗੱਲ ਹੋ ਗਈ। ਕਹਿਣ ਲੱਗੇ ਕਿ ਤੇਰੀ ਕਵਿਤਾ 'ਸ਼ਿਅਰ' ਕੀਤੀ ਸੀ ਤੇ ਮੁੱਛਾਂ-ਦਾਹੜੀਆਂ ਵਾਲੇ ਆ ਗਏ ਕਿ ਤੇਰਾ ਕੁੜੀਏ ਦਿਮਾਗ ਤਾਂ ਨਹੀਂ ਹਿੱਲ੍ਹ ਗਿਆ। ਮੈਖਿਆ ਕਿਹੜੀ ਕਵਿਤਾ, ਕਹਿਣ ਲੱਗੇ 'ਔਰੰਗਜ਼ੇਬ ਦੇ ਅੰਮ੍ਰਿਤ ਛਕਣ ਤੋਂ ਪਹਿਲਾਂ।'

ਰਾਜਪੁਰੇ ਲਾਗੇ ਦਾ ਮਿੱਤਰ ਹੈ, ਸੰਦੀਪ। ਉਹਦੇ ਤੇ ਪੰਚਾਇਤ ਕਰਵਾਉਣ ਨੂੰ ਫਿਰਦੇ ਸੀ ਕੁੱਝ ਲੋਕ। ਕਾਰਣ ਉਹੀ ਕਿ ਇਹ 'ਗੱਗਬਾਣੀ' ਕੀ ਸੋਚ ਕੇ ਸ਼ਿਅਰ ਕਰਦਾ ਹੈ। ਮਾਨਸੇ ਦਾ ਇੱਕ ਮਿੱਤਰ ਅਜੈਪਾਲ ਨੱਤ ਦੱਸਦਾ ਸੀ ਕਿ ਤੇਰੀ 'ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ' ਕਵਿਤਾ ਕਾਲਜ ਦੇ ਸਮਾਗਮ ਵਿੱਚ ਪੜ੍ਹੀ ਸੀ ਤੇ ਓਥੇ ਵੀ ਉਹੀ ਕੁੱਝ ਹੋਇਆ, ਜਿਸ ਦਾ ਪਹਿਲਾਂ ਹੀ ਪਤਾ ਸੀ।

ਏਦਾਂ ਦੇ ਤਜ਼ਰਬੇ ਹੋਰ ਵੀ ਬਹੁਤਿਆਂ ਨਾਲ ਹੋਏ ਹੋਣਗੇ। ਫੇਸਬੁੱਕ 'ਤੇ ਤਾਂ ਤੁਸੀਂ ਸਭ ਵੇਖ ਹੀ ਲੈਂਦੇ ਹੋ।

ਪਹਿਲੀ ਕਲਗੀ ਅਪਣੇ ਉਦੋਂ ਲੱਗੀ ਸੀ ਜਦੋਂ ਲਿਖਾਰੀ ਸਭਾ ਰੂਪਨਗਰ ਨੇ ਲਿਖਾਰੀ ਸਭਾ ਵਲੋਂ ਸਾਲਾਨਾ ਤੋਰ ਤੇ ਛਪਵਾਈ ਕਵਿਤਾਵਾਂ ਦੀ ਪੁਸਤਕ ਵਿੱਚ ਮੇਰੀਆਂ ਦੋ ਕਵਿਤਾਵਾਂ ਪਾਈਆਂ ਤੇ ਬਾਅਦ ਵਿੱਚ ਅਲੋਚਨਾ ਦੇ ਡਰ ਤੋਂ ਇੱਕ ਕਵਿਤਾ ਛਪ ਕੇ ਆ ਚੁੱਕੀ ਕਿਤਾਬ ਵਿੱਚੋਂ ਵਰਕਾ ਪਾੜ ਕੇ ਕੱਢ ਦਿੱਤੀ, ਪਰ ਉਸ ਦੇ ਦੂਸਰੇ ਵਰਕੇ ਦੇ ਪਿਛਲੇ ਪਾਸੇ ਕਿਸੇ ਹੋਰ ਦੀ ਕਵਿਤਾ ਕੱਟੀ ਜਾਣੀ ਸੀ ਤੇ ਫਿਰ ਬਾਕੀ ਅੱਧੀ ਕਵਿਤਾ ਤੇ ਕਾਲੀ ਸਿਆਹੀ ਫੇਰ ਕੇ ਉਸ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ। ਇਹ ਪ੍ਰਾਪਤੀ ਕਿਸੇ ਮੈਡਲ ਤੋਂ ਘੱਟ ਨਹੀਂ ਹੈ।

ਦੂਸਰੀ ਕਲਗੀ ਵੀ ਲਿਖਾਰੀ ਸਭਾ ਰੋਪੜ ਵਲੋਂ ਮੈਨੂੰ ਖਰੀ ਕਵਿਤਾ ਸੁਣਾਉਣ ਤੇ ਲਿਖਾਰੀ ਸਭਾ ਵਿੱਚੋਂ ਬਰਖਾਸਤ ਕਰਕੇ ਲਗਾਈ ਗਈ।

ਤੀਜੀ ਕਲਗੀ ਮੈਂ ਉਦੋਂ ਲੱਗੀ ਸਮਝੀ ਜਦੋਂ ਕਿਸੇ ਮਿੱਤਰ ਨੇ ਦੱਸਿਆ ਕਿ 'ਉਹ' ਤੈਨੂੰ ਚੰਗਾ ਨਹੀਂ ਸਮਝਦੇ। ਉਹ ਨਹੀਂ ਚਾਹੁੰਦੇ ਕਿ ਤੂੰ ਉਹਨਾਂ ਦੀ ਕਿਸੇ ਸਾਹਿਤਕ ਮਹਿਫਿਲ ਵਿੱਚ ਸ਼ਾਮਿਲ ਹੋਵੇ।

ਇਹ ਤੇ ਕੁੱਝ ਵੀ ਨਹੀਂ, ਅਜੇ ਬਹੁਤ ਕਲਗੀਆਂ ਲੱਗਣੀਆਂ ਹਨ।

ਅੱਜ ਹੀ ਪਤਾ ਲੱਗਿਆ ਹੈ ਕਿ ਰੋਪੜ ਦੇ ਨੇੜਲੇ ਪਿੰਡ ਘਨੌਲੀ ਦਾ ਕੋਈ ਸ਼ਿਵ ਸੈਨਾ ਦਾ ਵਰਕਰ ਮੇਰੀ ਕਵਿਤਾ 'ਅੱਜ ਨਹੀਂ ਤੇ ਕੱਲ੍ਹ ਖੜਕਣਗੇ' ਨੂੰ ਸ਼ਿਅਰ ਕਰਨ ਬਦਲੇ 295 ਏ ਤਹਿਤ 14 ਦਿਨਾਂ ਦਾ ਵੀਜ਼ਾ ਲਗਵਾ ਬੈਠਾ ਹੈ। (ਜੇ ਇਹ ਬੰਦਾ ਈਮਾਨਦਾਰ ਹੁੰਦਾ, ਸਾਫ਼ ਦਿੱਖ ਵਾਲਾ ਹੁੰਦਾ, ਸ਼ਿਵਸੇਨਾ ਨਾਲ ਨਾ ਜੁੜਿਆ ਹੁੰਦਾ ਤਦ ਇਸ ਦੇ ਨਾਲ ਹਿੱਕ ਡਾਹ ਕੇ ਖੜ੍ਹਨਾ ਸੀ ਤੇ ਓਥੋਂ ਤੱਕ ਸਾਥ ਦੇਣਾ ਸੀ ਜਿੱਥੋਂ ਤੱਕ ਗੱਲ ਕਿਸੇ ਸਿਰੇ ਨਹੀਂ ਲੱਗਦੀ।)

ਮੈਂ ਇਸ ਨੂੰ ਕੋਈ ਪ੍ਰਾਪਤੀ ਨਹੀਂ ਸਮਝਦਾ ਤੇ ਨਾ ਹੀ ਕੋਈ ਕਲਗੀ ਲੱਗੀ ਸਮਝਦਾ ਹਾਂ, ਕਿਉਂਕਿ ਸ਼ਿਵਸੇਨਾ ਬਾਰੇ ਸਭ ਜਾਣਦੇ ਹਨ ਕਿ ਇਹ ਫਿਰਕਾਪ੍ਰਸਤਾਂ ਦੀ ਜੱਥੇਬੰਦੀ ਹੈ। ਇਹਨਾਂ ਦਾ ਕੰਮ ਹੀ ਚੁਆਤੀ ਲਾਉਣਾ ਹੈ ਤੇ ਸਹੀ ਅਰਥਾਂ ਵਿੱਚ ਇਹ ਜਾਣਬੁੱਝ ਕੇ ਪੰਜਾਬ ਵਿੱਚ ਭਗਵਾਂ ਲਾਗੂ ਕਰਨ ਲਈ ਅਜਿਹੀਆਂ ਹਰਕਤਾਂ ਕਰਦੇ ਹਨ ਕਿ ਸਾਹਮਣੇ ਵਾਲਾ ਗੁੱਸੇ ਵਿੱਚ ਆਵੇ ਤੇ ਫਸਾਦ ਸ਼ੁਰੂ ਹੋਣ। ਮੁੱਖਮੰਤਰੀ ਬਾਦਲ ਦੀ ਸ਼ਿਵਸੇਨਾ ਵਾਲਿਆਂ ਤੇ ਉਚੇਚੀ ਮਿਹਰ ਹੋਣ ਬਾਰੇ ਵੀ ਚਰਚੇ ਆਮ ਸੁਣੇ ਜਾਂਦੇ ਹਨ। ਖੈਰ ਸਾਡਾ ਕੰਮ ਹੈ ਜਾਗਰੂਕਤਾ ਫੈਲਾਉਣਾ। ਹਨ੍ਹੇਰੀਆਂ ਰਾਤਾਂ ਵਿੱਚ ਵੀ ਦੀਵੇ ਬਾਲਣ ਦਾ ਝੱਲ ਹੈ ਸਾਨੂੰ ਤੇ ਇਹ ਦੀਵਾ ਬਲਦਾ ਹੀ ਰੱਖਾਂਗੇ।

{ਗੱਗਬਾਣੀ, ਫੇਸਬੁਕ}

# ਵਗਦੇ ਪਾਣੀ

## ਦੀਵਾਨ ਸਿੰਘ ਕਾਲੇਪਾਣੀ



ਪਾਣੀ ਵਗਦੇ ਹੀ ਰਹਿਣ

ਕਿ ਵਗਦੇ ਸੁੰਹਦੇ ਨੇ

ਖੜੋਂਦੇ ਬੁਸਦੇ ਨੇ

ਕਿ ਪਾਣੀ ਵਗਦੇ ਹੀ ਰਹਿਣ।

ਜਿੰਦਾਂ ਮਿਲੀਆਂ ਹੀ ਰਹਿਣ

ਕਿ ਮਿਲਿਆਂ ਜੀਂਦੀਆਂ ਨੇ

ਵਿਛੜਿਆਂ ਮਰਦੀਆਂ ਨੇ

ਕਿ ਜਿੰਦਾਂ ਮਿਲੀਆਂ ਹੀ ਰਹਿਣ

ਰੂਹਾਂ ਉਡਦੀਆਂ ਹੀ ਰਹਿਣ

ਇਹ ਉੱਡਿਆਂ ਚੜ੍ਹਦੀਆਂ ਨੇ

ਅਟਕਿਆਂ ਡਿਗਦੀਆਂ ਨੇ

ਕਿ ਰੂਹਾਂ ਉਡਦੀਆਂ ਹੀ ਰਹਿਣ

ਤੇ ਮੈਂ ਟੁਰਦਾ ਹੀ ਰਹਾਂ

ਕਿ ਟੁਰਿਆਂ ਵਧਦਾ ਹਾਂ

ਖਲੋਇਆਂ ਘਟਦਾ ਹਾਂ

ਕਿ ਮੈਂ ਟੁਰਦਾ ਹੀ ਰਹਾਂ।

...............................

## ਬਿਮਾਰੀਆਂ

ਵਿਟਾਮਿਨ ਖਾਓ ਬਈ ਵਿਟਾਮਿਨ ਖਾਓ
ਸਰੀਰ ਤੋਂ ਬਿਮਾਰੀਆਂ ਨੂੰ ਦੂਰ ਭਜਾਓ

ਵਿਟਾਮਿਨ ਏ ਰੋਕੇ ਅੰਧਰਾਤਾ
ਵਿਟਾਮਿਨ ਬੀ ਬਿਨ ਦਿਲ ਨੂੰ ਘਾਟਾ
ਵਿਟਾਮਿਨ ਸੀ ਸਕਰਵੀ ਭਜਾਵੇ
ਵਿਟਾਮਿਨ ਡੀ ਰਿਕਟਸ ਨੂੰ ਨੱਥ ਪਾਵੇ
ਓ ਬੱਲੇ ਬੱਲੇ ਬੱਲੇ ਬੱਲੇ ਬੱਲੇ ਬੱਲੇ
ਵਿਟਾਮਿਨ ਖਾਓ...

ਲੋਹੇ ਦੀ ਘਾਟ ਅਨੀਮੀਆ ਲਾਉਂਦੀ
ਆਇਓਡੀਨ ਸਾਨੂੰ ਗਿੱਲੜ੍ਹ ਤੋਂ ਬਚਾਉਂਦੀ
ਕੈਲਸ਼ੀਅਮ ਹੱਡੀਆਂ ਕਰਦਾ ਰਾਜੀ
ਸੁਣ ਲਓ ਗੱਲ ਬੜੇ ਕੰਮ ਦੀ ਭਾਜੀ   ਓ ਬੱਲੇ....

ਕੁਪੋਸ਼ਣ ਵਿਚ ਨਾ ਜੀਵੇ ਕੋਈ
ਸਿਹਤ ਨੂੰ ਰੱਖੀਏ ਸਭ ਨਰੋਈ
ਕਰਮਜੀਤ ਬੜੇ ਛੂਤ ਦੇ ਰੋਗ
ਪਛਾਣ ਹੋਵੇਗੀ ਰਹਾਂਗੇ ਅਰੋਗ   ਓ ਬੱਲੇ.....

..............................................


ਕਰਮਜੀਤ ਸਿੰਘ ਧਾਰੀਵਾਲ
98881-79988

..............................................

# ਚੂਹੇ ਦਾ ਵਿਆਹ

## ਫ਼ਲੋਰਾ ਐਨੀ ਸਟੀਲ (1894 ਦੀ ਅੰਗਰੇਜ਼ੀ ਕਿਤਾਬ ਤੋਂ ਅਨੁਵਾਦ)

ਪੰਜਾਬ ਦੀਆਂ ਬਾਤਾਂ





ਇਕ ਵਾਰ ਦੀ ਗੱਲ ਹੈ ਇਕ ਮੋਟਾ ਤਕੜਾ ਚੂਹਾ ਮੀਂਹ ਵਿਚ ਭਿੱਜ ਗਿਆ, ਤੇ ਦੂਰ ਦੂਰ ਤੱਕ ਮੀਂਹ ਤੋਂ ਕੋਈ ਆਸਰਾ ਨਾ ਦਿਸਦਾ ਵੇਖ ਉਹਨੇ ਝੱਟ ਨਾ ਲਾਈ ਤੇ ਧਰਤੀ ਪੁੱਟਣ ਲੱਗਾ ਤੇ ਛੇਤੀ ਹੀ ਉਸ ਨੇ ਆਪਣੇ ਲਈ ਇਕ ਚੰਗੀ ਖੁੱਡ ਬਣਾਅ ਵੀ ਲਈ, ਜਿਸ ਦੇ ਵਿਚ ਵੜ ਕੇ ਉਹ ਸੁੱਕੀ ਥਾਂ ਬੈਠਾ ਰਿਹਾ ਤੇ ਬਾਹਰ ਵਾਛੜ ਪੈਂਦੀ ਰਹੀ ਜਿਸ ਨੇ ਵਾਹਵਾ ਚਿੱਕੜ ਜਿਹਾ ਕਰ ਦਿੱਤਾ ਹਰ ਪਾਸੇ।

ਜਦੋਂ ਉਹ ਓਦੋਂ ਪੁੱਟਦਾ ਪਿਆ ਸੀ ਤਾਂ ਉਸਨੂੰ ਇਕ ਚੰਗੀ ਤਕੜੀ ਜੜ੍ਹ ਹੱਥ ਲੱਗੀ ਸੀ, ਵਾਹਵਾ ਸੁੱਕੀ ਹੋਈ ਤੇ ਬਾਲਣ ਨੂੰ ਚੰਗੀ, ਜਿਸ ਨੂੰ ਉਸਨੇ ਚੰਗੀ ਤਰ੍ਹਾਂ ਸਾਂਭ ਲਿਆ ਸੀ- ਕਿਉਂਕਿ ਚੂਹਾ ਜੋ ਹੁੰਦਾ ਹੈ ਇਹ ਬੜਾ ਸੁੱਘੜ ਜੀਅ ਹੁੰਦਾ ਹੈ- ਪਈ ਬਾਅਦ ਵਿਚ ਇਹ ਘਰ ਲੈ ਜਾਵਾਂਗਾ। ਤਾਂ ਜਦੋਂ ਮੀਂਹ ਰੁਕਿਆ, ਸੁੱਕੀ ਜੜ੍ਹ ਮੂੰਹ ਵਿਚ ਫੜੀ ਉਹ ਘਰ ਨੂੰ ਟੁਰ ਪਿਆ। ਉਹ ਟੁਰਿਆ ਜਾਵੇ, ਟੁਰਿਆ ਜਾਵੇ...ਚਿੱਕੜ ਤੋਂ ਬਚਦਾ ਬਚਾਂਦਾ,ਤੇ ਉਸ ਨੇ ਕੀ ਵੇਖਿਆ ਕਿ ਇਕ ਬੁੱਢਾ ਆਦਮੀ ਬੈਠਾ ਅੱਗ ਬਾਲਣ ਦੇ ਆਹਰ ਵਿਚ ਰੁੱਝਾ ਹੈ ਜਿਹੜੀ ਬਲਦੀ ਹੀ ਨਹੀਂ ਪਈ, ਤੇ ਨਿੱਕੇ ਨਿੱਕੇ ਬੱਚੇ ਉਸ ਨੂੰ ਘੇਰਾ ਪਾਈ ਖੜ੍ਹੇ, ਰੋਈ ਜਾਂਦੇ ਹਨ, ਰੋਈ ਜਾਂਦੇ ਹਨ।

"ਹੌਅ ਹਾਇ!" ਚੂਹੇ ਦੇ ਮੂੰਹੋਂ ਨਿਕਲਿਆ,ਜੋ ਦਿਲ ਦਾ ਨਰਮ ਸੀ ਤੇ ਨਾਲੇ ਉਸ ਨੂੰ ਸਭ ਕੁਝ ਦਾ ਪਤਾ ਰੱਖਣ ਦਾ ਵੀ ਭੁੱਸ ਸੀ, "ਇਨ੍ਹਾਂ ਕੀ ਚੀਕ ਚਿਹਾੜਾ ਪਾਇਐ! ਹੋਇਆ ਕੀ ਹੈ?"

"ਇਹ ਨਿਆਣੇ ਭੁੱਖੇ ਹਨ," ਆਦਮੀ ਨੇ ਜਵਾਬ ਦਿੱਤਾ; "ਸਵੇਰ ਦਾ ਕੁਝ ਮੂੰਹ ਵਿਚ ਨਹੀਂ ਪਿਆ, ਪਰ ਇਹ ਛਿਟੀਆਂ ਸਿੱਲ੍ਹੀਆਂ ਹਨ, ਅੱਗ ਹੀ ਨਹੀਂ ਫੜਦੀਆਂ,ਤੇ ਮੈਂ ਰੋਟੀਆਂ ਕਿਵੇਂ ਲਾਹਵਾਂ?"

"ਬੱਸ ਏਨੀਓ ਗੱਲ ਹੈ, ਤਾਂ ਸ਼ਾਇਦ ਮੈਂ ਤੇਰੇ ਕਿਸੇ ਕੰਮ ਆ ਸਕਦਾ ਹਾਂ," ਚੰਗੇ ਸੁਭਾਅ ਦਾ ਚੂਹਾ ਕਹਿੰਦਾ, "ਆਹ ਲੈ ਫੜ ਆਹ ਸੁੱਕੀ ਜੜ੍ਹ, ਤੇ ਅੱਗ ਬਲੀ ਕਿ ਬਲੀ ਲੈ!"

ਵਿਚਾਰੇ ਆਦਮੀ,ਹਜਾਰ ਸ਼ੁਕਰਾਨੇ ਕਰ,ਉਹ ਸੁੱਕੀ ਜੜ੍ਹ ਲੈ ਲਈ, ਤੇ ਬਦਲੇ ਵਿਚ ਚੂਹੇ ਨੂੰ ਬੁਰਕੀ ਕੁ ਆਟਾ ਦਿੱਤਾ, ਉਸਦੀ ਮਿਹਰਬਾਨੀ ਤੇ ਉਸਦੇ ਵੱਡੇ ਦਿਲ ਲਈ ਇਨਾਮ।

"ਬੜਾ ਕਿਸਮਤਵਾਲਾ ਹਾਂ ਮੈਂ!" ਚੂਹੇ ਨੇ ਸੋਚਿਆ, ਖੁਸ਼ੀ ਖੁਸ਼ੀ ਆਪਣਾ ਇਨਾਮ ਚੁੱਕੀ ਲਿਜਾਂਦਿਆਂ, "ਤੇ ਹੁਸ਼ਿਆਰ ਵੀ ਬੜਾਂ! ਕਿੰਨਾ ਚੰਗਾ ਰਹਿ ਗਿਆ ਹਾਂ- ਗਲੀ ਹੋਈ ਡੰਡੀ ਜਿਹੀ ਦੇ ਬਦਲੇ ਪੰਜ ਦਿਨਾਂ ਦਾ ਖਾਣ ਨੂੰ ਲੱਭ ਗਿਐ! ਵਾਹ ਬਈ ਵਾਹ! ਵਾਹ! ਅਕਲ ਵੀ ਕਿਆ ਚੀਜ਼ ਹੁੰਦੀ ਹੈ!"

ਉਹ ਟੁਰਿਆ ਜਾਵੇ, ਟੁਰਿਆ ਜਾਵੇ, ਆਪਣੀ ਮਾਰੀ ਹੋਈ ਮੱਲ ਨੂੰ ਢਿੱਡ ਨਾਲ ਲਾਈ,ਕਿ ਅੱਗੇ ਇਕ

# ਚੂਹੇ ਦਾ ਵਿਆਹ



ਇਕ ਮਿਹਨਤੀ ਭਾਰਤੀ ਬੱਚਾ



ਘੁਮਿਆਰ ਦਾ ਵਿਹੜਾ ਦਿਸਿਆ, ਜਿਥੇ ਘੁਮਿਆਰ,ਆਪਣਾ ਚੱਕਾ ਆਪੇ ਘੁੰਮਦਾ ਛੱਡ,ਆਪਣੇ ਤਿੰਨ ਬੱਚਿਆਂ ਨੂੰ ਵਰਾਉਣ ਦੇ ਆਹਰ ਵਿਚ ਲੱਗਾ ਹੋਇਆ ਸੀ, ਜਿਨ੍ਹਾਂ ਅਸਮਾਨ ਸਿਰ 'ਤੇ ਚੁੱਕਿਆ ਹੋਇਆ ਸੀ,ਆਪਣੇ ਚੀਕ ਚਿਹਾੜੇ ਨਾਲ।

"ਹਉ ਹਾਇ!" ਚੂਹਾ ਚੀਕ ਕੇ ਬੋਲਿਆ, ਆਪਣੇ ਕੰਨਾਂ ਵਿਚ ਉਂਗਲਾਂ ਦੇਂਦਿਆਂ, "ਕੀ ਰੌਲਾ ਪਾਇਐ! - ਮੈਨੂੰ ਦੱਸ ਤਾਂ ਸਹੀ ਕਿ ਹੋਇਆ ਕੀ ਹੈ।"

"ਭੁੱਖੇ ਹੋਣੇ ਨੇ," ਘੁਮਿਆਰ ਨੇ ਮਸੋਸੇ ਹੋਏ ਨੇ ਕਿਹਾ; "ਇਨ੍ਹਾਂ ਦੀ ਮਾਂ ਆਟਾ ਲੈਣ ਗਈ ਐ ਬਜਾਰ, ਘਰ ਹੈ ਜੋ ਨਹੀਂ ਆਟਾ। ਤੇ ਇਹ ਨਾ ਕੰਮ ਕਰਨ ਦੇਂਦੇ ਨੇ ਨਾ ਅਰਾਮ!"

"ਬੱਸ ਏਨੀਓ ਗੱਲ! " ਹਰੇਕ ਨੂੰ ਮੱਤਾਂ ਦੇਂਦਾ ਫਿਰਦਾ ਚੂਹਾ ਕਹਿੰਦਾ, "ਤਾਂ ਤੇ ਸ਼ਾਇਦ ਮੈਂ ਤੇਰੇ ਕਿਸੇ ਕੰਮ ਆ ਸਕਦਾ ਹਾਂ। ਆਹ ਲੈ ਫੜ ਆਹ ਆਟਾ, ਤੇ ਝਟਪਟ ਇਹਨੂੰ ਪਕਾਅ ਲੈ, ਤੇ ਇਹਨਾਂ ਨੂੰ ਖੁਆ ਕੇ ਇਨ੍ਹਾਂ ਦੇ ਮੂੰਹ ਬੰਦ ਕਰ!"

ਘੁਮਿਆਰ ਨੇ ਏਨਾ ਸ਼ੁਕਰਾਨਾ ਕੀਤਾ ਚੂਹੇ ਦਾ, ਉਸਦੀ ਮਿਹਰਬਾਨੀ ਲਈ, ਕਿ ਪੁੱਛੋ ਨਾ, ਤੇ ਨਾਲੇ ਇਕ ਚੰਗੀ ਜਿਹੀ ਪੂਰੀ ਪਕਾਈ ਮਟਕੀ ਚੁਣ ਕੇ, ਚੂਹੇ ਨੂੰ, ਜੋਰ ਨਾਲ ਦੇ ਦਿੱਤੀ ਪਈ ਇਹ ਜਰੂਰ ਮੇਰੇ ਵਲੋਂ ਨਿਸ਼ਾਨੀ ਰੱਖ ਲੈ।

ਚੂਹਾ ਇਸ ਵਟਾਂਦਰੇ ਨਾਲ ਨਿਹਾਲ ਹੋ ਗਿਆ, ਤੇ ਹਾਲਾਂਕਿ ਮਟਕੀ ਲਿਜਾਣੀ ਉਸ ਲਈ ਸੌਖੀ ਨਹੀਂ ਸੀ,ਉਸਨੇ ਬਹੁਤ ਹੀ ਔਖੇ ਹੋ ਕੇ ਇਹ ਆਪਣੇ ਸਿਰ 'ਤੇ ਟਿਕਾਅ ਹੀ ਲਈ, ਤੇ ਪੋਲਾ ਪੋਲਾ ਤੁਰ ਪਿਆ, ਪੈਰ ਅੱਗੇ ਪੈਰ ਧਰਦਾ; ਸੜਕੋ ਸੜਕ,ਆਪਣੀ ਪੂਛਲ ਉਸਨੇ ਆਪਣੀ ਬਾਂਹ ਤੋਂ ਦੀ ਵਲ ਲਈ ਏਸ ਡਰੋਂ ਪਈ ਠੇਡਾ ਹੀ ਨਾ ਲੱਗ ਜਾਵੇ ਕਿਤੇ। ਤੇ ਨਾਲ ਆਪਣੇ ਆਪ ਨੂੰ ਆਖੀ ਜਾਵੇ, ਆਖੀ ਜਾਵੇ, "ਬੜਾ ਕਿਸਮਤਵਾਲਾ ਹਾਂ ਮੈਂ ਤੇ ਹੁਸ਼ਿਆਰ ਵੀ ਬੜਾਂ! ਕਿੰਨਾ ਚੰਗਾ ਸੌਦਾ ਕਰ ਲੈਂਦਾਂ!"

ਉਹ ਤੁਰਿਆ ਗਿਆ, ਤੁਰਿਆ ਗਿਆ ਤੇ ਅੱਗੇ ਮਿਲੇ ਕੁਝ ਚਰਾਵੇ ਜੋ ਆਪਣਾ ਮਾਲ ਡੰਗਰ ਚਾਰ ਰਹੇ ਸਨ। ਉਨ੍ਹਾਂ ਵਿਚੋਂ ਇਕ ਇਕ ਮੱਝ ਚੋਅ ਰਿਹਾ ਸੀ, ਤੇ ਬਾਲਟੀ ਉਹਦੇ ਕੋਲ ਹੈ ਨਹੀਂ ਸੀ ਸੋ ਆਪਣੀਆਂ ਜੁੱਤੀਆਂ ਵਿਚ ਹੀ ਦੁੱਧ ਚੋਅ ਰਿਹਾ ਸੀ।

"ਇਹ ਕੀ ਕਮਲ ਪਾਇਐ! ਫਿਟੇ ਮੂੰਹ!" ਹਮੇਸ਼ਾ ਸਾਫ਼ ਸੁਥਰਾ ਰਹਿਣ ਵਾਲਾ ਚੂਹਾ ਕੂਕਿਆ, ਜਿਸਤੋਂ ਇਹ ਸਭ ਬਰਦਾਸ਼ਤ ਨਹੀਂ ਸੀ ਹੋ ਰਿਹਾ। " ਬੜੀ ਕਰਤੂਤ ਹੈ!- ਕੋਈ ਬਾਲਟੀ ਕਿਓਂ ਨਾ ਲਈ?"


"ਕਿਓਂ ਨਾ ਲਈ? ਹੈ ਹੀ ਨਹੀਂ ਸੀ ਸਾਡੇ ਕੋਲ- ਏਸ ਲਈ!" ਚਰਾਵੇ ਨੇ ਕਰਾਰਾ ਜਵਾਬ ਦਿੱਤਾ, ਜਿਸ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਇਹਨੂੰ ਕੀ ਪਈ ਹੈ? ਅਸੀਂ ਜੋ ਮਰਜੀ ਕਰੀਏ!

"ਜੇ ਏਨੀਓ ਗੱਲ ਹੈ," ਨਜ਼ਾਕਤਾਂ ਵਾਲੇ ਚੂਹੇ ਨੇ ਕਿਹਾ," ਮੇਰੇ 'ਤੇ ਮਿਹਰ ਕਰੋ ਤੇ ਇਹ ਮਟਕੀ ਵਰਤ ਲਓ, ਕਿਓਂਕਿ ਮੈਂ ਗੰਦ ਨਹੀਂ ਬਰਦਾਸ਼ਤ ਕਰ ਸਕਦਾ!" ਉਸ ਚਰਾਵੇ ਨੇ, ਜਿਵੇਂ ਇਹ ਕੋਈ ਖਾਸ ਗੱਲ ਨਾ ਹੋਵੇ,ਮਟਕੀ ਲੈ ਲਈ, ਤੇ ਦੁੱਧ ਚੋਈ ਗਿਆ, ਚੋਈ ਗਿਆ ਜੋ ਮਟਕੀ ਵਿਚੋਂ ਬਾਹਰ ਡੁੱਲ੍ਹਣ ਲੱਗਾ; ਫੇਰ ਚੂਹੇ ਵੱਲ ਮੁੜ ਕੇ, ਜੋ ਖਲੋਤਾ ਸਭ ਕੁਝ 'ਤੇ ਅੱਖ ਰੱਖ ਰਿਹਾ ਸੀ,ਕਹਿਣ ਲੱਗਾ, "ਲੈ, ਨਿੱਕਿਆ,ਤੂੰ ਵੀ ਘੁੱਟ ਪੀ ਲੈ, ਤੇਰਾ ਵੀ ਦੇਣਾ ਦੇ ਦਈਏ।"

ਪਰ ਜਿਥੇ ਚੂਹਾ ਚੰਗੇ ਸੁਭਾਅ ਦਾ ਸੀ ਓਥੇ ਆਪਣੇ ਜੋਗਾ ਚਲਾਕ ਵੀ ਸੀ।

"ਨਾ, ਨਾ, ਮਿੱਤਰਾ," ਉਹ ਕਹਿੰਦਾ, "ਏਨੇ ਨਾਲ ਨਹੀਂ ਸਰਨਾ! ਆਪਣੀ ਮਟਕੀ ਦੇ ਬਦਲੇ ਤਾਂ ਦੁੱਧ ਏਨਾ ਪੀਣਾ ਪੈਣੈਂ ਕਿ ਜੋ ਮੇਰੇ ਢਿੱਡ ਵਿਚ ਹੀ ਨਹੀਂ ਆਉਣਾ! ਪਿਆਰੇ ਜਨਾਬ ਜੀ, ਏਨਾ ਕਿਥੇ ਪਾਊਂਗਾ! ਵੈਸੇ ਵੀ, ਮੈਂ ਕਦੇ ਮਾੜਾ ਸੌਦਾ ਨਹੀਂ ਕੀਤਾ, ਤੇ ਏਸ ਲਈ ਮੈਂ ਤੁਹਾਥੋਂ ਇਹ ਆਸ ਕਰਦਾਂ ਕਿ ਤੁਸੀਂ ਘੱਟੋਘੱਟ ਮੈਨੂੰ ਉਹ ਮੱਝ ਦੇ ਦਿਓਗੇ ਜਿਸ ਦਾ ਇਹ ਦੁੱਧ ਹੈ।" {-ਚੱਲਦਾ}

# ਕਲੇਜਾ (ਕਾਲਜਾ,ਜਿਗਰ)




ਕਾਲਜਾ,ਜਿਗਰ

## ਪ੍ਰੇਮ ਅਵਤਾਰ ਰੈਣਾ

ਜਾਣਕਾਰੀ

ਤੁਹਾਡੇ ਸਰੀਰ ਵਿਚ ਕਾਲਜਾ ਸਭ ਤੋਂ ਵੱਡ-ਆਕਾਰੀ ਗਲੈਂਡ(ਗਦੂਦ, ਗਿਲਟੀ) ਹੈ। ਇਹ ਮਿਹਦੇ (ਪੇਟ) ਦੇ ਸੱਜੇ ਹੱਥ,ਫੇਫੜਿਆਂ ਦੇ ਐਨ(ਬਿਲਕੁਲ) ਥੱਲੇ ਸਥਿਤ ਹੁੰਦੈ। ਉਸ ਨੂੰ ਵੇਖ ਕੇ ਤੁਸੀਂ ਇਹ ਨਹੀਂ ਸੋਚ ਸਕਦੇ ਕਿ ਇਹ ਇਕ ਕੈਮੀਕਲ (ਰਸਾਇਣਕ) ਲਿਬਾਰਟਰੀ,ਇਕ ਫੂਡ(ਖੁਰਾਕ)ਦਾ ਡੀਪੂ ਅਤੇ ਸਰੀਰ ਦਾ ਵੱਡਾ (ਮੁਖ, ਮੇਜਰ) ਡਿਸਪੈਚਰ(ਵਸਤਾਂ ਘਲਾਉਣ ਵਾਲਾ) ਹੈ। ਆਓ ਵੇਖੀਏ ਕਿ ਉਹ ਕਿਹੜੇ ਮਹੱਤਵਪੂਰਨ ਕਾਰਜ ਕਰਦੈ ਤੇ ਆਪਣੀ ਜ਼ਿੰਮੇਵਾਰੀ ਨਿਭਾਉਂਦੈ।

ਅਣਥੱਕ ਲਹੂ(ਰਕਤ) ਆਂਦਰਾਂ ਅਤੇ ਮਿਹਦੇ(ਪੇਟ) ਅਤੇ ਪੇਟ ਦੇ ਪਰਦਿਆਂ(ਡਾਇਆਫ੍ਰਾਮ) ਦੇ ਨਾਲ ਨਾਲ ਵਹਿੰਦੇ ਹੋਏ,ਇਕੱਠੇ ਕੀਤੇ ਤਰ੍ਹਾਂ ਤਰ੍ਹਾਂ ਦੇ ਪੌਸ਼ਟਿਕ ਪਦਾਰਥ ਲਗਾਤਾਰ ਕਲੇਜੇ(ਲਿਵਰ) ਕੋਲ ਪਹੁੰਚਾਉਂਦਾ ਹੈ। ਪਹਿਲਾਂ ਕਲੇਜਾ ਉਨ੍ਹਾਂ ਨੂੰ ਬੜੇ ਧਿਆਨ ਦੇ ਨਾਲ ਛਾਂਟਦਾ ਹੈ। ਕੁਝ ਨੂੰ ਉਹ ਇਕਦਮ ਲਹੂ ਨੂੰ ਵਾਪਿਸ ਮੋੜ ਦਿੰਦਾ ਹੈ, ਤਾਂ ਜੋ ਉਹ ਉਨ੍ਹਾਂ ਨੂੰ ਪੱਠਿਆਂ(ਮਾਸ-ਪੇਸ਼ੀਆਂ),ਹੱਡੀਆਂ,ਨਸਾਂ ਅਤੇ ਪੇਟ (ਮਿਹਦਾ) ਵੱਲੀ ਲਿਜਾਅ ਸਕੇ। ਬਾਕੀ ’ਤੇ ਉਹ ਮੁੜ ਕਾਰਜਸ਼ੀਲ ਹੋ ਕੇ, ਉਨ੍ਹਾਂ ਨੂੰ ਨਵੇਂ ਪਦਾਰਥਾਂ ਦੇ ਵਿਚ




ਇਵੇਂ ਬਦਲ ਦਿੰਦਾ ਹੈ ਜਿਵੇਂ ਦੇ ਉਹ ਪਹਿਲਾਂ ਨਹੀਂ ਸਨ। ਸਿਰਫ਼ ਏਦਾਂ ਹੀ ਇਹ ਉਨ੍ਹਾਂ ਨੂੰ ਓਥੇ ਘੱਲ ਸਕਦਾ ਹੈ, ਜਿਥੋਂ ਲਈ ਉਹ ਹਨ। ਹਾਨੀਕਾਰਕ ਪਦਾਰਥ ਸਫ਼ਾਈ ਕਰਨ ਵਾਲੇ ਵਿਭਾਗ ਵਿਚ ਘੱਲੇ ਜਾਂਦੇ ਹਨ। ਇਸ ਬਾਰੇ ਤੁਸੀਂ ‘ਗੁਰਦਿਆਂ’ ਬਾਰੇ ਅਧਿਆਏ ਵਿਚ ਪੜ੍ਹ ਸਕਦੇ ਹੋ।

ਪਰ ਅਸੀਂ ਭਲਾ ਕਲੇਜੇ(ਲਿਵਰ) ਨੂੰ ਖੁਰਾਕ (ਫੂਡ) ਦਾ ਡੀਪੂ ਕਿਉਂ ਕਹਿੰਦੇ ਹਾਂ? ਕਿਉਂਜੋ ਉਹ ਸਰੀਰ ਨੂੰ ਕਾਰਜਸ਼ੀਲ , ਜਿਊਂਦੇ-ਜਾਗਦੇ ਰੱਖਣ ਲਈ ਲੋੜੀਂਦੇ ਪਦਾਰਥਾਂ ਦਾ ਜ਼ਖੀਰਾ ਸਾਂਭੀ, ਰੱਖੀ ਬੈਠਾ ਹੈ। ਕੁਝ ਵੀ ਹੋਵੇ, ਤੁਸੀਂ ਦਿਹਾੜੀ ਵਿਚ ਸਿਰਫ਼ ਤਿੰਨ ਜਾਂ ਚਾਰ ਵਾਰੀ ਖਾਣਾ ਖਾਂਦੇ ਹੋ। ਪਰ ਤੁਹਾਡੇ ਸੈਲ(ਕੋਸ਼ਿਕਾ) ਹਰ ਪਲ(ਸਕਿੰਟ) ਖੁਰਾਕ ਦੀ ਮੰਗ ਕਰੇ ਹਨ, ਸੋ ਕਲੇਜਾ ਲਗਾਤਾਰ ਆਪਣੇ ਸਟੋਰਾਂ ਵਿਚੋਂ ਉਨ੍ਹਾਂ ਨੂੰ ਉਹ ਖੁਰਾਕ ਘੱਲਦਾ ਹੈ।

ਤੁਸੀਂ ਭਾਵੇਂ ਸਵੇਰ ਤੋਂ ਸ਼ਾਮ ਤੀਕਰ ਕੁਝ ਵੀ ਨਾ ਖਾਓ, ਅਤੇ ਇਥੋਂ ਤੀਕਰ ਕਿ ਭਾਵੇਂ ਤੁਸੀਂ ਕੁਝ ਦਿਨ ਵਰਤ ਰੱਖੋ, ਪਰ ਲਹੂ ਤੁਹਾਡੇ ਸੈਲਾਂ ਨੂੰ ਨਿਰੰਤਰ ਖੁਰਾਕ ਪਹੁੰਚਾਉਂਦਾ ਰਹੇਗਾ। ਉਹ ਇਸ ਨੂੰ ਕੇਲਜੇ ਦੇ ਸਟੋਰਾਂ ਤੋਂ ਹਾਸਿਲ ਕਰਦਾ ਹੈ,ਜਿਥੇ ਕਿ ਉਹ ਰਾਖਵੇਂ ਰੱਖੇ ਹੁੰਦੇ ਹਨ। ਅਤੇ ਭਲਾ ਕਲੇਜਾ (ਲਿਵਰ)ਇਕ ਡਿਸਪੈਚਰ(ਵਸਤਾਂ ਘੱਲਣ ਵਾਲਾ) ਕਿਉਂ ਹੈ? ਕਿਉਂ ਜੋ ਉਹ ਬੜੇ ਧਿਆਨ ਨਾਲ ਲਹੂ ਦੀ ਬਣਤਰ ਦਾ ਧਿਆਨ ਰੱਖਦਾ ਹੈ। ਇਹ ਨਹੀਂ ਪਤਾ ਕਿ ਉਹ ਏਦਾਂ ਕਿਵੇਂ ਕਰਦਾ ਹੈ,ਪਰ ਸਾਇੰਸਦਾਨਾਂ ਨੇ ਇਹ ਵੇਖਿਆ, ਨਿਰੀਖਿਆ ਹੈ ਕਿ ਜਦੋਂ ਵੀ ਲਹੂ ਦੀ ਬਣਤਰ ਬਦਲਣ ਲੱਗਦੀ ਹੈ, ਕਲੇਜਾ ਤੁਰਤ ਉਸ ਨੂੰ ਨਾਰਮਲ (ਕੁਦਰਤੀ, ਸਾਧਾਰਨ)ਹਾਲਤ ਵਿਚ ਲਿਆਉਣ ਲਈ ਲੋੜੀਂਦੇ ਪਦਾਰਥ(ਤੱਤ) ਉਸ ਵਿਚ ਜੋੜਦੈ। ਅਜਿਹੀ ਹਾਲਤ ਵਿਚ,ਉਸ ਦੇ ਸਟੋਰਾਂ (ਭੰਡਾਰਿਆਂ)ਵਿਚ ਉਚਤਮ ਕਵਾਲਟੀ ਦਾ ਤਾਜ਼ਾ ਲਹੂ ਥੋੜ੍ਹੀ ਮਾਤਰਾ ਵਿਚ ਜ਼ਰੂਰ ਮਿਲਦਾ ਹੈ।

# ਚਿੱਤ ਚੇਤਾ

ਪਿਆਰ ਜੋ ਹੈ ਇਹ ਪਿਆ ਹੀ ਨਹੀਂ ਰਹਿੰਦਾ ਕਿਸੇ ਪੱਥਰ ਵਾਂਗ।
ਇਸਨੂੰ ਪਾਉਣਾ ਕਰਨਾ ਪੈਂਦਾ ਹੈ, ਗੁੰਨ੍ਹਣਾ ਪਕਾਉਣਾ। ਰੋਟੀਆਂ ਵਾਂਗ।
ਵਾਰ ਵਾਰ। ਹਰ ਵੇਲੇ ਨਵੇਂ ਸਿਰੋਂ।
– ਉਰਸੁਲਾ ਕੇ. ਲੇ ਗੁਇਨ, ਦ ਲੇਥ ਆਫ਼ ਹੈਵਨ।

## ਕਾਨਾ ਸਿੰਘ

ਲੜੀਵਾਰ ਕਿਤਾਬ



### ਗੁਜਰਖਾਨ ਲਾਹੌਰ ਨਾ ਕੂਚਾ

ਗੁਜਰਖਾਨ ਵਿੱਚ ਵੱਡਾ ਗੁਰਦੁਆਰਾ ਸਿੰਘ ਸਭਾ ਦਾ ਹੀ ਸੀ ਤੇ ਦੂਜੇ ਦਰਜੇ ਤੇ ਸਰਦਾਰਾਂ ਦਾ ਗੁਰਦੁਆਰਾ ਜੋ ਸ਼ਹਿਰ ਦੇ ਪਤਵੰਤੇ, ਰਾਇ ਬਹਾਦੁਰ ਸਰਦਾਰ ਬਿਸ਼ਨ ਸਿੰਘ ਅਨਦ ਪਰਿਵਾਰ ਵਲੋਂ ਸਥਾਪਤ ਸੀ। ਇਸ ਤੋਂ ਇਲਾਵਾ ਸਾਡੇ ਨਵੇਂ ਮੁਹੱਲੇ ਵਿਚਲਾ ਮਾਈ ਕਾਕੀ ਦਾ ਗੁਰਦੁਆਰਾ ਵੀ ਸੀ ਜੋ ਅਸਾਂ ਬਾਲਕਾਂ ਨੂੰ ਸਭ ਤੋ ਵੱਧ ਪਿਆਰਾ ਸੀ, ਸਾਡਾ ਛੱਪਣਛੋਤ ਦਾ ਅੱਡਾ।

ਹੋਰ ਵੀ ਗਲੀ ਮੁਹੱਲਿਆਂ ਵਿੱਚ ਸ਼ਾਇਦ ਨਿੱਕੇ ਗੁਰਦੁਆਰੇ ਹੋਣ ਪਰ ਉਹਨਾਂ ਦੀ ਕੋਈ ਯਾਦ, ਸਮ੍ਰਿਤੀ ਨਹੀਂ। ਜੇ ਯਾਦ ਹੈ ਤਾਂ ਸਭ ਤੋਂ ਵੱਧ ਮਾਨਤਾ ਵਾਲੇ ਸਰਬ-ਸਾਂਝੇ ਗੁਰਦੁਆਰੇ ਕੋਠੀ ਦੀ ਜਿਸਨੂੰ 'ਭਾਈ ਪੁਣਛੂ ਸਾਹਿਬ ਨੀ ਕੋਠੀ' ਆਖਿਆ ਜਾਂਦਾ ਸੀ। ਉਦੋਂ ਗੁਰਦੁਆਰਾ ਸਾਹਿਬ ਆਖਣ ਦੀ ਪਿਰਤ ਨਹੀਂ ਸੀ। ਇਸੇ ਕਰਕੇ ਕੋਠੀ ਸਾਹਿਬ ਵੀ ਕਦੇ ਨਹੀਂ ਸੀ ਆਖਿਆ, ਸੁਣਿਆ।

'ਆਓ ਕੋਠੀ ਜੁਲੀਏ' ਬਸ ਇੰਜ ਹੀ ਆਖਦੇ, ਦੌੜਦੇ-ਦਗੜਦੇ ਅਸੀਂ ਜਾ ਵੜਦੇ ਸਾਂ, 'ਭਾਈ ਪੁਣਛੂ ਨੀ ਕੋਠੀ' ਗੱਫਿਆਂ ਦੇ ਗੱਫੇ ਪਰਸ਼ਾਦ ਲੈਣ ਜਿਸਦੀ ਕਦੇ ਨਹੀਂ ਸੀ ਤੋਟ ਡਿੱਠੀ। ਬਸ ਵਰਤਦਾ ਹੀ ਰਹਿੰਦਾ, ਖੁਲ੍ਹਮਖੁਲ੍ਹਾ। ਉਥੇ ਜੋਤ ਵੀ ਜਗਦੀ ਰਹਿੰਦੀ ਦੇਸੀ ਘਿਉ ਦੀ, ਚੌਵੀ ਘੰਟੇ।

ਸਰਬ ਸਾਂਝੀ ਸੀ ਕੋਠੀ।

ਹਿੰਦੂ, ਸਿੱਖ, ਮੁਸਲਮਾਨ ਸਭ ਸੁਆਣੀਆਂ ਦੀ ਇਬਾਦਤਗਾਰ ਤੇ ਸੈਰ-ਗਾਹ ਵੀ। ਸ਼ਾਮ ਹੁੰਦਿਆਂ ਹੀ ਸਭ ਤੁਰ ਪੈਂਦੀਆਂ ਕੋਠੀ ਵਲ, ਧਰੱਚਿਆਂ ਦੇ ਧਰੱਚੇ।

ਬੁੱਢੀਆਂ ਬਾਲੜੀਆਂ, ਵਿਆਹੀਆਂ-ਸੱਜਵਿਆਹੀਆਂ ਸੱਜੀਆਂ ਧਜੀਆਂ ਤੇ ਕੰਜਕਾਂ ਕੁਆਰੀਆਂ ਦੀ ਭੀੜ ਹੀ ਭੀੜ। ਵੱਡੀਆਂ-ਵਡੇਰੀਆਂ ਗੱਲਾਂ ਦੇ ਨਾਲ ਨਾਲ ਜੋੜਿਆਂ ਦੀ ਸੇਵਾ ਕਰਦੀਆਂ ਦਿਸਦੀਆਂ ਤੇ ਸਿਲਮੇ-ਸਤਾਰੇ ਜੜੇ ਲਿਬਾਸਾਂ ਵਿੱਚ ਝਿਲਮਿਲ ਕਰਦੀਆਂ ਵਹੁਟੀਆਂ, ਕੁੜੀਆਂ-ਨੱਢੀਆਂ ਮਿਲਦੀਆਂ ਗਿਲਦੀਆਂ, ਜਫੋ-ਜਫੀ ਹੁੰਦੀਆਂ ਤੇ ਗੋਸ਼ੇ ਕਰਦੀਆਂ।

ਬੇਸ਼ਕ ਬਾਹਲੀਆਂ ਮੈਨੂੰ ਰਿਸ਼ਤੇਦਾਰ ਜਾਂ ਗੁਆਂਢ ਦੀਆਂ ਭੂਆਂ, ਮਾਸੀਆਂ, ਚਾਚੀਆਂ ਦਿੱਸਦੀਆਂ ਪਰ ਕਾਲੇ ਚਿੱਟੇ ਬੁਰਕਿਆਂ ਵਾਲੀਆਂ ਵੀ ਘੱਟ ਨਾ ਦਿਸਦੀਆਂ। ਕੋਈ ਮੁਮਤਾਜ਼ ਦੀ ਮਾਂ, ਕੋਈ ਬਰਕਤ ਦੀ ਭੈਣ ਤੇ ਕੋਈ ਸਲਮਾ ਦੀ ਭਾਬੀ। ਕੋਠੀ ਅੰਦਰ ਵੜਦਿਆਂ ਹੀ ਉਹ ਨਕਾਬ ਚੁੱਕ ਕੇ ਮੱਥਾ ਟੇਕਦੀਆਂ ਅਰ ਜੋਤ ਦੀ ਕਾਲਖ਼ ਨਾਲ ਅੱਖਾਂ ਵਿੱਚ ਧਾਰ ਪਾਉਂਦੀਆਂ।

ਸ਼ਹਿਰ ਦੀਆਂ ਡੋਲੀਓਂ ਨਿਕਲੀਆਂ ਵਹੁਟੀਆਂ, ਨਵਜਾਤ ਸ਼ਿਸ਼ੂਆਂ ਦੀਆਂ ਮਾਂਵਾਂ, ਬਿਮਾਰੀ ਤੋਂ ਚੰਗੀਆਂ ਭਲੀਆਂ ਹੋਈਆਂ ਜ਼ਨਾਨੀਆਂ ਘਰੋਂ ਬਾਹਰ ਪਹਿਲਾ ਪੈਰ ਪੁੱਟਣ 'ਤੇ 'ਭਾਈ ਪੁਣਛੂ ਨੀ ਕੋਠੀ' 'ਚ ਹੀ ਹਾਜ਼ਰੀ ਭਰਦੀਆਂ, ਸ਼ੁਕਰਾਨੇ ਵਿੱਚ ਸਿਰ ਝੁਕਾਂਦੀਆਂ ਅੱਗੇ ਦੀ ਸੁੱਖ ਲਈ ਸੁੱਖਣਾ ਸੁਖਦੀਆਂ, ਮੰਨਤਾਂ ਮੰਨਦੀਆਂ, ਚਾਲੀਹੇ ਕਟਦੀਆਂ, ਪਰਸ਼ਾਦ-ਰੁਮਾਲੇ ਚੜ੍ਹਾਂਦੀਆਂ। ਸ਼ਾਮਾਂ ਵੇਲੇ ਦੀ ਸੰਗਤ ਵਿੱਚ ਮਰਦਾਂ ਦੀ ਸ਼ਮੂਲੀਅਤ ਹੋਣ ਦਾ ਮੈਨੂੰ ਕੋਈ ਚੇਤਾ ਨਹੀਂ।

ਹੋਰ ਕਿਸੇ ਮੰਦਰ ਮਸੀਤ ਜਾਂ ਗੁਰਦੁਆਰੇ ਨੂੰ ਕਦੇ ਕਦੇ ਹੀ ਭਾਗ ਲੱਗਦੇ ਸਨ। ਕਿਸੇ ਪੁਰਬ, ਦਿਨ ਦਿਹਾੜੇ ਜਾਂ ਜੁੰਮੇ-ਈਦ ਨੂੰ ਪਰ ਕੋਠੀ ਵਿੱਚ ਸਦਾ ਹੀ ਗਹਿਮਾ-ਗਹਿਮੀ ਅਤੇ ਨਿੱਤ ਦਾ ਮੇਲ-ਮਿਲਾਪ।

ਜੇ ਬਸੰਤ ਤੇ ਸਿਰਫ਼ ਬਸੰਤ ਹੀ ਸੀ ਉਦੋਂ ਦੇ ਪੰਜਾਬ ਦਾ ਸਰਬ ਸਾਂਝਾ ਤਿਉਹਾਰ ਤਾਂ ਕੋਠੀ ਤੇ ਸਿਰਫ਼ ਕੋਠੀ ਹੀ ਸੀ ਗੁਜਰਖਾਨ ਦਾ ਸਰਬ ਸਾਂਝਾ ਸਿਫ਼ਤ-ਘਰ!

ਮਾਂ ਦਾਦੀ ਤੇ ਹੋਰ ਵੱਡਿਆਂ-ਵਡੇਰਿਆਂ ਤੋਂ

ਚਿੱਤ ਚੇਤਾ

ਕਾਨਾ ਸਿੰਘ

ਲੜੀਵਾਰ ਕਿਤਾਬ

ਬੇਸ਼ਕ ਹਾਥੀ ਦੇ ਉੱਤੇ ਤੀਰ ਹੀ ਕਿਉਂ ਨਾ ਵਰ੍ਹਾਏ ਜਾਣ, ਜ਼ਖਮੀ ਹੋਣ 'ਤੇ ਵੀ ਉਹ ਆਪਣੀ ਗੰਭੀਰਤਾ ਨੂੰ ਕਾਇਮ ਹੀ ਰੱਖੇਗਾ। ਉਸੇ ਤਰ੍ਹਾਂ ਹਿੰਮਤੀ ਵਿਅਕਤੀ ਆਪਣੀਆਂ ਅਸਫਲਤਾਵਾਂ ਤੋਂ ਚੰਚਲ ਨਹੀਂ ਹੋਣਗੇ, ਸਗੋਂ ਆਪਣੇ ਉਤਸ਼ਾਹ ਨੂੰ ਹੋਰ ਬਚਾਈ ਰੱਖਣਗੇ। -ਤਿਰੁੱਕੁਰਲ
(ਤਮਿਲ ਭਾਸ਼ਾ ਦੇ 2000 ਸਾਲ ਪਹਿਲਾਂ ਹੋਏ ਭਗਤ ਕਵੀ)

ਸੁਣਦੇ ਸਾਂ ਕਿ ਪੁਣਛ ਤੋਂ ਆਏ-ਟਿਕੇ ਸਨ ਇੱਥੇ, ਭਾਈ ਪੁਣਛੂ ਸਾਹਿਬ।

ਇਸੇ ਕੋਠੀ ਵਿੱਚ ਉਹ ਇਬਾਦਤ ਕਰਦੇ। ਪੈਰਾਂ ਵਿੱਚ ਘੁੰਗਰੂ ਪਾਈ ਨੱਚਦੇ ਰਹਿੰਦੇ ਵਜਦ ਵਿੱਚ ਰਾਤਾਂ ਬੱਧੀ।

ਜੇ ਅਸਾਂ ਬਾਲਕਾਂ ਨੇ ਆਪਣੇ ਬਜ਼ੁਰਗਾਂ ਤੋਂ ਸੁਣਿਆ ਸੀ ਤਾਂ ਅੱਗੋਂ ਉਹਨਾਂ ਨੇ ਵੀ ਤਾਂ ਆਪਣੇ ਵਡੇਰਿਆਂ ਤੋਂ ਇੰਜ ਜਾਣਿਆ ਹੋਵੇਗਾ।

ਦਾਦੀ ਦੇ ਜਨਮ ਦਾ ਅੰਦਾਜ਼ਾ ਸੰਨ 1880 ਦੇ ਲਗਭਗ ਦਾ ਲਗਾਇਆ ਜਾ ਸਕਦਾ ਹੈ। ਪੂਰੀ ਸਦੀ ਦੀ ਉਮਰ ਹੰਢਾਈ ਦਾਦੀ ਨੇ। ਦਾਦੀ ਦੀਆਂ ਗੱਲਾਂ ਤੋਂ ਪੁਣਛੂ ਸਾਹਿਬ ਦਾ ਸਮਾਂ ਉਨ੍ਹੀਵੀਂ ਸਦੀ ਦੇ ਸ਼ੁਰੂ ਦੇ ਨੇੜੇ ਤੇੜੇ ਦਾ ਸੋਚਿਆ ਮਿਥਿਆ ਜਾ ਸਕਦਾ ਹੈ। ਇਹ ਵੀ ਮਾਂ-ਦਾਦੀ ਦੋਂ ਅਕਸਰ ਹੀ ਸੁਣਦੇ ਸਾਂ ਕਿ ਭਾਈ ਪੁਣਛੂ ਸਾਹਿਬ ਦੇ ਬਚਨ ਸਨ ਕਿ :

'ਗੁਜਰਖ਼ਾਨ ਲਾਹੌਰ ਨਾ ਕੂਚਾ ਬਣਕੇ ਉਜੜ ਜਾਸੀ'

---------

ਰੱਬ ਸਬੱਬੀ ਨਵੰਬਰ, 2010 ਵਿੱਚ ਜੰਮੂ ਕਸ਼ਮੀਰ ਅਕਾਦਮੀ ਵਿੱਚ ਹੋਏ ਤ੍ਰੈਭਾਸ਼ੀ ਮੁਸ਼ਹਿਰੇ ਵਿੱਚ ਸ਼ਿਰਕਤ ਕਰਨ ਗਈ ਨੂੰ ਅਕਾਦਮੀ ਦੀ ਲਾਇਬਰੇਰੀ ਵਿੱਚ ਡਾ. ਜਨਕ ਸਿੰਘ ਕਿਰਤੀ ਦੀ ਪੁਸਤਕ 'ਗਿਆਨੀ ਬੁੱਧ ਸਿੰਘ ਜੀਵਨ ਤੇ ਰਚਨਾਂ' ਮੇਰੇ ਹੱਥ ਲੱਗੀ। ਇਸ ਵਿੱਚ 'ਭਾਈ ਬੁੱਧ ਸਿੰਘ' ਰਚਿਤ 'ਗੁੱਝੇ ਹੀਰੇ' ਦੇ ਆਧਾਰ 'ਤੇ ਭਾਈ ਪੁਣਛੂ ਸਾਹਿਬ ਦਾ ਜ਼ਿਕਰ ਇਸ ਪ੍ਰਕਾਰ ਹੈ:

' ਭਾਈ ਪੁਣਛੂ ਸਾਹਿਬ ਦਾ ਜਨਮ ਇਕ ਡੋਗਰਾ ਪਰਿਵਾਰ ਵਿੱਚ ਮੈਹਿੰਡਰ ਵਿਖੇ ਹੋਇਆ। ਦੋ ਸਾਲ ਆਪ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਭਰਤੀ ਵੀ ਰਹੇ ਪਰ ਅਚਾਨਕ ਆਪ ਨੇ ਨੌਕਰੀ ਛੱਡ ਦਿੱਤੀ ਅਤੇ ਪ੍ਰਾਣੀ ਮਾਤਰ ਦੀ ਸੇਵਾ ਕਰਨੀ ਆਰੰਭ ਦਿੱਤੀ। ਆਪ ਛੂਤ-ਛਾਤ ਨਹੀਂ ਸਨ ਮੰਨਦੇ। ਹਿੰਦੂ ਮੁਸਲਮਾਨ ਦਾ ਵਿਤਕਰਾ ਨਹੀਂ ਸਨ ਮੰਨਦੇ। ਇਕ ਬੋਕਾ ਔਰ ਪਾਣੀ ਦੀ ਮਸ਼ਕ ਆਪ ਹਰ ਸਮੇਂ ਚੁੱਕੀ ਰੱਖਦੇ ਸਨ ਤੇ ਰਾਹ ਜਾਂਦਿਆਂ ਨੂੰ ਪਾਣੀ ਪਿਲਾਉਂਦੇ ਰਹਿੰਦੇ...ਪੋਠੋਹਾਰ ਦੇ ਨਗਰ ਗੁਜਰਖਾਨ, ਰਵਾਤਾਂ ਬਸਾਲੀ, ਸੁਖੋ, ਗਲਿਆਣਾ ਡੋਰਾ ਆਦਿ ਨਗਰਾਂ ਵਿਚ ਘੁੰਮਕੇ ਆਪ ਪ੍ਰਾਣੀ ਮਾਤਰ ਦੀ ਸੇਵਾ ਕਰਦ ਸਨ। ਉਹਨਾਂ ਨਾ ਹੀ ਆਪਣਾ ਕੋਈ ਚੇਲਾ ਬਣਾਇਆ ਅਤੇ ਨਾ ਹੀ ਵਾਰਸ। ਪੰਜ ਕੱਤਕ ਨੂੰ ਹਰ ਸਾਲ ਆਪ ਦੀ ਸਮਾਧੀ 'ਤੇ ਮੇਲਾ ਲਗਦਾ ਹੈ। ਇਸ ਤਰੀਕ ਨੂੰ ਆਪ ਜੋਤੀ ਜੋਤ ਸਮਾਏ ਸਨ ... ਪਤਾ ਨਹੀਂ ਆਪ ਦਾ ਨਾਂ ਹੀ ਪੁਣਛੂ ਸਿੰਘ ਰੱਖਿਆ ਗਿਆ ਸੀ ਜਾਂ ਪੁਣਛਵਾਸੀ ਹੋਣ ਕਰਕੇ ਪੋਠੋਹਾਰ ਵਿੱਚ ਆਪ ਨੂੰ ਪੁਣਛੂ ਜੀ ਕਰ ਕੇ ਬੁਲਾਉਣ ਲੱਗੇ ਸਨ...।'

--------

**ਦੋ ਸਾਲ ਆਪ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਭਰਤੀ ਵੀ ਰਹੇ ਪਰ ਅਚਾਨਕ ਆਪ ਨੇ ਨੌਕਰੀ ਛੱਡ ਦਿੱਤੀ ਅਤੇ ਪ੍ਰਾਣੀ ਮਾਤਰ ਦੀ ਸੇਵਾ ਕਰਨੀ ਆਰੰਭ ਦਿੱਤੀ।**

ਕੱਤਕ ਮਹੀਨੇ ਵਿੱਚ ਰਵਾਤਾਂ ਦਾ ਮੇਲਾ ਲੱਗਦਾ ਸੀ। ਸਾਰਾ ਪੋਠੋਹਾਰ ਹੁੰਮ ਹੁੰਮਾ ਕੇ ਪੁੱਜਦਾ ਸੀ। ਇਹ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਇਸ ਮੇਲੇ ਵਿੱਚ ਮੈਂ ਗੁੰਮ ਗਈ ਸਾਂ, ਪੰਜ ਵਰ੍ਹਿਆਂ ਦੀ ਬਾਲੜੀ।

ਜ਼ਰੂਰ ਇਹ ਓਹੀ ਮੇਅਲਾ ਹੋਣੈ ਜੋ ਭਾਈ ਪੁਣਛੂ ਸਾਹਿਬ ਦੀ ਯਾਦ ਵਿਚ ਉਨਹਾਂ ਦੀ ਸਮਾਧ 'ਤੇ ਲੱਗਦਾ ਰਿਹਾ ਹੋਵੇਗਾ ।

ਹੁਣ ਲਾਹੌਰ ਦੇ ਕੂਚੇ ਗੁਜਰਖਾਨ ਵਲ ਮੁੜਦੇ ਹਾਂ। ਗੁੜ ਅਤੇ ਮੇਵਿਆਂ ਦੀ ਮੰਡੀ, ਰਾਵਲਪਿੰਡੀ ਦੀ ਮੁਖ ਤਹਿਸੀਲ, ਪੋਠੋਹਾਰ ਦਾ ਕੇਂਦਰ ਸੀ, ਗੁਜਰਖ਼ਾਨ ।
ਸਾਂਗਰੀ ਕਿਲ੍ਹਾ, ਬੁੱਧ-ਗੁਫਾਵਾਂ ਜਿਨ੍ਹਾਂ ਦੇ ਠੰਡੇ ਏਕਾਂਤ ਓਹਲੇ ਵਿੱਚ ਬਹਿ ਕੇ ਇਮਤਿਹਾਨਾਂ ਦੀ ਤਿਆਰੀ ਕਰਦੇ ਸਨ ਮੇਰੇ ਵੀਰ, ਵੀਰਾਂ ਦੇ ਦੋਸਤ। ਨਾਲ ਵਗਦੀ ਤ੍ਰਿਖੀ ਨਦੀ, ਕਾਂਸ਼ੀ, ਕਲਕਲਾਂਦੀ।

ਕਾਂਸ਼ੀ ਦੇ ਕੰਢੇ 'ਤੇ ਹੀ ਸਨ ਮੁੰਡਿਆਂ ਦੇ ਇਸਲਾਮੀਆਂ ਅਤੇ ਖ਼ਾਲਸਾ ਹਾਈ ਸਕੂਲ ਜਿਨ੍ਹਾਂ ਵਿਚਕਾਰ ਅਕਸਰ ਹੀ ਹੁੰਦੇ ਦੌੜਾਂ, ਕਬੱਡੀ, ਫੁਟਬਾਲ ਅਤੇ ਹਾਕੀ ਦੇ ਮੁਕਾਬਲੇ ਜਿਨ੍ਹਾਂ ਦੇ ਖਿਡਾਰੀ ਹੁੰਦੇ ਸਨ ਮੇਰੇ ਭਰਾ। ਇਨ੍ਹਾਂ ਹੀ ਸਕੂਲਾਂ ਵਿੱਚ ਪੜ੍ਹੇ ਸਨ ਸਾਡੇ ਪੋਠੋਹਾਰ ਦੇ ਜੰਮਪਲ ਬਾਹਲੇ ਲੇਖਕ, ਸਾਹਿਤਕਾਰ ਤੇ ਬੁੱਧੀਜੀਵੀ।

ਕਵੀ ਪ੍ਰੋ. ਮੋਹਨ ਸਿੰਘ ਤੇ ਉਹਨਾਂ ਦੇ ਸਮਕਾਲੀ ਬਾਹਲੇ ਸਾਹਿਤਕਾਰ ਗੁਜਰਖਾਨ ਦੇ ਹੀ ਪਿੰਡ ਧਮਿਆਲ ਦੇ। ਕਿਸਦਾ ਨਾਂ ਲਈਏ ਤੇ ਕਿਸਦਾ ਛੱਡੀਏ। ਸਭ ਜ਼ਿਲ੍ਹਾਂ ਪਿੰਡੀ, ਤਹਿਸੀਲ ਗੁਜਰਖ਼ਾਨ ਤੇ ਉਸਦੇ ਗਰਾਵਾਂ, ਮੋਹੜਿਆਂ ਦੇ ਹੀ ਜੰਮਪਲ ਹਨ।

ਸੰਨ 1945 ਵਿੱਚ ਗੁਜਰਖਾਨ ਦੇ ਘਰਾਂ ਵਿੱਚ ਬਿਜਲੀ ਪਹੁੰਚ ਗਈ ਸੀ। ਅਜੇ ਵੀ ਯਾਦ ਹਨ ਭਾਪਾ ਜੀ ਬਲਬਾਂ ਅਤੇ ਪੱਖਿਆਂ ਦੇ ਪੁਆਇੰਟਾਂ ਦੀ ਗਿਣਤੀ ਮਿਥਦੇ ਗਿਣਦੇ।

ਚਿੱਤ ਚੇਤਾ

ਕਾਨਾ ਸਿੰਘ

ਲੜੀਵਾਰ ਕਿਤਾਬ




ਅਫ਼ਰੀਕਾ ਤੇ ਭਾਰਤ ਦਰਮਿਆਨ ਵਪਾਰਕ ਰਿਸ਼ਤੇ 6000 ਸਾਲ ਜਾਂ ਵੱਧ ਪੁਰਾਣੇ ਹਨ।

ਉਹਨਾਂ ਦਿਨਾਂ ਵਿੱਚ ਹੀ ਆ ਗਿਆ ਸੀ ਘਰਾਂ ਵਿੱਚ ਟੂਟੀਆਂ ਦਾ ਪਾਣੀ। ਇਸ ਤੋਂ ਪਹਿਲਾਂ ਘਰ ਦੇ ਖੂਹ ਅਤੇ ਭਾਈ ਬਿਸ਼ਨੈ ਅਤੇ ਜੀਤੇ ਰਾਹੀਂ ਸਰਦਾਰਾਂ ਦੇ ਖੂਹ ਦੇ ਮਿੱਠੇ ਪਾਣੀ ਨੂੰ ਵਹਿੰਗੀਆਂ 'ਤੇ ਢੋਏ ਆਏ ਪੀਪੇ ਹੀ ਮੈਨੂੰ ਯਾਦ ਹਨ।

ਇਸੇ ਸਾਲ ਕੁੜੀਆਂ ਦੀ ਅਠਵੀਂ ਜਮਾਤ ਨੌਵੀਂ ਚੜ੍ਹ ਗਈ ਸੀ ਤੇ ਮਿਡਲ ਸਕੂਲ ਹੁਣ ਹਾਈ ਸਕੂਲ ਘੋਸ਼ਿਤ ਹੋ ਗਿਆ ਸੀ।

ਜੀ. ਟੀ. ਰੋਡ ਤੋਂ ਪਾਰ, ਡਾਕ ਬੰਗਲੇ ਦੀ ਬਸਤੀ ਵਿੱਚ ਨਵੇਂ ਗੁਜਰਖ਼ਾਨ ਦੀਆਂ ਕੋਠੀਆਂ ਉਸਰ ਰਹੀਆਂ ਸਨ, ਧੜਾਧੜ।

ਜਿਉਂ ਜਿਉਂ ਗੁਜਰਖ਼ਾਨ ਦੀ ਤਰੱਕੀ ਦੇ ਚਰਚੇ ਹੁੰਦੇ ਨਾਲ ਹੀ ਦੁਹਰਾਇਆ ਜਾਂਦਾ ਭਾਈ ਪੁਣਛੂ ਸਾਹਬ ਦਾ ਵਾਕ :

ਗੁਜਰਖ਼ਾਨ ਲਾਹੌਰ ਨਾ ਕੂਚਾ ਬਣਕੇ ਉਜੜ ਜਾਸੀ

ਕਿਉਂ ਉਜੜਸੀ ?

ਕਿੰਜ ਉਜੜਸੀ ?

ਸਮਝ ਨਾ ਆਵੇ।

ਫਿਰ ਆਣ ਢੁਕਿਆ ਸੰਨ 1947।

ਕਰਫਿਊ। ਰੌਲੇ। ਗੁਆਂਢੀ ਗਰਾਂ-ਮੋਹੜੇ, ਮੰਧਰਾ ਬੇਵਲ, ਸੁਖੋ, ਸਾਗਰੀ ਨੜਾਲੀ, ਧਮਿਆਲ, ਪੰਜ ਗਰਾਈਂ, ਫੁਲਣਾ, ਡੇਰਾ ਖਾਲਸਾ, ਮਣਕਿਆਲਾ, ਦਰਤਾਲਾ, ਸਈਦਾਂ, ਕੱਲਰ, ਗਲਿਆਣਾ, ਲਾਲਾਮੂਸਾ, ਬੜਕੀ – ਕੋਈ ਨਾ ਬਚਿਆ। ਅੱਗਾਂ ਲਪਟਾਂ। ਕੱਟਾਂ ਵੱਢਾਂ। ਚੀਕ ਚਿਹਾੜੇ। ਧੂੰਏਂ ਧਮਾਕੇ।

'ਹਰ ਕੋਈ ਉਜੜਕੇ ਗੁਜਰਖ਼ਾਨ ਪਨਾਹ ਲੈਣ ਦੀ ਕਰਦਾ। ਸਾਡਾ ਘਰ ਵੀ ਭਰ ਗਿਆ ਮਿੱਤਰ-ਰਿਸ਼ਤੇਦਾਰ ਪਰਿਵਾਰਾਂ ਨਾਲ।

ਰਾਜ ਬਦਲਨੇ ਹੀ ਆਏ ਨੁ। ਕਦੇ ਪਰਜਾ ਵੀ ਬਦਲੀ ?'

ਬੇਜੀ ਨੂੰ ਹਾਲਾਂ ਵੀ ਪੱਕਾ ਵਿਸ਼ਵਾਸ ਸੀ। 'ਸਭ ਠੀਕ ਹੋ ਜਾਸੀ। ਸਭ ਠੀਕ ਹੋ

**ਸਾਰੇ ਪੋਠੋਹਾਰ ਵਿੱਚੋਂ ਸ਼ਹਿਰ ਗੁਜਰਖ਼ਾਨ ਹੀ ਖ਼ੂਨ ਖ਼ਰਾਬੇ ਤੋਂ ਸਲਾਮਤ ਰਿਹਾ। ਫ਼ੌਜ ਤੈਨਾਤ ਰਹੀ। ਅਪ੍ਰੈਲ ਤੋਂ ਅਗਸਤ ਵਿੱਚ 99 ਪ੍ਰਤੀਸ਼ਤ ਹਿੰਦੂ ਸਿੱਖ ਆਬਾਦੀ ਗੁਜਰਖ਼ਾਨੋਂ ਕੂਚ ਕਰ ਗਈ।**

ਜਾਸੀ।' ਬੇਜੀ ਸਭ ਨੂੰ, ਖ਼ੁਦ ਨੂੰ ਹੌਸਲਾ ਦੇਣ ਦੀ ਕਰਨ। ਬੇਜੀ ਦੇ ਵੱਡੇ ਵਡੇਰੇ ਸਿੱਖ ਰਾਜ ਵੇਲੇ ਦੇ ਸਨ, ਬੇਜੀ ਦੱਸਦੇ।

ਬਾਕੀ ਤਾਂ ਸਾਰਾ ਪੋਠੋਹਾਰ ਹੀ ਦੰਗਿਆਂ ਦੀ ਲਪੇਟ ਵਿੱਚ ਆਇਆ ਪਰ ਗੁਜਰਖ਼ਾਨ ਬਚ ਗਿਆ।

ਸ਼ਹਿਰ ਦਾ ਥਾਣੇਦਾਰ ਸਈਅਦ, ਸੀ ਭਾਪਾ ਜੀ ਦਾ ਕਾਂਗਰਸੀ ਮਿੱਤਰ। ਨਾਂ ਹੁਣ ਯਾਦ ਨਹੀਂ। ਜੇ ਯਾਦ ਹੈ ਤਾਂ ਇਹੀ ਕਿ ਉਸਦੀ ਧੀ ਸੁਰੱਈਆ ਮੇਰੀ ਜਮਾਤਣ ਸੀ ਤੇ ਪੱਕੀ ਸਹੇਲੀ ਵੀ।

ਥਾਣੇਦਾਰ ਅੱਗੇ ਗਰਾਵਾਂ 'ਚੋਂ ਆਏ ਅੱਲਾ ਹੂ ਅਕਬਰ ਅਤੇ ਯਾ ਅਲੀ ਦੇ ਨਾਅਰੇ ਮਾਰਦੇ ਗੁਜਰਖ਼ਾਨ ਵਿੱਚ ਵੜਦੇ ਧਾੜਵੀਆਂ ਦੀ ਪੇਸ਼ ਨਾ ਗਈ। ਕੁਰਾਨ ਸ਼ਰੀਫ਼ ਨੂੰ ਛਾਤੀ ਨਾਲ ਲਾ ਕੇ ਭੀੜ ਸਾਹਵੇਂ ਖਲੋਤਾ ਅੱਲਾ ਦੀ ਕਸਮ ਖਾਂਦਿਆਂ ਉਹ ਗਰਜਿਆ :

'ਸਾਰੀਆਂ ਗੋਲੀਆਂ ਕੁਰਾਨ ਸ਼ਰੀਫ ਪਾਰ ਕਰ ਕੇ ਮੈਂਢੇ ਸੀਨੇ ਵਿੱਚ ਲਹਿਸਣ ਜੇ ਤੁਸਾਂ ਹਿੱਕ ਖ਼ਤਰੀ ਤੈਂ ਵੀ ਨਿਸ਼ਾਨਾ ਸੋਧਿਆ ਤਾਂ। ਤੁੱਸ ਮੈਂਢੇ ਖ਼ੂਨ ਨੇ ਤੈ ਖ਼ੁਦਾ ਨੇ ਦੇਣਦਾਰ ਹੋਸੋ। ਮਾਹੜੀ ਜਾਨ ਲਈ ਕੈ ਈ ਅੱਗੇ ਵੱਧ ਸਕਣੇ ਹੋ ਤੁੱਸ ...।'

ਮਸ਼ਾਲਾਂ ਨੀਵੀਆਂ ਪੈ ਗਈਆਂ।

ਉਲ੍ਹਰੇ ਹੋਏ ਕਿਰਪਾਨਾਂ ਤੇ ਗੰਡਾਸੇ ਰੁੱਕ ਗਏ।

ਉਸ ਨੇਕ ਰੂਹ, ਠਾਣੇਦਾਰ ਨੇ ਸ਼ਹਿਰ ਦੇ ਹਰ ਮੋੜ ਤੇ ਸਿਪਾਹੀ ਤੈਨਾਤ ਕਰ ਦਿੱਤੇ। ਦਿਨ ਰਾਤ ਦਾ ਸਖ਼ਤ ਪਹਿਰਾ। ਕਾਫ਼ੀ ਦਿਨ ਦੂਰੋਂ ਧਾੜਵੀਆਂ ਅਤੇ ਹੁੜਦੰਗੀਆਂ ਦੇ ਨਾਅਰੇ ਅਰ ਢੋਲ-ਢਮੱਕੇ ਵਜਦੇ ਰਹੇ, ਸੁਣੀਂਦੇ ਰਹੇ।

ਫਿਰ ਕਰਫਿਊ ਲੱਗ ਗਏ। ਲੱਗੇ ਰਹੇ। ਸਾਰੇ ਪੋਠੋਹਾਰ ਵਿੱਚੋਂ ਸ਼ਹਿਰ ਗੁਜਰਖ਼ਾਨ ਹੀ ਖ਼ੂਨ ਖ਼ਰਾਬੇ ਤੋਂ ਸਲਾਮਤ ਰਿਹਾ। ਫ਼ੌਜ ਤੈਨਾਤ ਰਹੀ। ਅਪ੍ਰੈਲ ਤੋਂ ਅਗਸਤ ਵਿੱਚ 99 ਪ੍ਰਤੀਸ਼ਤ ਹਿੰਦੂ ਸਿੱਖ ਆਬਾਦੀ ਗੁਜਰਖ਼ਾਨੋ ਕੂਚ ਕਰ ਗਈ। ਹੱਦੋਂ ਪਾਰ।

ਬੇਜੀ, ਮੇਰੀ ਦਾਦੀ ਉਹਨਾਂ ਇਕ ਪ੍ਰਤੀਸ਼ਤ ਲੋਕਾ ਵਿੱਚੋਂ ਸੀ ਜੋ ਪਿੱਛੇ ਰਹਿ ਗਏ ਸਨ। ਜੋ ਸੋਚਦੇ ਸਨ, ਕਦੇ ਪਰਜਾ ਵੀ ਬਦਲੀ ?

ਬੇਜੀ ਦੋ ਸਾਲ ਬਾਅਦ ਦਿੱਲੀ ਪੁੱਜੇ ਮਿਲਟਰੀ ਦੀ ਮਦਦ ਨਾਲ।

ਉਜੜ ਗਿਆ ਗੁਜਰਖ਼ਾਨ ਲਾਹੌਰ ਦਾ ਕੂਚਾ ਬਣਕੇ।

ਕੀ ਗੁਜਰਖ਼ਾਨ ਹੀ ਉਜੜਿਆ ? ਸਾਰਾ ਪੱਛਮੀ ਤੇ ਪੂਰਬੀ ਪੰਜਾਬ ਨਾ ਉਜੜਿਆ ? ਕੀ ਹਿੰਦੁਸਤਾਨ ਵਿਚ ਉਜਾੜੇ ਤੇ ਘੱਲੂਘਾਰੇ ਨਾ ਹੋਏ ? ਕਿਹੜੀ ਜਗ੍ਹਾ ਸੀ ਜਿੱਥੇ ਹੇਠਲੀ ਉਪਰ ਨਾ ਹੋਈ ?

ਜੇ ਗੁਜਰਖ਼ਾਨ ਲਾਹੌਰ ਦਾ ਕੂਚਾ ਸੀ ਤਾਂ ਹਿੰਦੁਸਤਾਨ ?

ਸੱਚ ਇਹ ਵੀ ਹੈ ਕਿ ਲਾਹੌਰ, ਅੰਮ੍ਰਿਤਸਰ, ਦਿੱਲੀ, ਮੁੰਬਈ ਜਾਂ

ਚਿੱਤ ਚੇਤਾ

ਕਾਨਾ ਸਿੰਘ

ਲੜੀਵਾਰ ਕਿਤਾਬ

ਸਰੀਰ ਦਾ ਇਮਿਊਨ ਢਾਂਚਾ (ਰੋਗ ਤੋਂ ਬਚਾਊ ਢਾਂਚਾ) ਤਕੜਾ ਹੋਵੇ ਤਾਂ ਕੈਂਸਰ ਦੇ ਸੈੱਲਾਂ ਦੇ ਪੈਰ ਨਹੀਂ ਲੱਗਣ ਦੇਂਦਾ। ਫਲ, ਸਬਜ਼ੀ, ਖ਼ੁਰਾਕ ਪੂਰਕ ਗੋਲੀਆਂ, ਕਸਰਤ, ਸਾਵੀਂ ਪਧਰੀ ਜ਼ਿੰਦਗੀ ਮਦਦਗਾਰ ਹੁੰਦੇ ਹਨ। ਮਾੜਾ ਆਲਾਦੁਆਲਾ, ਗੁੱਸਾ ਗਿਲਾ ਰੱਖੀ ਰੱਖਣਾ ਹਾਨੀ ਪਹੁੰਚਾਉਂਦਾ ਹੈ।

ਕਲਕੱਤਾ ਸਭ ਹੀ ਉਜੜੇ ਤੇ ਮੁੜ ਵੱਸੇ ਵੀ ਪਰ ਮੇਵਿਆਂ ਦੀ ਮੰਡੀ, ਗੁੜ ਦਾ ਘਰ, ਪੋਠੋਹਾਰੀ ਸਭਿਅਤਾ ਦਾ ਕੇਂਦਰ, ਗੁਜਰਖ਼ਾਨ ਮੁੜ ਆਪਣੇ ਪੁਰਾਣੇ ਜਲੌਅ ਵਿੱਚ ਨਾ ਪਰਤ ਸਕਿਆ। ਕਿਉਂ ?

ਕਿਉਂਕਿ ਪਿੰਡੀ ਨੇ ਇਸਲਾਮਾਬਾਦ ਵਸਾਅ ਲਿਆ।

ਗੁਜਰਖ਼ਾਨ ਤੋਂ ਤੀਹ-ਚਾਲੀ ਮੀਲਾਂ ਦੀ ਵਿੱਥ 'ਤੇ ਹੀ ਹੈ, ਇਸਲਾਮਾਬਾਦ। ਉਹ ਰਾਜਧਾਨੀ ਬਣ ਗਿਆ। ਇਸਲਾਮਾਬਾਦ ਦੀ ਵਸੋਂ ਦੀ ਗਿਣਤੀ ਸੰਨ 1951 ਵਿੱਚ ਇਕ ਲੱਖ ਸੀ ਤੇ ਹੁਣ ਲੱਖੋ-ਲੱਖ। ਇਸ ਦੇ ਉਲਟ ਗੁਜਰਖ਼ਾਨ ਦੀ ਜਨਸੰਖਿਆ ਇਸ ਵੇਲੇ ਵੀ ਸੱਤਰ ਪਝੱਤਰ ਹਜ਼ਾਰ ਦੇ ਕਰੀਬ ਹੀ ਹੈ ਤੇ ਉਹ ਅਜੇ ਵੀ ਤਹਿਸੀਲ ਹੀ ਹੈ ਰਾਵਲਪਿੰਡੀ ਦੀ। ਜ਼ਿਲ੍ਹਾ ਨਹੀਂ ਬਣਿਆ।

ਗੁਜਰਖ਼ਾਨ ਦੇ ਵਪਾਰੀ ਜ਼ਿਆਦਾ ਕਰਕੇ ਖੱਤਰੀ ਆਬਾਦੀ ਕੂਚ ਕਰ ਕੇ ਇਧਰ ਆ ਗਈ। ਪਿੱਛੇ ਰਹਿ ਗਏ ਗਰੀਬ ਮੁਸਲਮਾਨ ਪਰਿਵਾਰ ਜਿਨ੍ਹਾਂ ਦੇ ਬਾਹਲੇ ਜੁਆਨਾਂ ਦਾ ਮੁੱਖ ਕਿੱਤਾ ਫ਼ੌਜ ਹੈ। ਰੱਜੇ ਪੁੱਜੇ ਕਸ਼ਮੀਰੀ ਅਤੇ ਰਾਜੇ ਪਰਿਵਾਰਾਂ ਵਿੱਚੋਂ ਬਹੁਤੇ ਬਾਹਰ ਚਲੇ ਗਏ ਹਨ। ਕੋਈ ਯੂ ਕੇ ਤੇ ਕੋਈ ਅਮਰੀਕਾ।

ਹੁਣ ਗੁਜਰਖ਼ਾਨ ਦੇ ਦੁਕਾਨਦਾਰ ਜ਼ਿਆਦਾ ਕਰ ਕੇ ਮਹਾਜਰ ਹਨ ਜੋ ਇਧਰੋਂ ਪਰਵਾਸ ਕਰ ਕੇ ਉਥੇ ਜਾ ਟਿਕੇ।

----------

ਮਾਰਚ 2004 ਵਿੱਚ ਮੈਂ ਲਾਹੌਰ ਗਈ। ਸ੍ਰੀ ਮਤੀ ਮਦੀਹਾ ਗੌਹਰ ਦੇ ਸੱਦੇ 'ਤੇ 'ਜ਼ਨਾਨੀ ਨਾਟਕ ਉਤਸਵ' ਵਿੱਚ ਸ਼ਾਮਲ ਹੋਣਾ ਸੀ। ਫੇਰ ਗੁਜਰਾਂਵਾਲੇ ਵਿੱਚ ਮੁਸ਼ਾਇਰੇ ਦੀ ਸ਼ਮੂਲੀਅਤ ਮਗਰੋਂ ਮੇਰੀ ਗੁਜਰਖਾਨ ਦੀ ਤੜਫ਼ ਨੂੰ ਮਹਿਸੂਸ ਕਰਦਿਆਂ ਉਥੋਂ ਦੇ ਪ੍ਰਬੰਧਕਾਂ ਨੇ ਮੇਰਾ ਪੋਠੋਹਾਰ ਜਾਣ ਦਾ

**ਮੇਰੇ ਭਾਪਾ ਜੀ ਦਾ ਹੁੰਦਾ ਬਰਮਾ ਸ਼ੈੱਲ, ਪੈਟਰੋਲ ਪੰਪ ਜੋ ਹੁਣ ਪਾਕਿਸਤਾਨ ਸ਼ੈੱਲ ਅਖਵਾਉਂਦਾ ਸੀ, ਦੇ ਬੂਹੇ ਤੋਂ ਮਿੱਟੀ ਹੂੰਝ ਕੇ ਮੱਥੇ ਲਾਈ ਅਤੇ ਪੋਟਲੀ ਬੰਨ੍ਹ ਕੇ ਭੈਣਾਂ ਭਰਾਵਾਂ ਲਈ ਵੀ ਲੈ ਆਂਦੀ।**

ਜੁਗਾੜ ਕਰ ਦਿੱਤਾ। ਇਸਲਾਮਾਬਾਦ, ਪਿੰਡੀ ਅਤੇ ਪੰਜਾ ਸਾਹਿਬ ਤੋਂ ਹੁੰਦੀ ਹੋਈ ਨੇ ਮੰਧਰੇ ਦੇ ਬੱਸ ਅੱਡੇ 'ਤੇ ਸਥਿਤ ਕਦੇ ਮੇਰੇ ਭਾਪਾ ਜੀ ਦਾ ਹੁੰਦਾ ਬਰਮਾ ਸ਼ੈੱਲ, ਪੈਟਰੋਲ ਪੰਪ ਜੋ ਹੁਣ ਪਾਕਿਸਤਾਨ ਸ਼ੈੱਲ ਅਖਵਾਉਂਦਾ ਸੀ, ਦੇ ਬੂਹੇ ਤੋਂ ਮਿੱਟੀ ਹੂੰਝ ਕੇ ਮੱਥੇ ਲਾਈ ਅਤੇ ਪੋਟਲੀ ਬੰਨ੍ਹ ਕੇ ਭੈਣਾਂ ਭਰਾਵਾਂ ਲਈ ਵੀ ਲੈ ਆਂਦੀ।

ਦਾਦੀ ਮਾਪੇ ਚਾਚੇ ਤਾਂ ਗੁਜ਼ਰ ਗਏ ਸਨ। ਸਹਿਕਦੇ ਹੀ।

ਗੁਜਰਖਾਨ ਗਈ ਤਾਂ ਸਹੀ ਪਰ ਆਪਣਾ ਘਰ ਨਾ ਲੱਭ ਸਕੀ। ਨਾ ਹੀ ਦਾਦਕਾ ਘਰ ਜਿਸਦੀ ਪਿਛਲੀ ਕੋਠੀ ਵਿੱਚ ਮੈਂ ਜਨਮ ਲਿਆ ਸੀ।

ਪੁਰਾਣਾ ਮੁਹੱਲਾ, ਨਵਾਂ ਮੁਹੱਲਾ, ਕਮੇਟੀ ਮੁਹੱਲਾ- ਹੁਣ ਇਹ ਨਾਂ ਨਹੀਂ ਸਨ ਰਹੇ। ਬਦਲ ਗਏ ਸਨ। ਸਾਰੇ।

ਕੀ ਕਰਾਂ---? ਕਿਸ ਤੋਂ ਪੁੱਛਾਂ---?

ਵਕਤ ਸਾਥ ਨਹੀਂ ਸੀ ਦੇ ਰਿਹਾ। ਵਾਪਸ ਛੇਤੀ ਪਰਤਣਾ ਲਾਜ਼ਮੀ ਸੀ। ਵਾਹਗਾ ਬਾਰਡਰ ਜੁ ਪਾਰ ਕਰਨਾ ਸੀ।

ਇਕ ਹੋਟਲ ਦੇ ਕਾਊਂਟਰ 'ਤੇ ਬੈਠੇ ਲਗਭਗ ਆਪਣੀ ਹੀ ਉਮਰ ਦੇ ਬੰਦੇ ਤੋਂ ਪੁੱਛਣ ਦੀ ਹਿੰਮਤ ਕੀਤੀ। ਉਹ ਇਧਰੋਂ ਜਾ ਵੱਸੇ ਸਨ, ਗੁਜਰਖਾਨ। ਉਹਨਾਂ ਦੀ ਮਾਤਭੂਮੀ ਜੰਮੂ ਸੀ।

'ਮੈਂ ਜੰਮੂ ਦੀ ਨੂੰਹ ਹਾਂ ਤੇ ਗੁਜਰਖ਼ਾਨ ਦੀ ਧੀ' ਮੈਂ ਫਿੱਸ ਪਈ।

ਉਸ ਨੇਕ ਰੂਹ ਨੇ ਬੜੀ ਕੋਸ਼ਿਸ਼ ਕੀਤੀ ਪਰ ਨਾ ਲੱਭਿਆ ਮੈਨੂੰ ਆਪਣਾ ਜਾਂ ਦਾਦਕਾ ਘਰ।

ਮੁੜ ਬਹਿ ਗਈ ਟੈਕਸੀ ਵਿੱਚ।

ਇਥੇ ਪਰਤਕੇ ਵੀ ਰਾਬਤਾ ਕਾਇਮ ਰਿਹਾ।

ਪਤਾ ਲੱਗਿਐ ਕਿ ਦਾਦਕੇ ਘਰ ਵਾਲੀ ਜਗ੍ਹਾ 'ਤੇ ਵੱਡਾ ਮਾੱਲ ਉਸਰ ਗਿਆ ਹੈ।

ਸਾਡੇ ਨਵੇਂ ਮੁਹੱਲੇ ਵਾਲੇ ਘਰ ਦੀਆਂ ਤਸਵੀਰਾਂ ਆਈਆਂ।

ਉਂਜ ਦਾ ਉਂਜ ਹੀ ਹੈ ਉਹ ਉੱਚੇ ਥੜ੍ਹੇ ਵਾਲਾ ਕਦੇ ਸਾਡਾ ਹੁੰਦਾ ਘਰ ਤੇ ਭੀੜੀ ਗਲੀ ਵੀ, ਜਿੱਥੇ ਕੋਕਲੇ ਖੇਡਦੀ ਸਾਂ।

ਗੁਜਰਖ਼ਾਨ ਉਜੜਕੇ ਮੁੜ ਵਸਿਆ ਤਾਂ ਹੈ ਪਰ ਲਾਹੌਰ ਦਾ ਕੂਚਾ ਹੀ ਸਮਝੋ।

## ਕਾਂਗਰਸੀ ਨੀ ਧੀ

'ਕਾਂਗਰਸੀ ਨੀ ਧੀ,
ਕਾਂਗਰਸੀ ਨੀ ਧੀ'

ਉੱਚੀ ਉੱਚੀ ਚੀਕਦਿਆਂ ਉਹਨਾਂ ਮੈਨੂੰ ਧਫ਼ੇ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ। ਗਲਮੇ ਤੋਂ ਫੜ ਕੇ ਕਿਸੇ ਮੇਰੀ ਫਰਾਕ ਚੀਰ ਛੋੜੀ ਤੇ ਕੋਈ ਮੇਰੀਆਂ ਲਿਮ੍ਹਾਂ ਪੁੱਟਣ ਲੱਗੀ।

ਵੱਡੀ ਕੱਦਾਵਰ ਅਮਰਜੀਤਾ ਮੇਰੀਆਂ ਦੋਵੇਂ ਬਾਹਵਾਂ ਪਿੱਛੇ ਲਿਜਾਕੇ ਮਰੋੜਨ ਲੱਗੀ।

ਚਿੱਤ ਚੇਤਾ

ਕਾਨਾ ਸਿੰਘ

ਲੜੀਵਾਰ ਕਿਤਾਬ



ਫਲ ਦਾ ਰਸ ਪੀਣ ਨਾਲੋਂ ਇਸ ਨੂੰ ਖਾਣਾ ਬਿਹਤਰ ਹੈ. ਜਦੋਂ ਰਸ ਪੀਓ ਤਾਂ ਘੁੱਟ ਘੁੱਟ ਕਰ ਕੇ ਪੀਓ, ਤਾਂ ਜੋ ਇਹ ਥੁੱਕ ਨਾਲ ਰਲ ਸਕੇ। ਫਲ ਖਾਲੀ ਪੇਟ ਖਾਓ, ਜਾਂ ਖਾਣੇ ਤੋਂ ਪਹਿਲਾਂ।

ਮੈ ਕੁਰਲਾਅ ਉਠੀ।

'ਕਾਂਗਰਸੀ ਨੀ ਧੀ ਹਾਇ ਹਾਇ'

ਕਾਂਗਰਸੀ ਨੀ ਧੀ ਹਾਇ ਹਾਇ

ਅਲਾਹੁਣੀਆਂ ਦੇਂਦੀਆਂ, ਛਾਤੀਆਂ ਪਿਟਦੀਆਂ ਹੋਰ ਵੀ ਆ ਜੁੜੀਆਂ, ਧਰੱਚੇ ਦਾ ਧਰੱਚਾ।

ਮੈਂ ਚੌਥੀ ਜਮਾਤ ਵਿੱਚ ਸਾਂ।

ਮੇਰਾ ਕੀ ਦੋਸ਼ ਸੀ।

ਕੀ ਅਨਰਥ ਕੀਤਾ ਸੀ ਮੈਂ ਜਾਂ ਮੇਰੇ ਭਾਪਾ ਜੀ ਨੇ?

ਮੇਰੀ ਬਾਲ-ਬੁੱਧ ਦੀ ਸਮਝ ਤੋਂ ਬਾਹਰ ਸੀ।

ਜੇ ਚੇਤੇ ਦੀ ਬੁਣਤੀ ਨੂੰ ਉਧੇੜਨ ਲੱਗਾਂ ਤਾਂ ਏਨਾ ਹੀ ਯਾਦ ਆਉਂਦਾ ਹੈ ਕਿ ਇਹ ਸੰਨ 1945-46 ਦੀ ਘਟਨਾ ਹੈ।

ਸਾਰੇ ਗੁਜਰਖ਼ਾਨ ਦੇ ਸਿੱਖ ਭਾਈਚਾਰੇ ਵਿੱਚ ਅਕਾਲੀ ਲਹਿਰ ਦਾ ਜ਼ੋਰ ਸੀ। ਸ਼ਹਿਰ ਵਿੱਚ ਕੇਵਲ ਤਿੰਨ ਹੀ ਕਾਂਗਰਸੀ ਸੁਣੀਂਦੇ ਸਨ, ਮੂਲ ਸਿੰਘ ਡਮੇਲੀ ਵਾਲਾ, ਹਰਨਾਮ ਸਿੰਘ ਬਾਟਾ(ਉਹਦੀ ਜੁੱਤੀਆਂ-ਜੋੜਿਆਂ ਦੀ ਦੁਕਾਨ ਸੀ, ਜ਼ਾਹਿਰ ਹੈ ਉਸ ਕੋਲ ਬਾਟਾ ਕੰਪਨੀ ਦੀ ਏਜੰਸੀ ਹੋਵੇਗੀ) ਤੇ ਤੀਜੇ ਮੇਰੇ ਭਾਪਾ ਜੀ, ਲੀਡਰ ਸਾਹਿਬ।

ਨੌਜੁਆਨ ਪੀੜ੍ਹੀ ਦੇ ਚੋਣਵੇਂ ਸਿੱਟੇ,ਗੁਰਬਖ਼ਸ਼ ਭਾਈਆ ਜੀ ਪੱਕੇ ਅਕਾਲੀ ਸਨ।

ਅਕਾਲੀ ਕੌਣ ਸਨ----?

ਕਾਂਗਰਸੀ ਕੌਣ ਸਨ----?

ਕਿਉਂ ਸਨ----?

ਅੱਠ ਨੌਂ ਵਰ੍ਹਿਆਂ ਦੀ ਮੇਰੀ ਬਾਲ ਉਮਰ ਨੂੰ ਪਤਾ ਨਹੀਂ ਸੀ। ਜੇ ਪਤਾ ਸੀ ਤਾਂ ਏਨਾ ਹੀ ਕਿ ਜਿਹੜੇ ਗੁਰਬਖ਼ਸ਼ ਭਾਈਆ ਜੀ ਆਮ ਤੌਰ ਤੇ ਭਾਪਾ ਜੀ ਦੇ ਪੈਰੀਂ ਪੈਂਦੇ, ਉਹਨਾਂ ਦਾ ਏਨਾਂ ਸਤਿਕਾਰ ਕਰਦੇ, ਉਹੀ ਰਾਤ ਦੇ ਖਾਣੇ ਮਗਰੋਂ ਬੈਠੇ ਉਹਨਾਂ ਨਾਲ ਖ਼ੂਬ ਬਹੁੰਸ਼ਦੇ

## ਜਮਾਤ ਵਿੱਚ ਸਭ ਤੋਂ ਹੁਸ਼ਿਆਰ ਅਤੇ ਨਿੱਕੀਆਂ ਵੱਡੀਆਂ ਦੀ ਚਹੇਤੀ ਨਾਲ ਇਹ ਕੀ ਭਾਣਾ ਵਰਤ ਗਿਆ ਸੀ, ਮੈਨੂੰ ਸਮਝ ਨਹੀਂ ਸੀ ਆ ਰਹੀ।

ਸਨ।

ਬਹਿਸਾਂ ਵਿੱਚ ਮਾਸਟਰ ਤਾਰਾ ਸਿੰਘ, ਮਹਾਤਮਾ ਗਾਂਧੀ, ਭਗਤ ਸਿੰਘ ਤੇ ਬਾਬਾ ਖੜਕ ਸਿੰਘ ਦੇ ਨਾਂ ਬਾਰ-ਬਾਰ ਆਉਂਦੇ ਸਨ। ਕਦੇ ਕਦੇ, ਕਿਸੇ ਸ਼ਨਿਚਰ-ਐਤਵਾਰ ਨੂੰ ਲਾਹੌਰ, ਮੁਗ਼ਲਪੁਰਾ ਵਿਖੇ ਇੰਜੀਨੀਅਰਿੰਗ ਕਾਲਜ ਵਿੱਚ ਪੜ੍ਹਦੇ ਹੋਏ ਮੇਰੇ ਜੀਤ ਵੀਰ ਜੀ ਵੀ ਇਸ ਬਹਿਸ ਵਿੱਚ ਸ਼ਾਮਲ ਹੁੰਦੇ ਸਨ। ਉਹਨਾਂ ਦੇ ਹੋਠਾਂ ਉੱਤੇ ਗਾਂਧੀ ਗਾਂਧੀ ਤੇ ਨਹਿਰੂ ਦੇ ਉਚਾਰਣ ਤੋਂ ਜਾਪਦਾ ਸੀ, ਗਾਂਧੀ ਕੋਈ ਦੇਵਤਾ ਹੈ, ਸਾਰੇ ਗੁਰੂਆਂ ਦਾ ਗੁਰੂ ਤੇ ਨਹਿਰੂ ਉਸਦਾ ਚਹੇਤਾ ਪੁੱਤਰ ਸ਼ਾਇਦ।

ਉਪਰੋਕਤ ਘਟਨਾਂ ਤੋ ਇਕ ਦਿਨ ਪਹਿਲਾਂ ਹੀ ਜੀ ਟੀ ਰੋਡ ਉਪਰ ਇੱਕ ਵੱਡੇ ਸਾਰੇ ਅਹਾਤੇ ਵਿੱਚ ਇਕੱਠ ਹੋਇਆ ਸੀ, ਕਾਂਗਰਸ ਦਾ ਸਮਾਗਮ।

ਨੀਲੇ ਬਾਣੇ ਵਿੱਚ ਕੋਈ ਹਸਤੀ ਸੀ ਜਿਸ ਨੂੰ ਸਾਰੇ ਬਾਬਾ ਖੜਕ ਸਿੰਘ ਜੀ ਆਖ ਰਹੇ ਸਨ। ਇਸ ਇਕੱਠ ਵਿੱਚ ਸਾਡੀ ਡਾਕ ਬੰਗ-ਲੇ ਵਿੱਚ ਉਸਰ ਰਹੀ ਕੋਠੀ ਦਾ ਠੇਕੇਦਾਰ, ਚਾਚਾ ਇਬਰਾਹਿਮ ਵੀ ਸੀ ਤੇ ਤਾਇਆ ਰਾਮ ਲਾਲ ਵੀ। ਬੰਸੀ ਰਾਮ ਬਾਹਰੀ ਵੀ ਸੀ ਤੇ ਸੂਬੇਦਾਰ ਹਰਬੰਸ ਸਿੰਘ ਵੀ। ਇਨ੍ਹਾਂ ਸਾਰਿਆਂ ਦੇ ਚਿਹਰੇ ਅੱਜ ਵੀ ਉਂਜ ਦੇ ਉਂਜ ਮੇਰੇ ਚੇਤੇ ਵਿਚ ਟਿਕੇ ਹੋਏ ਹਨ।

ਵੱਡਾ ਸਮਾਗਮ ਸੀ। ਤਕਰੀਰਾਂ ਹੋ ਰਹੀਆਂ ਸਨ।

ਸਭਾ ਵਿੱਚ ਤੁਰਦੇ ਫਿਰਦੇ ਸਭ ਨਾਲ, ਹੱਥ ਮਿਲਾਂਦੇ, ਸਤਿ ਸ੍ਰੀ ਅਕਾਲ ਤੇ ਫਤਹਿ ਗਜਾਂਦੇ ਮੇਰੇ ਭਾਪਾ ਜੀ ਕਾਲੀ ਅਚਕਨ ਤੇ ਚਿੱਟੇ ਸਾਫ਼ੇ ਅਰ ਪਜਾਮੇ ਵਿੱਚ, ਜੇਬ ਵਿੱਚੋਂ ਗੋਲ ਘੜੀ ਦੀ ਲਟਕਦੀ ਜ਼ੰਜੀਰ ਨਾਲ ਟੁੱਪ-ਟੁੱਪ ਟੁਰਦੇ, ਸਭ ਤੋਂ ਵੱਧ ਪ੍ਰਭਾਵਤ ਕਰ ਰਹੇ ਸਨ ਮੈਨੂੰ।

ਮੇਰੇ ਲਈ ਇਹ ਤਮਾਸ਼ਾ ਹੀ ਸੀ।

ਰੋਜ਼ ਵਾਂਗ ਹੀ ਦੂਜੇ ਦਿਨ ਮੈਂ ਸਕੂਲ ਗਈ। ਅੱਧੀ ਛੁੱਟੀ ਵੇਲੇ ਉਹ ਸਾਰੀਆਂ ਕੁੜੀਆਂ ਰਲ ਮਿਲ ਕੇ ਗੋਸ਼ੇ ਕਰ ਰਹੀਆਂ ਸਨ, ਮੈਨੂੰ ਘੂਰ ਰਹੀਆਂ ਸਨ। ਕੋਈ-ਕੋਈ ਮੇਰੇ ਵੱਲ ਤੱਕ ਕੇ ਚੁਪੇੜ-ਮੁੱਕਾ ਵੀ ਵੱਟ ਰਹੀ ਸੀ।

ਜਮਾਤ ਵਿੱਚ ਸਭ ਤੋਂ ਹੁਸ਼ਿਆਰ ਅਤੇ ਨਿੱਕੀਆਂ ਵੱਡੀਆਂ ਦੀ ਚਹੇਤੀ ਨਾਲ ਇਹ ਕੀ ਭਾਣਾ ਵਰਤ ਗਿਆ ਸੀ, ਮੈਨੂੰ ਸਮਝ ਨਹੀਂ ਸੀ ਆ ਰਹੀ।

ਸਾਰੀ ਛੁੱਟੀ ਹੋਈ। ਬਸਤਾ ਚੁੱਕਿਆ। ਸਕੂਲੋਂ ਬਾਹਰ ਹੁੰਦਿਆਂ ਹੀ ਉਹ ਸਾਰੀਆਂ ਮੇਰੇ 'ਤੇ ਟੁੱਟ ਪਈਆਂ 'ਕਾਂਗਰਸੀ ਨੀ ਧੀ ਕਾਂਗਰਸੀ ਨੀ ਧੀ' ਚੀਕਦੀਆਂ।

ਜੇ ਸਾਰਾ ਸ਼ਹਿਰ ਅਕਾਲੀ ਸੀ ਤਾਂ ਭਾਪਾ ਜੀ ਨੂੰ ਕੀ ਵਖ਼ਤ ਪੈ ਗਿਆ ਸੀ ਕਾਂਗਰਸੀ ਹੋਣ ਦਾ? ਉਹ ਹੋਰਨਾਂ ਦੇ ਪਿਉ-ਭਰਾਵਾਂ ਵਰਗੇ ਕਿਉਂ ਨਹੀਂ ਸਨ?

ਕਾਂਗਰਸੀ ਹੋਣਾ ਕੋਈ ਬਹੁਤ ਬੁਰੀ ਗੱਲ ਸੀ, ਚੋਰ ਲੁਟੇਰੇ ਜਾਂ ਡਾਕੂ ਹੋਣ ਵਰਗੀ

ਚਿੱਤ ਚੇਤਾ

ਕਾਨਾ ਸਿੰਘ

## ਲੜੀਵਾਰ ਕਿਤਾਬ

ਫ਼ਰਿਜ ਵਿਚ ਪਲਾਸਟਿਕ ਦੀਆਂ ਬੋਤਲਾਂ ਵਿਚ ਪਾਣੀ ਨਾ ਰੱਖੋ! ਇਹ ਬਹੁਤੀਆਂ ਬੋਤਲਾਂ ਪਾਣੀ ਵਿਚ ਇਕ ਕੈਂਸਰਦੇਣਾ ਜ਼ਹਿਰੀਲਾ ਪਦਾਰਥ ਡਾਇਔਕਸਿਨ ਛੱਡਦੀਆਂ ਲੱਭੀਆਂ ਹਨ।



ਤੇ ਮੈਂ ਉਸੇ ਭਾਪਾ ਜੀ ਦੀ ਧੀ ਸਾਂ। ਛੀ ਛੀ! ਧਰਤੀ ਵਿਹਲ ਦਵੇ ਤੇ ਮੈਂ ਸਮਾਅ ਜਾਵਾਂ।

ਮੈਂ ਆਤਮ ਗਲਾਨੀ ਨਾਲ ਲਬਰੇਜ਼ ਸਾਂ।

ਰੋਂਦੀ ਰੋਂਦੀ ਘਰ ਆਈ। ਘਰ ਵਿੱਚ ਮਾਂ ਨਹੀਂ ਸੀ। ਉਹ ਪਿੰਡੀ ਗਈ ਹੋਈ ਸੀ, ਮੈਥੋਂ ਨਿੱਕੇ ਵੀਰ ਨੂੰ ਹੋਲੀ ਫ਼ੈਮਿਲੀ ਹਸਪਤਾਲ ਦਿਖਾਣ। ਉਹ ਅਕਸਰ ਬਿਮਾਰ ਰਹਿੰਦਾ ਸੀ। ਉਸ ਦਾ ਜਿਗਰ ਵਧਿਆ ਹੋਇਆ ਸੀ।

ਮਾਨਾ ਵੀ ਨਾਲ ਗਈ ਸੀ।

ਮਾਨਾ ਮੈਥੋਂ ਦੋ ਸਾਲ ਵੱਡੀ ਸੀ ਪਰ ਖੁੱਲ੍ਹੇ ਮੋਕਲੇ ਅੰਗਾਂ ਵਾਲੀ ਹੋਣ ਕਾਰਨ ਜ਼ਿਆਦਾ ਵੱਡੀ ਲਗਦੀ। ਉਹ ਪੜ੍ਹਾਈ ਵਿੱਚ ਕਮਜ਼ੋਰ ਸੀ। ਉਸ ਦਾ ਪੰਜਾ ਬੜਾ ਭਾਰਾ ਸੀ। ਉਸ ਤੋਂ ਅਕਸਰ ਹੀ ਮੈਨੂੰ ਮਾਰ ਖਾਣੀ ਪੈਂਦੀ ਸੀ। ਅਸੀਂ ਉਪਰੋਤਲੀ ਦੀਆਂ ਜੁ ਸਾਂ। ਉਹ ਕਦੋਂ ਵਿਆਹੀ ਜਾਵੇਗੀ ਤੇ ਮੇਰੀ ਬੰਦ ਖਲਾਸੀ ਹੋਵੇਗੀ, ਮੈਂ ਸੋਚਦੀ ਪਰ ਅੱਜ ਉਸ ਦਾ ਸਕੂਲੋਂ ਗੈਰ-ਹਾਜ਼ਰ ਹੋਣਾ ਮੈਨੂੰ ਡਾਢਾ ਭੈੜਾ ਲੱਗਾ। ਜੇ ਉਹ ਹਾਜ਼ਰ ਹੁੰਦੀ ਤਾਂ ਕਿਸੇ ਦੀ ਹਿੰਮਤ ਨਹੀਂ ਸੀ ਪੈਣੀ ਮੇਰਾ ਵਾਲ ਵੀ ਵਿੰਗਾ ਕਰਨ ਦੀ। ਆਪ ਭਾਵੇਂ ਕਿੰਨਾਂ ਕੁੱਟ ਲਵੇ ਮਾਨਾਂ ਪਰ ਹੋਰ ਕਿਸੇ ਨੂੰ ਉਸ ਹੱਥ ਨਹੀਂ ਸੀ ਲਾਣ ਦੇਣਾ, ਮੈਨੂੰ ਯਕੀਨ ਸੀ।

ਸਾਡੇ ਘਰ ਦੇ ਸਾਹਮਣੇ ਹੀ ਗੋਮਾ ਮਾਸੀ ਦੀ ਹਵੇਲੀ ਸੀ। ਗੋਮਾ ਮਾਸੀ ਸਾਰੇ ਮੁਹੱਲੇ ਦੀ ਚੌਧਰਾਣੀ ਜਿਹੀ ਸੀ।

ਸੁਰਮਾ ਤੇ ਕੱਜਲ ਬਣਾਉਣ ਦੀ ਮਾਹਰ।

ਹਰ ਮਰਜ਼ ਦੀ ਦਵਾ।

ਸਿਆਪੇ ਦੀ ਸਰਦਾਰਨੀ।

ਗੋਮਾ ਕੋਲ ਸ਼ਹਿਰ ਦੀਆਂ ਨਵੀਆਂ ਨੂੰਹਾਂ ਵੈਣ ਤੇ ਅਲਾਹੁਣੀਆਂ ਸਿੱਖਣ ਲਈ ਵੀ ਆਉਂਦੀਆਂ ਸਨ ਤੇ ਤੀਲਾਂ ਨਾਲ ਨਾੜੇ ਬੁਣਨ, ਫੁਲਕਾਰੀ ਕੱਢਣ, ਅਚਾਰ-ਮੁਰੱਬੇ ਅਤੇ ਕੁਲਫ਼ੀ ਬਣਾਉਣ ਦਾ ਵੱਲ ਵੀ।

ਪੀਢਾ ਜੇਹਾ ਮੂੰਹ ਕਰ ਕੇ 'ਜਿੱਤਨਾਂ ਝੂਠ

ਉਸ ਤੋਂ ਅਕਸਰ ਹੀ ਮੈਨੂੰ ਮਾਰ ਖਾਣੀ ਪੈਂਦੀ ਸੀ। ਅਸੀਂ ਉਪਰੋਤਲੀ ਦੀਆਂ ਜੁ ਸਾਂ। ਉਹ ਕਦੋਂ ਵਿਆਹੀ ਜਾਵੇਗੀ ਤੇ ਮੇਰੀ ਬੰਦ ਖਲਾਸੀ ਹੋਵੇਗੀ, ਮੈਂ ਸੋਚਦੀ।

ਮਾਰੋ ਥੋੜ੍ਹਾ ਹੈ' ਦੇ ਤਕੀਆ ਕਲਾਮ ਨਾਲ ਗੋਮਾ ਗੱਲ ਸ਼ੁਰੂ ਕਰਦੀ।

ਸਾਹਮਣੇ ਤਾਂ ਨਹੀਂ ਪਰ ਕੰਡੀ ਪਿੱਛੇ ਗੁਆਂਢ-ਮਾਸੀਆਂ, ਚਾਚੀਆਂ ਤੋਂ ਮੈਂ ਉਸ ਨੂੰ ਫਫਾਕੁੱਟਣ ਮਾਸੀ ਵੀ ਆਖਦਿਆਂ ਸੁਣਿਆ ਸੀ। ਫੱਟੇ ਹਾਲ, ਖੁੱਥੇ ਗਲਮੇ ਤੇ ਬਿਖ਼ਰੇ ਵਾਲਾਂ ਅਰ ਝਰੀਟੋ-ਝਰੀਟ ਮੂੰਹ ਦੀ ਤਰਸਯੋਗ ਹਾਲਤ ਵਿੱਚ ਮੈਨੂੰ ਵੇਖਦਿਆਂ ਹੀ ਗੋਮਾ ਮਾਸੀ ਨੇ ਮੈਨੂੰ ਕਲਾਵੇ ਵਿੱਚ ਲੈ ਲਿਆ।

ਮਾਂ ਜਦੋਂ ਵੀ ਅੱਗੇ ਪਿੱਛੇ ਜਾਂਦੀ ਗੋਮਾ ਮਾਸੀ ਹੀ ਅਸਾਂ ਬੱਚਿਆਂ ਦਾ ਧਿਆਨ ਰੱਖਦੀ। ਮੈ ਉਹਦੇ ਗਲ ਲੱਗਕੇ ਫਿਸ ਪਈ, ਜ਼ਾਰੋ ਜ਼ਾਰ।

" ਕਲ੍ਹ ਤੂੰ ਸਕੂਲ ਜਾਂਦਿਆਂ ਹੀ ਆਖ ਦੇਵੀਂ ਹੁਣ ਮੇਰੇ ਭਾਪਾ ਜੀ ਵੀ ਅਕਾਲੀ ਹੋ ਗਏ ਹਨ, ਬੱਸ।"

ਗੋਮਾ ਮਾਸੀ ਨੇ ਖੰਡੇਵਾਲੀ ਪੀਲੀ ਝੰਡੀ ਮੇਰੇ ਫਰਾਕ ਦੇ ਸੱਜੇ ਮੋਢੇ ਵੱਲ ਨੱਥੀ ਕਰ ਦਿੱਤੀ ਜੋ ਸਕੂਲ ਵਿੱਚ ਦਾਖ਼ਲ ਹੁੰਦਿਆਂ ਹੀ ਸਭ ਨੂੰ ਨਜ਼ਰ ਆ ਗਈ।

ਹੋ ਸਕਦੈ ਉਹ ਸਾਰੀਆਂ ਵੀ ਆਪਣੀ ਥਾਵੇਂ ਡਰੀਆਂ ਹੋਈਆਂ ਹੋਣ।

'ਮੇਰੇ ਭਾਪਾ ਜੀ ਵੀ ਅਕਾਲੀ ਹੋ ਗਏ ਹਨ।'

ਮੇਰੇ ਕਹਿਣ ਦੀ ਦੇਰ ਸੀ ਕਿ ਉਹ ਸਭ ਮੈਨੂੰ ਜੱਫੀਆਂ ਪਾ ਪਾ ਮਿਲਣ ਲੱਗੀਆਂ। ਅਮਰਜੀਤਾ ਨੇ ਤਾਂ ਚੁੱਕ ਕੇ ਮੈਨੂੰ ਪਿਆਰ ਭੁਆਟਣੀਆਂ ਹੀ ਦੇ ਦਿੱਤੀਆਂ।

ਦੂਜੇ ਦਿਨ ਸਕੂਲ ਨਾਲ ਲੱਗਦੇ ਸਿੰਘ ਸਭਾ ਦੇ ਗੁਰਦੁਆਰੇ ਵਿੱਚ ਦੀਵਾਨ ਲੱਗਾ ਹੋਇਆ ਸੀ। ਭਾਰਾ ਸਮਾਗਮ ਸ਼ਾਇਦ ਵਿਸਾਖੀ ਸੀ ਜਾਂ ਕੋਈ ਹੋਰ ਪੁਰਬ।

ਮੈਂ ਵੀ ਸ਼ਮਾਲ ਸਾਂ ਸੰਗਤ ਵਿੱਚ ਸਣੇ ਆਪਣੀਆਂ ਬਾਲ-ਸਖੀਆਂ ਦੇ।

ਸਟੇਜ ਉੱਤੇ ਗਾ ਰਿਹਾ ਸੀ ਉਹ। ਬਚਨ ਸਿੰਘ ਬਚਨ ਸੀ ਉਸ ਦਾ ਨਾਂ। ਉਹ ਪਿੰਡੀਓਂ ਆਇਆ ਸੀ। ਰੇਡਿਓ ਸਿੰਗਰ। ਤੇ ਗੀਤ ਸੀ:

ਪੰਥ ਜੇ ਆਜ਼ਾਦ ਤੇਰਾ
ਦੇਸ ਵੀ ਆਜ਼ਾਦ ਹੈ
ਪੰਥ ਜੇ ਆਬਾਦ ਤੇਰਾ
ਦੇਸ ਵੀ ਆਬਾਦ ਹੈ।

ਇਕ ਜੋਸ਼ ਦਾ ਦਰਿਆ ਠਾਠਾਂ ਮਾਰ ਰਿਹਾ ਸੀ।

ਗੀਤ ਖ਼ਤਮ ਹੁੰਦਿਆਂ ਹੀ ਜੈਕਾਰੇ ਨਾਅਰੇ ਸ਼ੁਰੂ ਹੋ ਗਏ, ਗੂੰਜਦੇ, ਅਕਾਸ਼ ਛੂੰਹਦੇ ਤੇ ਮੈਂ ਵੀ ਸ਼ਾਮਲ ਸਾਂ ਉਸ ਜੋਸ਼ਨਾਦ ਵਿੱਚ ਸਣੇ ਸਾਥਣਾਂ ਦੇ ਬਾਹਾਂ ਉਲਾਰਦੀ ਤੇ ਗਰਜਦੀ।

ਹੁਣ ਮੈਂ ਵੀ ਅਕਾਲਣ ਸਾਂ ਨਾ ਕਿ ਕਾਂਗਰਸੀ ਨੀ ਧੀ, ਸਾਰੀਆਂ ਕੁੜੀਆਂ ਨੂੰ ਯਕੀਨ ਹੋ ਗਿਆ ਸੀ।

ਮੋਹਾਲੀ—95019-44944

# ਬਾਵਾ ਬਲਵੰਤ ਤੇ ਉਸਦੀ ਰਚਨਾ

## ਸ਼ਿਵਨਾਥ

ਲੇਖ



ਬਾਵਾ ਬਲਵੰਤ ਨੂੰ ਮੈਂ ਕੇਵਲ ਇਕੋ ਵਾਰ ਮਿਲਿਆ ਸਾਂ ਪਰ ਮੈਂ ਉਸਦੀ ਰਚਨਾ ਨੂੰ ਪਿਛਲੇ ਕਾਫ਼ੀ ਸਮੇਂ ਤੋਂ ਪੜ੍ਹਦਾ ਆ ਰਿਹਾ ਹਾਂ ਜਿਸ ਵਿਚ 'ਕ੍ਰਿਸ਼ਨਾ' ਦਾ ਬਾਰ-ਬਾਰ ਜ਼ਿਕਰ ਆਉਂਦਾ ਹੈ।ਮੇਰੀ ਜਾਚੇ ਕ੍ਰਿਸ਼ਨਾ ਉਸਦੀ ਪ੍ਰੇਮਿਕਾ ਵੀ ਹੈ ਤੇ ਪ੍ਰੇਰਨਾ ਵੀ।

ਬਕੌਲ ਬਾਵਾ ਬਲਵੰਤ ਦੇ :

ਪਰ ਅਚਾਨਕ ਪ੍ਰੀਤ ਮੇਰੀ ਨਾਲ ਕ੍ਰਿਸ਼ਨਾ ਹੋ ਗਈ,
ਰੇਸ਼ਮੀ-ਜ਼ੁਲਫ਼ਾਂ ਨੇ ਛੂਹਿਆ ਹੈ ਦਿਲ ਦੇ ਸਾਜ਼ ਨੂੰ,
ਪ੍ਰੇਮ ਸਮਝਾਇਆ ਹੈ ਆ ਕੇ ਜ਼ਿੰਦਗੀ ਦੇ ਰਾਜ਼ ਨੂੰ।
ਜ਼ਿੰਦਗਾਨੀ ਹੈ ਪ੍ਰਾਇਆ ਧੰਨ ਨਹੀਂ
ਜ਼ਿੰਦਗੀ ਨੂੰ ਮਾਨਣਾ ਔਗੁਣ ਨਹੀਂ ।
ਕਿਉਂ ਖ਼ਿਆਲਾਂ ਦੇ ਲਈ ਹਨ ਬੇੜੀਆਂ ?
ਜਦ ਹਵਾ ਨੂੰ ਵਕਤ ਨੂੰ, ਬੰਧਨ ਨਹੀਂ।
ਰੋਜ਼ ਲੰਘਦਾ ਹਾਂ ਗਲੀ ਤੇਰੀ 'ਚੋਂ ਮੈਂ
ਚਾਹੇ ਕਿਸਮਤ ਵਿਚ ਤੇਰਾ ਦਰਸ਼ਨ ਨਹੀਂ ਜਾਂ

ਕੀ ਖੋਹੇਗੀ ਦੁਨੀਆਂ ਮੈਥੋਂ
ਕੀ ਇਹ ਦਰਦੀ ਤੇਰੇ
ਤੂੰ ਹੈਂ ਭਾਗਪਰੀ ਦੇ ਵਾਂਗੂੰ
ਹਰ ਇਕ ਗੀਤ 'ਚ ਮੇਰੇ।

ਅਤੇ ਇਸੇ ਤਰ੍ਹਾਂ ਹੀ :

ਸੁੱਤੇ ਹੋਏ ਬਣਾਂ 'ਚੋਂ, ਅਧਮੋਏ ਜੰਗਲਾਂ 'ਚੋਂ
ਲੰਘੇ ਕਮਾਲ-ਪੂਰਨ ਦੁਨੀਆਂ ਨਵੀਂ ਵਸਾ ਕੇ !

ਪਰ ਇਹਦਾ ਇਹ ਮਤਲਬ ਨਹੀਂ ਕਿ ਬਾਵਾ ਕੇਵਲ ਪਿਆਰ ਦਾ ਹੀ ਕਵੀ ਸੀ, ਸਗੋਂ ਉਹ ਤਾਂ ਸਮਾਜਕ ਕੁਰੀਤੀਆਂ ਤੇ ਜੰਗ ਵਰਗੇ ਘਿਣੌਨੇ ਅਮਲਾਂ ਦਾ ਵੀ, ਪੁੱਜ ਕੇ ਵਿਰੋਧੀ ਸੀ। ਇਸ ਦੀ ਉੱਘੜਵੀਂ ਮਿਸਾਲ ਉਸਦੀ ''ਊਸ਼ਾ'' ਕਵਿਤਾ ਵਿਚੋਂ ਵੀ ਦਿੱਤੀ ਜਾ ਸਕਦੀ ਹੈ :

ਤੇਰੀ ਚਮਕ ਹੈ ਹਲਕੇ ਹਲਕੇ ਬੁੱਲ੍ਹੀਆਂ ਦੇ ਨੂਰ 'ਤੇ
ਤੇਰਾ ਨਸ਼ਾ ਹੈ ਪਿਆਰ ਦੇ ਨਵੇਂ ਨਵੇਂ ਸਰੂਰ 'ਤੇ
ਤੇਰਾ ਹੀ ਰੰਗ ਹੁਸਨ 'ਤੇ ਅਪਾਰ ਦਿਲ ਕਸ਼ੀ ਹੈ ਜੋ
ਤੂੰ ਹੀ ਹੈਂ ਤੜਪ ਇਸ਼ਕ ਦੀ ਮਹਾਨ ਜ਼ਿੰਦਗੀ ਹੈ ਜੋ

ਆਦਰਸ਼ ਹਰ ਮਨੁੱਖ ਨੂੰ, ਮਹਾਨ ਤੋਂ ਮਹਾਨ ਦੇ
ਪਸ਼ੂ ਤੇ ਪੰਛੀਆਂ ਦੇ ਦੁੱਖ ਦਰਦ ਨੂੰ ਜ਼ਬਾਨ ਦੇ
ਜਗਾਉਣ ਵਾਲੀ ਖਾਕ ਨੂੰ ਦਿਲਾਂ ਦੇ ਨੈਣ ਖੋਲ੍ਹ ਦੇ
ਮਿਲਾਪ ਨੂਰ ਬੰਦਿਆਂ ਦੀ ਆਤਮਾ ਤੇ ਡੋਲ੍ਹ ਦੇ
ਹੇ ਊਸ਼ੇ, ਹੇ ਮਾਤ- ਉਨਤੀ ਦੇ ਹਰ ਵਿਚਾਰ ਦੀ
ਸਮੇਂ ਨੂੰ ਏਕਤਾ ,ਸਮਾਨਤਾ ਦਾ ਗੂੜ੍ਹਾ ਰੰਗ ਦੇ
ਮਿਟਾ ਜਹਾਨ ਤੋਂ ਕਲੇਸ਼ ਇਸ ਫ਼ਰੇਬ ਜੰਗ ਦੇ

ਬਾਵਾ ਬਲਵੰਤ ਬੜਾ ਨੇਕ ਦਿਲ ਖ਼ੂਬਸੂਰਤ ਤੇ ਸਫ਼ਾਈ ਪਸੰਦ ਇਨਸਾਨ ਸੀ । ਇਹ ਤੇ ਸ਼ਾਇਦ ਇਹੋ ਕਾਰਨ ਹੈ ਕਿ ਉਹ ਦਿੱਲੀ 'ਚ ਜਿਹੜੀ ਥਾਂ 'ਤੇ ਰਹਿੰਦਾ ਸੀ ਓਸਦੇ ਆਲਾ ਦੁਆਲਾ ਉਸ ਨੂੰ ਬੜੇ ਆਦਰ ਦੀਆਂ ਨਜ਼ਰਾਂ ਨਾਲ ਵੇਖਦਾ ਸੀ। ਵੇਖੋ ਜ਼ਰਾ ਉਸ ਦੀ ਰਹਿਣੀ ਬਹਿਣੀ ਦੀ ਇਕ ਝਲਕ:

ਇਹ ਗੱਲ 1966 ਦੀ ਹੈ ਜਦੋਂ ਅਸੀਂ, ਮੇਰੇ ਗੁਰੂ ਪ੍ਰੋ: ਸੁਜਾਨ ਸਿੰਘ ਨਾਲ ਦਿੱਲੀ ਵਿਚ ਹੋ ਰਹੀ ਪ੍ਰੋਗ੍ਰੈਸਿਵ ਰਾਈਟਰਜ਼ ਕਾਨਫਰੰਸ ਵੇਖਣ ਲਈ ਗਏ-

ਗੁਰੂ ਜੀ ਨੇ ਬੂਹਾ ਖੜਕਾਇਆ ਪਰ ਅੰਦਰੋਂ ਆਈ ਇਕ ਨੌਜਵਾਨ ਔਰਤ, ਦਰਵਾਜ਼ੇ ਅੱਗੇ ਪੰਜ ਓਪਰੇ ਬੰਦਿਆਂ ਨੂੰ ਵੇਖ ਕੇ ਬਿਨਾਂ ਕੁਝ ਬੋਲਣ ਤੋਂ ਹੀ ਫਿਰ ਅੰਦਰ ਨੂੰ ਪਰਤ ਗਈ ਸੀ ਕਿ ਝੱਟ ਕੁ ਪਿੱਛੋਂ ਉਸਦੀ ਥਾਂ 'ਤੇ ਅੰਦਰੋਂ ਨਿਕਲ ਆਈ ਇਕ ਬਜ਼ੁਰਗ ਔਰਤ ਨੂੰ ਵੇਖ ਕੇ ਲੱਗਦੇ ਹੱਥ ਹੀ ਗੁਰੂ ਜੀ ਬੋਲ ਪਏ : ''ਭੈਣ ਜੀ, ਅਸਾਂ ਬਾਵਾ ਬਲਵੰਤ ਹੋਰਾਂ ਨੂੰ ਮਿਲਣਾ ਹੈ।''

''ਕਿਸ ਨੂੰ ? ਭਾਈਆ ਜੀ ਨੂੰ ?''

ਉਸਦਾ ਪ੍ਰਸ਼ਨ ਸੀ।

ਗੁਰੂ ਨੇ ਜਿਵੇਂ ਅਨੁਮਾਨ ਨਾਲ ਹੀ ਹਾਂ ਵਜੋਂ ਸਿਰ ਹਿਲਾ ਦਿੱਤਾ ਸੀ ਕਿ ਉਸ ਔਰਤ ਨੂੰ ਆਪਣੇ ਮਗਰ ਆ ਖਲੋਤੇ ਦਸ ਕੁ ਸਾਲ ਦੇ ਮੁੰਡੇ ਨੂੰ ਕਿਹਾ : ''ਕਾਕਾ ਜਾ ਇਨ੍ਹਾਂ ਨੂੰ ਉੂਪਰ ਭਾਈਆ ਜੀ ਕੋਲ ਛੱਡ ਆ।''

ਐਨ ਉਸੇ ਸਮੇਂ ਉਪਰੋਂ ਆਵਾਜ਼ ਆ ਗਈ ''ਸੁਜਾਨ ਸਿੰਘ ਜੀ ਲੰਘ ਆਓ।''

ਲਗਦਾ ਹੈ ਬਾਵਾ ਜੀ ਨੇ ਗੁਰੂ ਜੀ ਦੀ

# ਬਾਵਾ ਬਲਵੰਤ ਤੇ ਉਸਦੀ ਰਚਨਾ

ਸ਼ਿਵਨਾਥ

ਲੇਖ

ਖੁਦ ਪਿਆਰ ਹੈ ਜੋ ਬਚਿਆ ਰਹਿ ਗਿਆ ਹੁੰਦਾ ਹੈ, ਜਦੋਂ ਪਿਆਰ ਹੋ ਜਾਣਾ ਸੜ ਮੁੱਕ ਚੁੱਕਦੈ।

-ਲੂਈ ਡੀ ਬਰਨਈਅਰਜ਼, ਕੈਪਟਨ ਕੋਰੈਲੀਜ਼ ਮੈਂਡੋਲਿਨ।

ਆਵਾਜ਼ ਸੁਣ ਲਈ ਸੀ।

''ਮੈਂ ਆਖਿਆ, ਆਏ ਤਾਂ ਹਾਂ ਈ ਕਿਉਂ ਨਾ ਬਾਵਾ ਜੀ ਦੇ ਦਰਸ਼ਨ ਹੀ ਕਰ ਚੱਲੀਏ।'' ਸਾਡੇ ਗੁਰੂ ਨੈ ਕੋਠੇ 'ਤੇ ਪੈਰ ਧਰਦਿਆਂ ਹੀ ਗੱਲ ਸ਼ੁਰੂ ਕੀਤੀ, ''ਤੇ ਨਾਲ ਇਹ ਮੁੰਡੇ ਵੀ ਤੁਹਾਨੂੰ ਕਦੋਂ ਦੇ ਮਿਲਣ ਨੂੰ ਕਹਿ ਰਹੇ ਸਨ।''

''ਬਹੁਤ ਖ਼ੂਬ।'' ਬਾਵਾ ਜੀ ਨੇ ਅੱਗੇ ਹੋ ਕੇ ਸਾਰਿਆਂ ਨਾਲ ਹੱਥ ਮਿਲਾਏ ਤੇ ਫਿਰ ਕਾਹਲੀ ਨਾਲ ਪਰਤਦੇ ਹੋਏ ਮੰਜੇ 'ਤੇ ਰੱਖੀ ਸੰਦੂਕੜੀ ਇਕ ਪਾਸੇ ਰੱਖ ਕੇ ਸਾਡੇ ਸਾਰਿਆਂ ਲਈ ਬੈਠਣ ਦੀ ਥਾਂ ਬਣਾਈ ਤੇ ਫਿਰ ਗੁਰੂ ਜੀ ਵੱਲ ਪਰਤਦੇ ਹੋਏ ਕਹਿਣ ਲੱਗੇ : ਸੁਜਾਨ ਸਿੰਘ ਜੀ ਬੱਚੇ ਤਾਂ ਸਾਰੇ ਰਾਜ਼ੀ ਖੁਸ਼ੀ ਹਨ?''

''ਸਭ ਠੀਕ ਨੇ ਤੁਸੀਂ ਆਪਣੀ ਸੁਣਾਓ।'' ਗੁਰੂ ਜੀ ਦਾ ਉੱਤਰ ਵੀ ਇਕ ਪ੍ਰਸ਼ਨ ਸੀ।

''ਮਤਲਬ ਪੜ੍ਹਨ ਲਿਖਣ ਦੇ ਸਿਲਸਿਲੇ ਵਿਚ ?'' ਬਾਵਾ ਜੀ ਨੇ ਚੰਗੀ ਤਰ੍ਹਾਂ ਸਮਝਣਾ ਚਾਹਿਆ ਸੀ।

ਜਿੰਨਾ ਚਿਰ ਇਹ ਸਿਲਸਿਲਾ ਜਾਰੀ ਰਿਹਾ ਮੈਂ ਬਾਵਾ ਜੀ ਦੀ ਕੁਟੀਆ ਦਾ ਜਾਇਜ਼ਾ ਲੈਂਦਾ ਰਿਹਾ।

ਸੁਰਮੇ ਦੀਆਂ ਸ਼ੀਸ਼ੀਆਂ, ਚੂਰਨ ਦੀਆਂ ਬੋਤਲਾਂ ਤੇ ਸਲੀਕੇ ਨਾਲ ਸਾਂਭ ਕੇ ਰੱਖੇ ਕਿਤਾਬਾਂ- ਰਸਾਲੇ ;ਪਤਾ ਨਹੀਂ ਉਹ ਏਨੀ ਕੁ ਥਾਂ ਵਿਚ ਏਨਾ ਕੁਝ ਸਮੇਟ ਕਿਵੇਂ ਲੈਂਦੇ ਸਨ।

ਹਸਪਤਾਲ, ਲਾਇਬ੍ਰੇਰੀ ਤੇ ਡਾਕ ਘਰ! ਸਾਡੇ ਬੈਠੇ ਬੈਠਿਆਂ ਹੀ ਉਹਨਾਂ ਨੇ ਇਕ ਨੌਜਵਾਨ ਦੇ ਸਾਦੇ ਲਿਫ਼ਾਫ਼ੇ 'ਤੇ ਟਿਕਟਾਂ ਲਾਅ ਕੇ ਉਸਦੀ ਡਾਕ ਦਾ ਕੰਮ ਸਾਰਿਆ ਸੀ ਤੇ ਇਕ ਹੋਰ ਦਾ ਹਾਲ-ਚਾਲ ਪੁੱਛਿਆ ਸੀ ਜੋ ਪਿਛਲੀ ਰਾਤ ਉਨ੍ਹਾਂ ਕੋਲੋਂ ਢਿੱਡ ਪੀੜ ਦੀ ਦਵਾਈ ਲੈ ਕੇ ਗਿਆ ਸੀ।

ਪਰ ਅੰਦਰੋਂ ਝਿਜਕ ਰਹੇ ਸਾਂ ਕਿ ਕਿਵੇਂ ਆਪਣੀਆਂ ਕੱਚੀਆਂ ਪਿੱਲੀਆਂ ਰਚਨਾਵਾਂ, ਮੰਨੇ-ਪਰਮੰਨੇ ਇਸ ਕਵੀ ਨੂੰ ਸੁਨਾਉਣ ਲੱਗ ਪਵਾਂਗੇ ?

''ਬਾਵਾ ਜੀ, ਇਹ ਮੁੰਡੇ ਤੁਹਾਡੇ ਕੋਲੋਂ ਅਸ਼ੀਰਵਾਦ ਲੈਣ ਆਏ ਨੇ, ਕਵਿਤਾਵਾਂ ਤੇ ਕਹਾਣੀਆਂ ਲਿਖਦੇ ਨੇ।'' ਸਾਡੇ ਗੁਰੂ ਨੇ ਸਾਡੇ ਬਾਰੇ ਦੱਸ ਕੇ ਗੱਲ ਅੱਗੇ ਤੋਰੀ ਸੀ। ਬਾਵਾ ਜੀ ਬੁਲ੍ਹਾਂ ਵਿਚ ਹੀ ਥੋੜ੍ਹਾ ਜਿਹਾ ਮੁਸਕ੍ਰਾਏ ਜਿਵੇਂ ਕਹਿ ਰਹੇ ਹੋਣ ਮੈਂ ਸਵਾਗਤ ਕਰਦਾ ਹਾਂ ਮੇਰੇ ਘਰ ਆਉਣ ਵਾਲੇ ਇਨ੍ਹਾਂ ਚਿਹਰਿਆਂ ਦਾ ।

ਸਾਡੇ ਵੀ ਚਿਹਰੇ ਖਿੜ ਉਠੇ। ਪਰ ਅੰਦਰੋਂ ਝਿਜਕ ਰਹੇ ਸਾਂ ਕਿ ਕਿਵੇਂ ਆਪਣੀਆਂ ਕੱਚੀਆਂ ਪਿੱਲੀਆਂ ਰਚਨਾਵਾਂ, ਮੰਨੇ-ਪਰਮੰਨੇ ਇਸ ਕਵੀ ਨੂੰ ਸੁਨਾਉਣ ਲੱਗ ਪਵਾਂਗੇ ? ਪਰ ਗੁਰੂ ਦਾ ਆਦੇਸ਼ ਹੀ ਅਜਿਹਾ ਸੀ ਕਿ ਸਾਨੂੰ ਬੋਲਣਾ ਹੀ ਪੈ ਰਿਹਾ ਸੀ।

ਮੈਂ ਤੇ ਸ਼ਮਸ਼ੇਰ ਨਿਰਮਲ ਨੇ ਆਪਣੀ ਇਕ ਇਕ ਕਵਿਤਾ ਸੁਣਾਈ ਸੀ, ਗੁਰਚਰਨ ਸਿੰਘ ਵਿਰਦੀ ਤਾਂ ਅਜੇ ਝੱਕਦਾ ਹੀ ਬਹੁਤ ਹੁੰਦਾ ਸੀ। ਤੇ ਮਾਸਟਰ ਰਘਬੀਰ ਸਿੰਘ ਕੁਝ ਲਿਖਦਾ ਹੀ ਨਹੀਂ ਸੀ ਹੁੰਦਾ।

''ਬਈ ਸ਼ਿਵਨਾਥ ਆਪਣੀ ਇਕ ਗ਼ਜ਼ਲ ਵੀ ਬਾਵਾ ਜੀ ਨੂੰ ਸੁਣਾਅ।''

ਗੁਰੂ ਜੀ ਦੇ ਕਹਿਣ ਦਾ ਭਾਵ ਸੀ ਕਿ ਆਪਣੀ ਉਹ ਗ਼ਜ਼ਲ ਸੁਣਾਵਾਂ ਜੋ ਗਾ ਕੇ ਸੁਣਾਨ ਵਾਲੀਆਂ ਰਚਨਾਵਾਂ ਵਿਚੋਂ ਉਨ੍ਹਾਂ ਨੂੰ ਚੰਗੀ ਲੱਗਦੀ ਸੀ।

ਗ਼ਜ਼ਲ ਸੀ :

ਬਾਹਾਂ 'ਚ ਸੌਣ ਦਾ ਨਾ, ਆਇਆ ਅਜੇ ਸਮਾਂ ਹੈ
ਪਹੁੰਚਾ ਅਜੇ ਨਾ ਮੇਰਾ ਮੰਜ਼ਲ 'ਤੇ ਕਾਰਵਾਂ ਹੈ।
ਮਹਿਫ਼ਲ ਦਾ ਅਰਥ ਕੀ ਹੈ ਮਜਬੂਰ ਹਰਕਤਾਂ ਨੇ
ਮਜਬੂਰੀਆਂ ਦੇ ਸਿਰ 'ਤੇ ਸਭ ਐਸ਼ ਦਾ ਸਮਾਂ ਹੈ।

ਜਿੰਨਾ ਚਿਰ ਮੈਂ ਬੋਲਦਾ ਰਿਹਾ ਬਾਵਾ ਜੀ ਦੇ ਚਿਹਰੇ 'ਤੇ ਕਈ ਤਰ੍ਹਾਂ ਦੇ ਉੱਤਰਾਅ ਚੜ੍ਹਾਅ ਆਉਂਦੇ ਰਹੇ ਤੇ ਫਿਰ ਇਕ ਪਲ ਦੀ ਚੁੱਪ ਪਿੱਛੋਂ ਬੋਲਣਾ ਸ਼ੁਰੂ ਕਰ ਦਿੱਤਾ : ''ਵੇਖੋ ਸੁਜਾਨ ਸਿੰਘ ਜੀ, ਕਵਿਤਾਵਾਂ ਤਾਂ ਠੀਕ ਨੇ, ਉਂਝ ਤਾਂ ਗ਼ਜ਼ਲ ਵੀ ਠੀਕ ਹੈ, ਪਰ ਮੈਂ ਸਿਫ਼ਾਰਿਸ਼ ਕਰਾਂਗਾ ਕਿ ਉਰਦੂ ਦੇ ਸ਼ਬਦਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।'' ਉਨ੍ਹਾਂ ਨੇ ਬੜੇ ਗੰਭੀਰ ਸੁਰ ਵਿਚ ਆਖਿਆ ਸੀ।

''ਸੁਣ ਲਉ ਬਈ ਮੁੰਡਿਓ।'' ਸਾਡੇ ਗੁਰੂ ਨੇ ਵੀ ਜਿਵੇਂ ਪੁਸ਼ਟੀ ਕਰਨ ਦੇ ਖ਼ਿਆਲ ਨਾਲ ਆਖਿਆ ਸੀ। ਪਤਾ ਨਹੀਂ ਇਹ ਬਾਵਾ ਜੀ ਪ੍ਰਤੀ ਉਨ੍ਹਾਂ ਦੇ ਮਨ ਵਿਚ ਬੈਠੀ ਸ਼ਰਧਾ ਦਾ ਕ੍ਰਿਸ਼ਮਾ ਸੀ ਜਾਂ ਮੇਰੇ ਵਿਚ ਦਿਨੋ ਦਿਨ ਆ ਰਹੀ ਪਕਿਆਈ ਦਾ ਅਸਰ- ਕੁਝ ਵੀ ਹੋਵੇ ਪਰ ਇਹ ਉਹੀ ਵਿਚਾਰ ਪ੍ਰਗਟ ਕੀਤੇ ਸਨ ਜੋ ਅੱਜ ਤੋਂ ਵਰ੍ਹੇ ਪਹਿਲਾਂ ਮੇਰੀ ਇਸ ਗ਼ਜ਼ਲ 'ਤੇ ਪ੍ਰੋ. ਕਰਨਜੀਤ ਨੇ ਪ੍ਰਗਟ ਕੀਤੇ ਸਨ ਪਰ ਉਸ ਸਮੇਂ, ਗੁਰੂ ਜੀ ਨੇ ਉਸਦੇ ਪੈਰ ਨਹੀਂ ਸਨ ਲੱਗਣ ਦਿੱਤੇ ਪਰ ਮੈਂ ਆਪਣੇ ਗੁਰੂ ਤੇ ਸਵਾਲ ਕਰਨ ਨਾਲੋਂ ਬਾਵਾ ਜੀ ਅੱਗੇ ਆਪਣਾ ਪੱਖ ਪੇਸ਼ ਕਰਨਾ ਹੀ ਠੀਕ ਸਮਝਿਆ, ਕਿਉਂਕਿ ਉਰਦੂ ਉਰਦੂ ਤਾਂ ਕਈਆਂ ਦੇ ਮੂੰਹਾਂ ਤੋਂ ਸੁਣਿਆ ਹੋਇਆ ਸੀ ਪਰ ਜਦੋਂ ਮੈਂ ਉਸਦੀ ਆਪਣੀ ਰਚਨਾ ਵਿਚੋਂ

ਬਾਵਾ ਬਲਵੰਤ ਤੇ ਉਸਦੀ ਰਚਨਾ

ਸ਼ਿਵਨਾਥ

ਲੇਖ

ਹੀ ਛਾਂਟ ਕੇ ਕੁਝ ਸ਼ਬਦ ਅਗਲੇ ਅੱਗੇ ਧਰ ਦੇਂਦਾ ਤਾਂ ਉਹ ਵੀ ਸੋਚੀਂ ਪੈ ਜਾਂਦਾ ਸੀ।

''ਬਾਵਾ ਜੀ, ਆਪਣੇ ਵਲੋਂ ਤਾਂ ਬੜੀ ਕੋਸ਼ਿਸ਼ ਕਰੀਦੀ ਏ ਪਰ ਪਤਾ ਹੀ ਨਹੀਂ ਕਿ ਕਦੋਂ ਕੋਈ ਦੂਜੀ ਜ਼ਬਾਨ ਦਾ ਸ਼ਬਦ ਸਾਡੀ ਰਚਨਾ ਵਿਚ ਆਣ ਧਸਦਾ ਹੈ।' ਮੈਂ ਆਪਣੀ ਸਮਸਿਆ ਦੱਸਣ ਦੇ ਨਾਲ ਨਾਲ ਉਸਦਾ ਹੱਲ ਵੀ ਪੁੱਛ ਰਿਹਾ ਸਾਂ।

''ਨਹੀਂ, ਬੋਲੀ ਦੇ ਸਿਲਸਿਲੇ ਵਿਚ ਤੁਸੀ ਏਨੇ ਵੀ ਕੱਟੜ ਨਹੀਂ ਹੋ ਸਕਦੇ।- ਪਰ ਉਨ੍ਹਾਂ ਸ਼ਬਦਾਂ ਦਾ ਧਿਆਨ ਜ਼ਰੂਰ ਰੱਖ ਲਿਆ ਕਰੋ ਜੋ ਸਾਡੀ ਬੋਲੀ ਦੇ ਸੁਭਾਅ ਨੂੰ ਹੀ ਬਦਲ ਕੇ ਰੱਖ ਦੇਂਦੇ ਹਨ।'' ਬਾਵਾ ਜੀ ਨੇ ਵਿਆਖਿਆ ਕੀਤੀ : ''ਮਸਲਨ ਨੂੰਨਗੁੰਨਾ ਵਾਲੇ ਸ਼ਬਦਾਂ ਤੋਂ ਤਾਂ ਬਹੁਤ ਹੀ ਸੁਚੇਤ ਰਹਿਣ ਦੀ ਲੋੜ ਹੈ। ਜਿਵੇਂ ਕਾਰਵਾਂ, ਆਸਮਾਂ, ਆਦਿ, ਤੋਂ।''

ਉਹ ਕਿੰਨਾ ਹੀ ਚਿਰ ਸਾਨੂੰ ਸਮਝਾਂਦੇ ਰਹੇ ਤੇ ਫਿਰ ਗੁਰੂ ਜੀ ਦੇ ਕਹਿਣ 'ਤੇ ਸਾਨੂੰ ਆਪਣੀ ਇਕ ਕਵਿਤਾ ਸੁਣਾਈ ਜੋ ਇਸ ਤਰ੍ਹਾਂ ਸ਼ੁਰੂ ਹੋਈ ਸੀ :

''ਸੁੰਦਰ ਖ਼ਿਆਲ ਸੁੰਦਰ ਕਵਿਤਾ 'ਚ ਢਾਲਦਾ ਜਾਹ।''

ਬਾਵਾ ਜੀ ਦੀ ਕਵਿਤਾ ਨਾਲੋਂ ਵੀ, ਉਨ੍ਹਾਂ ਦੇ ਬੋਲਣ ਦਾ ਢੰਗ ਬੜਾ ਪਿਆਰਾ ਸੀ। ਸ਼ੁਰੂ ਕਰਨ ਤੋਂ ਪਹਿਲਾਂ ਉਹ ਕਾਫੀ ਚਿਰ ਕਵਿਤਾ ਦੀ ਲੈਅ ਨੂੰ ਮੂੰਹ ਵਿਚ ਹੀ ਗੁਣਗੁਣਾਂਦੇ ਰਹੇ ਜਿਵੇਂ ਕੋਈ ਪਹੁੰਚਿਆ ਹੋਇਆ ਗਵੱਈਆ ਕਰਦਾ ਹੈ। ਤੇ ਫਿਰ ਹੌਲੀ ਹੌਲੀ, ਲਹਿਰਦਾਰ ਆਵਾਜ਼ ਨੂੰ ਬਾਹਰ ਕੱਢਦੇ ਹੋਏ ਇਉਂ ਹੁਲਾਰੇ ਜਿਹੇ ਲੈਣ ਲੱਗ ਪਏ ਜਿਵੇਂ ਉਨ੍ਹਾਂ ਨੂੰ ਉਨ੍ਹਾਂ ਦੀ ਆਪਣੀ ਹੀ ਰਚਨਾ ਦੇ ਕਾਵਿ-ਰਸ ਨੇ ਨਸ਼ੇ ਵਿਚ ਲੈ ਆਂਦਾ ਹੋਵੇ।

ਮੋਹਾਲੀ 96538-70627

# ਦੋ ਖ਼ਬਰਾਂ

## ਬਲਰਾਜ ਸਿੰਘ ਸਿੱਧੂ ਐਸ ਪੀ

ਕਹਾਣੀ



14 ਅਕਤੂਬਰ ਨੂੰ ਬੇਮੌਸਮੀ ਭਾਰੀ ਮੀਂਹ ਪੈ ਗਿਆ ਹੈ। ਪੰਜਾਬ ਦੇ ਕਈ ਜਿਲ੍ਹਿਆਂ ਵਿੱਚ ਝੋਨੇ ਦੀ ਮੰਡੀਆਂ ਵਿੱਚ ਪਈ ਅਤੇ ਖੇਤਾਂ ਵਿੱਚ ਖੜ੍ਹੀ ਪੱਕੀ ਫਸਲ ਬਰਬਾਦ ਹੋ ਗਈ ਹੈ। ਜੱਟਾਂ ਦੇ ਚਿਹਰੇ ਦੀ ਲਾਲੀ ਰੋ ਰੋ ਕੇ ਅੱਖਾਂ ਵਿੱਚ ਆ ਗਈ ਸੀ। ਮੰਡੀਆਂ ਵਿੱਚ ਸਰਕਾਰੀ ਰੇਟ ਤੋਂ ਘੱਟ ਲੱਗ ਰਹੇ ਰੇਟਾਂ ਨੇ ਪਹਿਲਾਂ ਹੀ ਜੱਟਾਂ ਦੀ ਜਾਨ ਕੱਢੀ ਹੋਈ ਸੀ। ਪੁੱਤਰਾਂ ਵਾਂਗ ਪਾਲੀ ਰਹਿੰਦੀ ਖੂੰਹਦੀ ਫਸਲ ਬਰਬਾਦ ਹੁੰਦੀ ਵੇਖ ਕੇ ਜਰਿਆ ਨਹੀਂ ਸੀ ਜਾ ਰਿਹਾ, ਪਰ ਡਾਢੇ ਅੱਗੇ ਕਾਹਦਾ ਜ਼ੋਰ? ਬੇਮੌਸਮੀ ਬਾਰਸ਼ ਨੂੰ ਹਰ ਕੋਈ ਆਪਣੇ ਤਰੀਕੇ ਨਾਲ ਅਨੁਭਵ ਕਰ ਰਿਹਾ ਸੀ। ਅਗਲੇ ਦਿਨ ਇੱਕ ਹੀ ਅਖਬਾਰ ਵਿੱਚ ਇਸ ਸਬੰਧੀ ਦੋ ਵੱਖ ਵੱਖ ਖਬਰਾਂ ਛਪੀਆਂ।

ਪਹਿਲੀ ਖਬਰ ਨਾਲ ਇੱਕ ਬਜ਼ੁਰਗ ਕਿਸਾਨ ਦੀ ਫੋਟੋ ਲਾਈ ਗਈ ਸੀ, ਜਿਸ ਦੀ ਬੀਬੀ ਦਾਹੜੀ ਹੰਝੂਆਂ ਨਾਲ ਭਿਜੀ ਪਈ ਸੀ। ਬੇਬਸੀ ਵਿੱਚ ਹੰਝੂ ਭਰੀਆਂ ਨਜ਼ਰਾਂ ਨਾਲ ਉੱਪਰ ਅਸਮਾਨ ਵੱਲ ਵੇਖ ਕੇ ਸ਼ਾਇਦ ਰੱਬ ਨੂੰ ਫਸਲ ਬਰਬਾਦ ਕਰਨ ਦਾ ਉਲਾਹਮਾ ਦੇ ਰਿਹਾ ਸੀ। ਖਬਰ ਵਿੱਚ ਲਿਖਿਆ ਗਿਆ ਸੀ ਕਿ ਬੇਮੌਸਮੀ ਬਾਰਸ਼ ਕਾਰਨ ਸੈਂਕੜੇ ਏਕੜ ਬਾਸਮਤੀ, ਝੋਨਾ ਅਤੇ ਨਰਮੇ ਦੀ ਫਸਲ ਬਰਬਾਦ ਹੋ ਗਈ ਹੈ। ਕਿਸਾਨਾਂ ਦੇ ਸਾਹ ਸੂਤੇ ਗਏ ਹਨ। ਸੈਂਕੜੇ ਕਿਸਾਨ ਰੋਟੀ ਤੋਂ ਆਤੁਰ ਹੋ ਗਏ ਹਨ। ਕੀ ਸਰਕਾਰ ਇਹਨਾਂ ਗਰੀਬ ਕਿਸਾਨਾਂ ਦੀ ਸਾਰ ਲਏਗੀ? ਕਿਸਾਨ ਯੂਨੀਅਨਾਂ ਨੇ ਮੰਗ ਕੀਤੀ ਹੈ ਕਿ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣ ਤੇ ਸਪੈਸ਼ਲ ਗਿਰਦਾਵਰੀ ਕਰ ਕੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਬੇਮੌਸਮੀ ਬਾਰਸ਼ ਨੇ ਕਿਸਾਨਾਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ।

ਉਸੇ ਅਖਬਾਰ ਦੇ ਦੂਸਰੇ ਪੇਜ 'ਤੇ ਲੱਗੀ ਖਬਰ ਵਿੱਚ ਇੱਕ ਖੂਬਸੂਰਤ ਸ਼ਹਿਰ ਦੀ ਖੂਬਸੂਰਤ ਝੀਲ 'ਤੇ ਸੈਰ ਕਰਦੇ ਲੋਕਾਂ ਦੀ ਫੋਟੋ ਲਾਈ ਗਈ ਹੈ। ਸੋਹਣੇ ਸੋਹਣੇ ਕੱਪੜੇ ਪਾ ਕੇ ਲੋਕ ਬਾਰਸ਼ ਤੋਂ ਬਾਅਦ ਝੀਲ 'ਤੇ ਸੈਰ ਕਰ ਰਹੇ ਹਨ। ਖਬਰ ਵਿੱਚ ਲਿਖਿਆ ਸੀ ਕਿ ਫੁਹਾਰਾਂ ਪੈਣ ਤੋਂ ਬਾਅਦ ਮੌਸਮ ਹੋਇਆ ਸੁਹਾਵਣਾ। ਲੋਕਾਂ ਨੂੰ ਗਰਮੀਂ ਤੋਂ ਮਿਲੀ ਰਾਹਤ । ਫਲਾਣੇ ਸ਼ਹਿਰ ਦੇ ਲੋਕ ਮੀਂਹ ਪੈਣ ਤੋਂ ਬਾਅਦ ਹੋਏ ਖੁਸ਼ਗਵਾਰ ਮੌਸਮ ਦਾ ਮਜ਼ਾ ਲੈਂਦੇ ਹਨ।

9815124449

# ਕੈਨੇਡਾ ਦੀ ਗਨ ਪਾਲਿਸੀ

## ਐਸ ਪੀ ਬਲਰਾਜ ਸਿੰਘ ਸਿੱਧੂ

ਜਾਣਕਾਰੀ




ਕੈਨੇਡਾ ਫੇਰੀ ਦੌਰਾਨ ਉਥੋਂ ਦੀ ਦਿਲਚਸਪ ਗੰਨ ਪਾਲਿਸੀ ਬਾਰੇ ਪਤਾ ਲੱਗਾ ਜੋ ਹਥਿਆਰ ਰੱਖਣ ਦੇ ਸ਼ੌਕੀਨ ਪੰਜਾਬੀਆਂ ਨੂੰ ਬਹੁਤ ਪਸੰਦ ਹੈ। ਜਿਹੜੇ ਵਿਦੇਸ਼ੀ ਲਾਇਸੰਸੀ ਹਥਿਆਰਾਂ ਦੀ ਪੰਜਾਬ ਵਿੱਚ ਤਿੜ ਕੇ ਨੁਮਾਇਸ਼ ਕੀਤੀ ਜਾਂਦੀ ਹੈ, ਉਹਨਾਂ ਦੇ ਉਥੇ ਸ਼ਾਪਿੰਗ ਮਾਲਾਂ ਵਿੱਚ ਢੇਰ ਲੱਗੇ ਹੋਏ ਹਨ। ਆਪਣੇ ਤਾਂ ਇਥੇ ਗੰਨ ਹਾਊਸ ਵਾਲੇ ਸਮਿੱਥ ਐਂਡ ਵੈਸਨ ਅਤੇ ਵੈਬਲੇ ਸਕਾਟ, ਆਦਿ, ਦੇ ਰਿਵਾਲਵਰਾਂ ਦਾ 5-5 ਲੱਖ ਲਈ ਜਾਂਦੇ ਹਨ ਪਰ ਕੈਨੇਡਾ ਵਿੱਚ ਸਭ ਤੋਂ ਵਧੀਆ ਕਵਾਲਟੀ ਦੀ ਰਾਈਫਲ 2-3 ਹਜ਼ਾਰ ਡਾਲਰ ( ਕਰੀਬ 1.50-2 ਲੱਖ ) ਤੱਕ ਮਿਲ ਜਾਂਦੀ ਹੈ। ਕੈਨੇਡਾ ਵਿੱਚ ਅਸਲੇ ਦੇ ਸ਼ੌਕੀਨ ਪੰਜਾਬੀਆਂ ਦੇ ਘਰਾਂ ਵਿੱਚ ਏ.ਕੇ.47 ਅਤੇ ਸਨਾਈਪਰ ਗੰਨ ਵਰਗੀਆਂ 10-10, 15-15 ਰਾਈਫਲਾਂ ਅਤੇ ਵਾਲਥਰ, ਬਰਾਊਨਿੰਗ, ਰੂਗਰ, ਗਲਾਕ ਅਤੇ ਕੋਲਟ ਵਰਗੀਆਂ ਚੋਟੀ ਦੀਆਂ ਕੰਪਨੀਆਂ ਦੇ ਰਿਵਾਲਵਰ-ਪਿਸਟਲ ਆਮ ਹੀ ਰੱਖੇ ਹੋਏ ਹਨ। ਅਸੀਂ ਸਰ੍ਹੀ ਆਪਣੇ ਦੋਸਤ ਰਾਜ ਦੇ ਘਰ ਬੈਠੇ ਸੀ ਕਿ ਉਸ ਦਾ ਦੋਸਤ ਰਾਜਵੰਤ ਸਿੰਘ ਰਾਏ (ਮਸ਼ਹੂਰ ਸ਼ਿਕਾਰੀ) ਵੀ ਆ ਗਿਆ। ਰਾਜ ਨੇ ਜਾਣ ਪਹਿਚਾਨ ਤੋਂ ਬਾਅਦ ਦੱਸਿਆ ਕਿ ਅੱਜ ਅਸੀਂ ਰਾਏ ਨਾਲ ਰੇਂਜ 'ਤੇ ਫਾਇਰਿੰਗ ਪ੍ਰੈਕਟਿਸ ਕਰਨ ਜਾਣਾ ਹੈ। ਜਦੋਂ ਮੈਂ ਰਾਏ ਨੂੰ ਆਪਣੇ ਟੂਰਿਸਟ ਹੋਣ ਕਾਰਨ ਕੋਈ ਕਾਨੂੰਨੀ ਪੰਗਾ ਪੈਣ ਦੀ ਸ਼ੰਕਾ ਪ੍ਰਗਟ ਕੀਤੀ ਤਾਂ ਉਸ ਨੇ ਹੱਸ ਕੇ ਟਾਲ ਦਿੱਤਾ। ਰਾਏ ਦੀ ਗੱਡੀ ਦੀ ਡਿੱਗੀ ਵਿੱਚ ਸਨਾਈਪਰ ਗੰਨ ਸਮੇਤ 5-6 ਰਾਈਫਲਾਂ, ਬੰਦੂਕਾਂ ਪਈਆਂ ਸਨ। ਪ੍ਰਾਈਵੇਟ ਰੇਂਜ ਪਹਾੜਾਂ ਵਿੱਚ ਬਹੁਤ ਹੀ ਰਮਣੀਕ ਜਗ੍ਹਾ 'ਤੇ ਬਣੀ ਹੋਈ ਸੀ। ਡਸਿਪਲਿਨ ਬਹੁਤ ਹੀ ਸਖਤ ਸੀ। ਖਾਲੀ ਬੰਦੂਕਾਂ ਵੀ ਖੋਲ੍ਹ ਕੇ ਤੇ ਰਾਈਫਲਾਂ ਦੇ ਬੋਲਟ ਪਿੱਛੇ ਕਰ ਕੇ ਹੀ ਅੰਦਰ ਜਾਇਆ ਜਾ ਸਕਦਾ ਸੀ। ਮੈਂ ਸੋਚਿਆ ਐਵੇਂ ਗੇੜਾ ਹੀ ਪਿਆ। ਇਹਨਾਂ ਨੇ ਕਿੱਥੇ ਮੈਨੂੰ ਫਾਇਰਿੰਗ ਕਰਨ ਦੇਣੀ ਹੈ? ਬਹੁਤ ਹੈਰਾਨੀ ਹੋਈ ਜਦੋਂ ਗੋਰੇ ਅਟੈਂਡੈਂਟ ਨੇ ਸਿਰਫ ਮੇਰੇ ਪਾਸਪੋਰਟ ਦੀ ਐਂਟਰੀ ਕਰ ਕੇ ਨਿਸ਼ਾਨੇਬਾਜ਼ੀ ਕਰਨ ਦੀ ਆਗਿਆ ਦੇ ਦਿੱਤੀ।

ਬਾਅਦ ਵਿੱਚ ਰਾਏ ਨੇ ਕੈਨੇਡਾ ਦੀ ਗੰਨ ਪਾਲਿਸੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਹ ਕੈਨੇਡਾ ਸਰਕਾਰ ਵੱਲੋਂ ਸਰਟੀਫਾਈਡ ਹਥਿਆਰਾਂ ਦੀ ਟਰੇਨਿੰਗ ਦੇਣ ਵਾਲਾ ਉਸਤਾਦ ਹੈ। ਉਹ ਨਿਸ਼ਚਿਤ ਫੀਸ ਲੈ ਕੇ ਦੋ ਦਿਨ ਦੀ ਹਥਿਆਰ ਚਲਾਉਣ ਅਤੇ ਸੰਭਾਲਣ ਦੀ ਬੇਸਿਕ ਟਰੇਨਿੰਗ ਦੇਂਦਾ ਹੈ। ਉਸ ਵਰਗੇ ਉਸਤਾਦਾਂ ਵੱਲੋਂ ਜਾਰੀ ਸਰਟੀਫਿਕੇਟ 'ਤੇ ਪੁਲਿਸ,ਵਿਅਕਤੀ ਦਾ ਅਪਰਾਧੀ ਰਿਕਾਰਡ ਵੇਖ ਕੇ ਲਾਇਸੰਸ ਜਾਰੀ ਕਰ ਦੇਂਦੀ ਹੈ। ਲਾਇਸੰਸ ਸਾਡੇ ਦੇਸ਼ ਵਾਂਗ ਆਤਮ ਰੱਖਿਆ ਲਈ ਨਹੀਂ, ਬਲਕਿ ਨਿਸ਼ਾਨੇਬਾਜ਼ੀ ਅਤੇ ਸ਼ਿਕਾਰ ਲਈ ਪ੍ਰਦਾਨ ਕੀਤਾ ਜਾਂਦਾ ਹੈ। ਇੱਕ ਲਾਇਸੰਸ 'ਤੇ ਤੁਸੀਂ ਅਣਗਿਣਤ ਅਸਲ੍ਹੇ ਰੱਖ ਸਕਦੇ ਹੋ। ਦੁਕਾਨ 'ਤੇ ਜਾਉ ਤੇ ਦਾਲ ਸਬਜ਼ੀ ਵਾਂਗ ਖਰੀਦ ਕੇ ਘਰ ਲੈ ਆਉ। ਜਰਮਨ ਕੰਪਨੀਆਂ ਦੇ ਬਣੇ ਹਥਿਆਰ ਸਭ ਤੋਂ ਵਧੀਆ ਗਿਣੇ ਜਾਂਦੇ ਹਨ। ਰਾਏ ਦੇ ਘਰ 2 ਏ.ਕੇ.47 ਸਮੇਤ ਬਲਾਜ਼ਰ, ਸਾਵਰ, ਕਰਿੱਗਆਫ, ਵਾਲਥਰ, ਸਿੱਗ, ਸਾਕੋ, ਪਰਾਸੀ, ਟੈਵਾਰ, ਆਦਿ,ਕੰਪਨੀ ਦੀਆਂ 35 ਤੋਂ ਵੱਧ ਰਾਈਫਲਾਂ, ਬੰਦੂਕਾਂ, ਰਿਵਾਲਵਰ ਅਤੇ ਪਿਸਟਲ ਹਨ। ਲਾਇਸੰਸ ਪਹਿਲੀ ਵਾਰ 5 ਸਾਲ ਲਈ ਬਣਦਾ ਹੈ। ਬਾਅਦ ਵਿੱਚ ਰਿਕਾਰਡ ਚੈੱਕ ਕਰ ਕੇ ਰਿਨਿਊ ਕਰ

# ਕੈਨੇਡਾ ਦੀ ਗੰਨ ਪਾਲਿਸੀ

ਐਸ ਪੀ ਬਲਰਾਜ ਸਿੰਘ ਸਿੱਧੂ

ਜਾਣਕਾਰੀ



ਆਪਣੇ ਸਰੀਰ ਨੂੰ, ਆਂਦਰਾਂ ਨੂੰ ਸਾਫ਼ ਹੋਣ ਦਾ ਮੌਕਾ ਦੇਣਾ ਹੈ ਤਾਂ ਤਿੰਨ ਦਿਨ ਸਿਰਫ਼ ਫਲ ਹੀ ਖਾਓ ਤੇ ਪੀਓ। ਚਿਹਰਾ ਚਮਕ ਪਏਗਾ।

ਦਿੱਤਾ ਜਾਂਦਾ ਹੈ। 1991 ਤੋਂ ਬਾਅਦ ਵਧਦੇ ਹੋਏ ਕਰਾਈਮ ਰੇਟ ਕਾਰਨ ਆਟੋਮੈਟਿਕ ਹਥਿਆਰ ਰੱਖਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਹੁਣ ਸਿਰਫ ਸੈਮੀ ਆਟੋਮੈਟਿਕ ਜਾਂ ਬੋਲਟ ਐਕਸ਼ਨ ਹਥਿਆਰ ਰੱਖੇ ਜਾ ਸਕਦੇ ਹਨ। ਹਥਿਆਰ ਦੇ ਕੈਲੀਬਰ ਅਤੇ ਗੋਲੀਆਂ ਦੀ ਗਿਣਤੀ ਦੀ ਕੋਈ ਲਿਮਟ-ਹੱਦ ਨਹੀਂ ਹੈ, ਚਾਹੇ ਹਜ਼ਾਰ ਗੋਲੀ ਰੱਖ ਲਉ। ਪੁਲਿਸ ਬੱਸ ਜਾਇਜ਼ ਜਿਹਾ ਐਮੂਨੀਸ਼ਨ ਰੱਖਣ ਲਈ ਪ੍ਰੇਰਦੀ ਹੈ। ਜੇ ਕੋਈ ਜੁਰਮ ਕਰੇ ਤਾਂ ਲਾਇਸੰਸ ਕੈਂਸਲ ਤੇ ਹਥਿਆਰ ਜ਼ਬਤ ਕਰ ਲਿਆ ਜਾਂਦਾ ਹੈ। ਮੁਕੱਦਮੇ ਵਿੱਚੋਂ ਬਰੀ ਹੋਣ 'ਤੇ ਦੁਬਾਰਾ ਲਾਇਸੰਸ ਬਣ ਜਾਂਦਾ ਹੈ। ਕੋਈ ਵਿਅਕਤੀ ਚਾਹੇ ਟੂਰਿਸਟ ਵੀਜ਼ੇ 'ਤੇ ਆਇਆ ਹੋਵੇ, 2 ਦਿਨ ਦੀਆਂ ਕਲਾਸਾਂ ਲਗਾ ਕੇ 60 ਦਿਨ ਲਈ ਆਰਜ਼ੀ ਲਾਇਸੰਸ ਬਣਵਾ ਸਕਦਾ ਹੈ ਅਤੇ ਜਿੰਨੇ ਵੀ ਚਾਹੇ ਹਥਿਆਰ ਖਰੀਦ ਸਕਦਾ ਹੈ। ਪਰ ਆਪਣੇ ਦੇਸ਼ ਵਾਪਸ ਜਾਣ ਤੋਂ ਪਹਿਲਾਂ ਹਥਿਆਰ ਵੇਚਣੇ ਜਾਂ ਗਿਫਟ ਕਰਨੇ ਪੈਂਦੇ ਹਨ।

ਕੈਨੇਡੀਅਨ ਬੱਚਿਆਂ ਨੂੰ ਬਚਪਨ ਵਿੱਚ ਹੀ ਸਿਖਾਇਆ ਜਾਂਦਾ ਹੈ ਕਿ ਰਾਈਫਲ ਸ਼ੂਟਿੰਗ ਬਾਕੀ ਗੇਮਾਂ ਵਾਂਗ ਇੱਕ ਗੇਮ ਹੈ। ਰਾਈਫਲਾਂ-ਬੰਦੂਕਾਂ ਨੂੰ ਇੱਕ ਖੇਡ ਦੇ ਤੌਰ 'ਤੇ ਜਾਂ ਸ਼ਿਕਾਰ ਲਈ ਵਰਤਿਆ ਜਾਂਦਾ ਹੈ। ਰਾਏ ਨੇ ਦੱਸਿਆ ਕਿ ਜਦੋਂ ਵੀ ਆਪਣੇ ਪੰਜਾਬੀ ਭਾਈਬੰਦ ਟਰੇਨਿੰਗ ਲੈਣ ਲਈ ਆਉਂਦੇ ਹਨ ਤਾਂ ਇਹ ਜਰੂਰ ਪੁੱਛਦੇ ਹਨ, " ਇਸ ਰਾਈਫਲ ਦੀ ਮਾਰ ਕਿੰਨੀ ਹੈ? ਇਹ ਕਿੰਨੀ ਦੂਰ ਤੋਂ ਬੰਦਾ ਮਾਰ ਦੇਂਦੀ ਹੈ?" ਉਹਨਾਂ ਨੂੰ ਸਮਝਾਉਣਾ ਪੈਂਦਾ ਹੈ ਕਿ ਹਥਿਆਰ ਗੇਮ ਜਾਂ ਸ਼ਿਕਾਰ ਲਈ ਹੈ, ਬੰਦੇ ਮਾਰਨ ਵਾਸਤੇ ਨਹੀਂ। ਕੈਨੇਡੀਅਨ ਕਾਨੂੰਨ ਜਿੰਨਾ ਲਾਇਸੰਸ ਲੈਣ ਅਤੇ ਹਥਿਆਰ ਖਰੀਦਣ ਵਿੱਚ ਨਰਮ ਹੈ, ਹਥਿਆਰ ਰੱਖਣ ਅਤੇ ਵਰਤਣ ਵਿੱਚ ਓਨਾ ਹੀ ਸਖਤ ਹੈ। ਕੈਨੇਡੀਅਨ ਸਰਕਾਰ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਬਹੁਤ ਹੀ ਕਰੜੀ ਹੈ। ਪੁਲਿਸ ਅਤੇ ਸੁਰੱਖਿਆ ਦਸਤਿਆਂ ਤੋਂ ਇਲਾਵਾ ਕੋਈ ਵੀ ਪਿਸਤੌਲ-ਰਿਵਾਲਵਰ ਨੂੰ ਸ਼ਰੇਆਮ ਲੈ ਕੇ ਨਹੀਂ ਘੁੰਮ ਸਕਦਾ। ਜੇ ਪਿਸਤੌਲ ਕਿਤੇ ਲੈ ਕੇ ਜਾਣਾ ਹੋਵੇ ਤਾਂ ਬਕਾਇਦਾ ਡੱਬੇ ਵਿੱਚ ਪਾ ਕੇ ਲਿਜਾਣਾ ਪੈਂਦਾ ਹੈ। ਬੰਦੂਕਾਂ ਵੀ ਗੱਡੀ ਦੀ ਡਿੱਗੀ ਜਾਂ ਅਜਿਹੀ ਜਗ੍ਹਾ ਰੱਖਣੀਆਂ ਪੈਂਦੀਆਂ ਹਨ ਜਿੱਥੋਂ ਕਿਸੇ ਦੀ ਨਜ਼ਰ ਨਾ ਪਵੇ। ਹਥਿਆਰ ਵਿੱਚ ਗੋਲੀ ਭਰ ਕੇ ਰੱਖਣੀ, ਨਾਬਾਲਿਗ ਦੇ ਹੱਥ ਵਿੱਚ ਦੇਣਾ ਜਾਂ ਕਿਸੇ ਵੱਲ ਗਲਤੀ ਨਾਲ ਵੀ ਸਿੱਧਾ ਕਰਨਾ, ਨਾ-ਮੁਆਫੀ ਯੋਗ ਅਪਰਾਧ ਹੈ। ਸਿਰਫ ਸ਼ੂਟਿੰਗ ਰੇਂਜ ਜਾਂ ਜੰਗਲ ਵਿੱਚ ਨੰਗਾ ਹਥਿਆਰ ਲੈ ਕੇ ਘੁੰਮਿਆਂ ਜਾ ਸਕਦਾ ਹੈ। ਹਥਿਆਰ ਚੋਰੀ ਹੋਣ ਜਾਂ ਗੁੰਮ ਹੋਣ 'ਤੇ ਪੁਲਿਸ ਰਿਪੋਰਟ ਦਰਜ਼ ਕਰਾਉਣੀ ਲਾਜ਼ਮੀ ਹੈ।

**ਪੰਜਾਬ ਵਿੱਚ ਭਾਵੇਂ ਪੰਜਾਬੀ ਵਿਆਹ ਸ਼ਾਦੀਆਂ ਵਿੱਚ ਸ਼ਰਾਬ ਪੀ ਕੇ ਪਿਸਤੌਲਾਂ ਨਾਲ ਫੁਕਰੀਆਂ ਮਾਰਦੇ ਹਨ, ਪਰ ਕੈਨੇਡਾ ਵਿੱਚ ਕੰਨ 'ਚ ਪਾਏ ਨਹੀਂ ਰੜਕਦੇ।**

ਕੈਨੇਡਾ ਦਾ ਹਰ ਸੂਬਾ ਆਪਣੇ ਹਿਸਾਬ ਨਾਲ ਹੰਟਿੰਗ ਸੀਜ਼ਨ ਸ਼ੁਰੂ ਹੋਣ 'ਤੇ ਨਿਸ਼ਚਿਤ ਗਿਣਤੀ ਵਿੱਚ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਪਰਮਿਟ ਜਾਰੀ ਕਰਦਾ ਹੈ। ਨਿਰਧਾਰਿਤ ਫੀਸ ਦੇ ਕੇ ਕਿਸੇ ਵੀ ਸ਼ਾਪਿੰਗ ਮਾਲ, ਗੰਨ ਸ਼ਾਪ, ਆਦਿ, ਤੋਂ ਪਰਮਿਟ ਖਰੀਦਿਆ ਜਾ ਸਕਦਾ ਹੈ। ਪਰਮਿਟ ਤੋਂ ਵੱਧ ਮਾਤਰਾ ਜਾਂ ਚੋਰੀ ਸ਼ਿਕਾਰ ਕਰਨ 'ਤੇ ਭਾਰੀ ਜੁਰਮਾਨੇ ਜਾਂ ਕੈਦ ਦੀ ਸਜ਼ਾ ਹੋ ਸਕਦੀ ਹੈ ਤੇ ਲਾਇਸੰਸ ਕੈਂਸਲ ਹੋ ਜਾਂਦਾ ਹੈ। ਸ਼ਿਕਾਰ ਮਾਰਨ ਤੋਂ ਬਾਅਦ ਸ਼ਿਕਾਰ ਚੁੱਕਣ ਤੋਂ ਪਹਿਲਾਂ ਮਰੇ ਹੋਏ ਜਾਨਵਰ ਦਾ ਵੇਰਵਾ ਪਰਮਿਟ ਵਿੱਚ ਦਰਜ ਕਰਨਾ ਪੈਂਦਾ ਹੈ। ਵਣ ਰੇਂਜਰ ਸ਼ਿਕਾਰੀਆਂ 'ਤੇ ਸਖਤ ਨਿਗ੍ਹਾ ਰੱਖਦੇ ਹਨ। ਮੂਸ, ਭੂਰਾ ਰਿੱਛ, ਹਿਰਨ, ਐਲਕ, ਬੱਤਖਾਂ, ਤਿੱਤਰ, ਬਟੇਰੇ, ਜੰਗਲੀ ਭੇਡਾਂ ਅਤੇ ਜੰਗਲੀ ਬੱਕਰੇ, ਆਦਿ, ਮਾਰਨ ਲਈ ਪਰਮਿਟ ਜਾਰੀ ਕੀਤੇ ਜਾਂਦੇ ਹਨ। ਪੰਜਾਬੀ ਇਕੱਠੇ ਹੋ ਕੇ ਸ਼ਿਕਾਰ ਖੇਡਣ ਜਾਂਦੇ ਹਨ ਤੇ ਮੀਟ ਆਪਸ ਵਿੱਚ ਵੰਡ ਕੇ ਫਰੀਜ਼ ਕਰ ਲੈਂਦੇ ਹਨ। ਸ਼ੌਕੀਨਾਂ ਨੇ ਸ਼ਿਕਾਰ ਖੇਡਣ ਲਈ ਖਾਸ ਗੱਡੀਆਂ ਤਿਆਰ ਕਰਵਾਈਆਂ ਹੋਈਆਂ ਹਨ।


ਗੈਂਗਸਟਰਾਂ ਕੋਲ ਨਜਾਇਜ਼ ਹਥਿਆਰਾਂ ਦੀ ਵੀ ਭਰਮਾਰ ਹੈ। ਇਹ ਹਥਿਆਰ ਜਾਂ ਤਾਂ ਅਮਰੀਕਾ, ਆਦਿ, ਤੋਂ ਸਮੱਗਲ ਕਰ ਕੇ ਲਿਆਂਦੇ ਜਾਂਦੇ ਹਨ, ਜਾਂ ਘਰਾਂ ਅਤੇ ਦੁਕਾਨਾਂ ਤੋਂ ਚੋਰੀ ਕੀਤੇ ਜਾਂਦੇ ਹਨ। ਪੰਜਾਬ ਵਿੱਚ ਭਾਵੇਂ ਪੰਜਾਬੀ ਵਿਆਹ ਸ਼ਾਦੀਆਂ ਵਿੱਚ ਸ਼ਰਾਬ ਪੀ ਕੇ ਪਿਸਤੌਲਾਂ ਨਾਲ ਫੁਕਰੀਆਂ ਮਾਰਦੇ ਹਨ, ਪਰ ਕੈਨੇਡਾ ਵਿੱਚ ਕੰਨ 'ਚ ਪਾਏ ਨਹੀਂ ਰੜਕਦੇ।

ਐਸ ਪੀ ਬਲਰਾਜ ਸਿੰਘ ਸਿੱਧੂ
ਪੰਡੋਰੀ ਸਿੱਧਵਾਂ 9815124449

# ਡਾਕੂ ਦੀ ਧੀ-2

## ਕ੍ਰਿਸ਼ਨ ਸਿੰਘ

ਜ਼ਿੰਦਗੀਨੁਮਾ



ਅਸਹਿਣਸ਼ੀਲਤਾ ਬਾਰੇ ਬਹਿਸ ਨਾਲ ਇਕ ਠੱਲ੍ਹ ਹੀ ਨਹੀਂ ਪਾਈ ਜਾ ਰਹੀ, ਇਕ ਵਿਦਿਆ ਵੀ ਦਿੱਤੀ- ਲਈ ਜਾ ਰਹੀ ਹੈ। ਆਮਿਰ, ਸ਼ਾਹਰੁਖ ਇਕ ਸੂਫ਼ੀਆਨਾ ਰਵਾਇਤ ਦੇ ਝੰਡਾਬਰਦਾਰ ਵੀ ਹਨ, ਹਰ ਬੋਲ ਪਿਆਰ ਸਿਖਾਉਣ ਤੇ ਵਧਾਉਣ ਲਈ ਹੁੰਦਾ ਹੈ। ਅਨੁਪਮ ਖੇਰ ਇਨ੍ਹਾਂ ਦੇ ਪੂਰਕ ਹੀ ਹਨ।

(ਕਮਰਾ ਲੱਭਦਿਆਂ ਹਤਾਸ਼ ਸੀ, ਇਕ ਢਾਬੇ 'ਤੇ ਬੈਠਾ ਖਾਣਾ ਖਾ ਰਿਹਾ ਸੀ ਕਿ ਢਾਬੇ ਦੇ ਮਾਲਿਕ ਨੇ ਉੱਤੇ ਹੀ ਇਕ ਕਮਰੇ ਦੀ ਪੇਸ਼ਕਸ਼ ਕੀਤੀ -ਸੰ.)

ਅੰਨ੍ਹਾ ਕੀ ਭਾਲੇ ਦੋ ਨੈਣ! ਇਹ ਸੁਣ ਕੇ ਮੈਨੂੰ ਇਤਨੀ ਖੁਸ਼ੀ ਹੋਈ ਜਿਵੇਂ ਕਦੇ ਕੁਲੰਬਸ ਨੂੰ ਅਮਰੀਕਾ ਦੀ ਢੂੰਡ ਕਰ ਕੇ ਮਿਲੀ ਹੋਵੇਗੀ। ਮੈਂ ਹਲਕੂ ਧਲਕੂ ਰੋਟੀ ਖਾਧੀ ਤੇ ਉਹ ਮੈਨੂੰ ਉਪਰ ਕਮਰੇ ਦਿਖਾਣ ਲਈ ਲੈ ਗਿਆ। ਉਹਨਾਂ ਵਿਚ ਸਭ ਜ਼ਰੂਰੀ ਸਹੂਲਤਾਂ ਸਨ। ਰੋਟੀ ਪਾਣੀ ਦਾ ਵੀ ਕਲੇਸ਼ ਮੁੱਕ ਗਿਆ। ਹੋਰ ਕੀ ਚਾਹੀਦਾ ਸੀ। ਮੈਂ ਖੁਸ਼ ਹੋ ਗਿਆ ਤੇ ਪੁੱਛਿਆ,''ਕਿਰਾਇਆ?'' ਉਸਨੇ ਮੇਰੇ ਦੋਵੇਂ ਮੋਢੇ ਪਿਆਰ ਨਾਲ ਥਪਥਪਾਏ ਤੇ ਹੱਸ ਕੇ ਕਿਹਾ, ''ਛੱਡੋ ਏਸ ਗੱਲ ਨੂੰ, ਬਾਅਦ 'ਚ ਦੇਖ ਲਵਾਂਗੇ। ਤੁਸੀਂ ਆਪਣਾ ਸਮਾਨ ਚੁੱਕ ਲਿਆਵੋ।''

ਮੈਂ ਜਦੋਂ ਗਊਸ਼ਾਲਾ 'ਚੋਂ ਸਮਾਨ ਚੁੱਕਿਆ ਤਾਂ ਮੈਂ ਵੇਖਿਆ ਕਿ ਅੰਮਾ ਗੁਲਾਬ ਬਾਨੋ ਦੀਆਂ ਅੱਖਾਂ ਵਿਚ ਖੁਸ਼ੀ ਤੇ ਉਦਾਸੀ ਦੇ ਮਿਲੇ ਜੁਲੇ ਭਾਵ ਸਨ। ਫੇਰ ਉਸਨੇ ਦੱਸਿਆ ਕਿ ਉਹ ਦੂਜੇ ਤੀਜੇ ਦਿਨ ਉਸ ਢਾਬੇ ਦੇ ਅੱਗੋਂ ਦੀ ਲੰਘਦੀ ਹੈ ਤੇ ਉਹ ਭਾਈ ਰਾਤ ਦੀਆਂ ਬਚੀਆਂ ਹੋਈਆਂ ਰੋਟੀਆਂ ਦਿੰਦਾ ਹੈ।

ਦੋ ਸਤੰਬਰ ਨੂੰ ਮੇਰੇ ਇਮਤਿਹਾਨ ਸ਼ੁਰੂ ਹੋ ਗਏ। ਏਥੇ ਹਰ ਤਰ੍ਹਾਂ ਖੁਸ਼ ਸੀ।ਢਾਬੇ ਦਾ ਮਾਲਕ ਜਗਰੂਪ ਸਿੰਘ ਜੋ ਕੋਈ ਪੰਜਾਹ ਸਾਲਾਂ ਦਾ ਸੀ, ਮੇਰੇ ਕੋਲ ਗੇੜਾ ਮਾਰ ਕੇ ਹਾਲ ਚਾਲ ਪੁੱਛ ਜਾਂਦਾ। ਮੈਂ ਉਸਨੂੰ ਹੁਣ ਚਾਚਾ ਜੀ ਕਹਿਣ ਲਗ ਪਿਆ ਸੀ।

ਤਿੰਨ ਚਾਰ ਦਿਨਾਂ ਬਾਅਦ ਨਾਲ ਵਾਲੇ ਕਮਰੇ 'ਚੋਂ ਕਿਸੇ ਔਰਤ ਤੇ ਬੱਚਿਆਂ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ। ਮੈਂ ਹਾਲੇ ਕੁਝ ਅੰਦਾਜ਼ਾ ਹੀ ਲਾ ਰਿਹਾ ਸੀ ਕਿ ਇਹ ਕੌਣ ਹੋ



ਸਕਦੇ ਹਨ ਕਿ ਚਾਚਾ ਜੀ ਜਗਰੂਪ ਸਿੰਘ ਆ ਗਿਆ। ''ਏਧਰ ਆ...ਮੈਂ ਤੈਨੂੰ ਤੇਰੀ ਚਾਚੀ ਨਾਲ ਤੇ ਮੇਰੇ ਬੱਚਿਆਂ ਨਾਲ ਮਿਲਾਵਾਂ।'' ਉਹ ਮੇਰਾ ਹੱਥ ਫੜ ਕੇ ਨਾਲ ਦੇ ਕਮਰੇ 'ਚ ਲੈ ਗਿਆ। ਕਮਰੇ 'ਚ ਇੱਕ ਕੁਰਸੀ 'ਤੇ ਨਿਹਾਇਤ ਹੀ ਗੋਰੀ ਚਿੱਟੀ, ਖੂਬਸੂਰਤ ਔਰਤ ਜੋ ਚਾਲੀ, ਪੰਤਾਲੀ ਸਾਲਾਂ ਦੀ ਲਗਦੀ ਸੀ ਬੈਠੀ ਹੋਈ ਸੀ। ਇਕ ਨੌਜਵਾਨ ਤੇ ਉਸੇ 'ਵਰਗੀ ਖੂਬਸੂਰਤ ਕੋਈ ਸਤਾਰਾਂ ਅਠਾਰਾਂ ਸਾਲਾਂ ਦੀ ਕੁੜੀ ਪਰ੍ਹੇ ਕਰਕੇ ਖਿੜਕੀ ਕੋਲ ਬੈਠੀ ਹੇਠਾਂ ਬਾਜ਼ਾਰ ਦੀ ਰੌਣਕ ਦੇਖ ਰਹੀ ਸੀ। ਦੋ ਹੋਰ ਬੱਚੀਆਂ, ਕੋਈ ਦਸ ਜਾਂ ਗਿਆਰਾਂ ਸਾਲਾਂ ਦੀਆਂ, ਇਕ ਕੋਨੇ ਵਿਚ ਗੀਟਿਆਂ ਨਾਲ ਖੇਡ ਰਹੀਆਂ ਸਨ। ਕੋਈ ਢਾਈ ਤਿੰਨ ਸਾਲਾਂ ਦਾ ਬੱਚਾ ਬੈਡ 'ਤੇ ਸੁੱਤਾ ਪਿਆ ਸੀ। ਮੈਂ ਅੱਗੇ ਵੱਧ ਕੇ ਚਾਚੀ ਜੀ ਨੂੰ ਮੱਥਾ ਟੇਕਿਆ ਤੇ ਉਸਨੇ ਵੀ ਮੈਨੂੰ ਪਿਆਰ ਤੇ ਅਸੀਸ ਦਿੱਤੀ। ''ਕਾਕਾ, ਤੇਰੇ ਬਾਰੇ ਘਰ ਵਿਚ ਰੋਜ਼ ਹੀ ਗੱਲਾਂ ਹੁੰਦੀਆਂ ਹਨ। ਤੇਰੇ ਚਾਚਾ ਜੀ ਤਾਂ ਤੇਰੀ ਤਰੀਫ ਕਰਦੇ ਨਹੀਂ ਥੱਕਦੇ। ਮੈਂ ਵੀ ਅੱਜ ਸੋਚਿਆ ਕਿ ਚਲੋ ਅੱਜ ਮੈਂ ਆਪ ਹੀ ਜਾ ਕੇ ਮਿਲ ਆਵਾਂ। ਵੈਸੇ ਮੈਨੂੰ ਢਾਬੇ 'ਤੇ ਆਉਣਾ ਪਸੰਦ ਨਹੀਂ ਤੇ ਨਾ ਇਹ ਢਾਬੇ ਵਾਲਾ ਧੰਦਾ ਚੰਗਾ ਲਗਦਾ ਹੈ। ਸਾਨੂੰ ਜੱਟਾਂ ਨੂੰ ਇਹ ਕਿਵੇਂ ਚੰਗਾ ਲਗ ਸਕਦਾ ਹੈ ਕਿ ਲੋਕਾਂ ਦੀ ਜੂਠ ਚੁੱਕਦੇ ਫਿਰੀਏ। ਮੇਰੇ ਕੋਲ ਪੈਂਤੀ ਵਿਘੇ ਜ਼ਮੀਨ ਹੈ। ਉਸਦੀ ਪਦੈਸ਼ ਬਥੇਰੀ ਹੈ। ਪਰ ਕੋਈ ਮਜਬੂਰੀ ਆ ਗਈ।'' ਮੈਂ ਵੇਖਿਆ ਚਾਚਾ ਜਗਰੂਪ ਸਿੰਘ ਉਸਨੂੰ ਅੱਖਾਂ ਹੀ ਅੱਖਾਂ 'ਚ ਇਸ਼ਾਰਾ ਕਰ ਕੇ ਬੋਲਣ ਤੋਂ ਰੋਕ ਰਿਹਾ ਸੀ। ਪਰ ਮੇਰੇ ਅੰਦਰ ਸ਼ੱਕ ਦੀ ਗੰਢ ਬੱਝ ਗਈ। ਇਹ ਕੀ ਮਜਬੂਰੀ ਹੋ ਸਕਦੀ ਹੈ। ਇਹ ਔਰਤ ਤੇ ਬੱਚੇ ਤਾਂ ਕਿਸੇ ਰਈਸ ਘਰਾਨੇ ਦੇ ਲਗਦੇ ਹਨ।

ਉਸਨੇ ਮੇਰੇ ਬਾਰੇ ਕੁਝ ਤਾਂ ਜਾਣਕਾਰੀ ਆਪਣੇ ਘਰ ਵਾਲੇ ਤੋਂ ਲੈ ਰੱਖੀ ਸੀ ਤੇ ਬਾਕੀ ਮੇਰੇ ਕੋਲੋਂ ਪੁੱਛ ਲਈ। ਕਿਤਨੀ ਜ਼ਮੀਨ ਹੈ। ਕੀ ਗੋਤ ਹੈ। ਘਰ ਵਿਚ ਕੌਣ ਕੌਣ ਹਨ। ਉਸਦੀ ਪੁੱਛ ਪੜਤਾਲ ਵਧਦੀ ਗਈ ਤੇ ਮੇਰੇ ਦਿਲ ਦੀ ਧੜਕਣ ਵੀ ਨਾਲ ਨਾਲ ਵਧਦੀ ਗਈ। ਇਹ ਔਰਤ ਮੇਰੇ ਕੋਲੋਂ ਕੀ ਚਾਹੁੰਦੀ ਹੈ ? ਕਾਫ਼ੀ ਦੇਰ ਗੱਲਾਂ ਬਾਤਾਂ ਤੋਂ ਬਾਅਦ ਉਹ ਉੱਠਣ ਲੱਗੀ ਤਾਂ ਕਿਹਾ, ''ਕਾਕਾ, ਸਾਡੇ ਘਰ ਕਿਸੇ ਫੁਰਸਤ ਵਾਲੇ ਦਿਨ

ਡਾਕੂ ਦੀ ਧੀ

ਕ੍ਰਿਸ਼ਨ ਸਿੰਘ

ਜ਼ਿੰਦਗੀਨੁਮਾ

ਖਾਣੇ ਤੋਂ ਬਾਅਦ ਠੰਡਾ ਪਾਣੀ ਪੀਣਾ ਕੈਂਸਰ ਨੂੰ ਸੱਦਾ ਦੇਣ ਵਾਂਗ ਹੈ,ਜੋ ਤੇਲ ਖਾਧਾ ਹੁੰਦਾ ਹੈ ਓਹ ਆਂਦਰਾਂ ਵਿਚ ਜੰਮ ਕੇ ਚਿੱਕੜ ਕਰ ਦੇਂਦਾ ਹੈ ਤੇ ਇਕ ਤੇਜ਼ਾਬੀ ਮਹੌਲ ਬਣਾਈ ਰੱਖਦਾ ਹੈ। ਗਰਮ ਸ਼ੋਰਬਾ ਜਾਂ ਕੋਸਾ ਪਾਣੀ ਪੀਣਾ ਚੰਗਾ ਹੈ।

ਆਉਣਾ। ਇਹ ਮੇਰੀ ਵੱਡੀ ਧੀ ਗੁਰਕੀਰਤ ਦਸਵੀਂ ਦਾ ਪ੍ਰਾਈਵੇਟ ਇਮਤਿਹਾਨ ਦੇਣਾ ਚਾਹੁੰਦੀ ਹੈ। ਅਸੀਂ ਇੱਕ ਮਾਸਟਰ ਟਿਊਸ਼ਨ ਲਈ ਰੱਖਿਆ ਹੋਇਆ ਹੈ। ਤੂੰ ਜ਼ਰਾ ਏਸਨੂੰ ਪੁੱਛ ਕੇ ਵੇਖੀਂ ਕਿ ਏਸਦੀ ਪੜ੍ਹਾਈ ਠੀਕ ਚੱਲ ਰਹੀ ਹੈ ਕਿ ਨਹੀਂ। ਮਾਰਚ 'ਚ ਇਮ-ਤਿਹਾਨ ਹਨ। ਜੇ ਭਲਾ ਪਾਸ ਹੋ ਜਾਵੇ ਤਾਂ ਰੰਗ ਲਗ ਜਾਵੇ। ਮੈਂ ਉੱਤਰ ਦਿੱਤਾ, ''ਚਾਚੀ ਜੀ, ਮੈਂ ਜ਼ਰੂਰ ਆਵਾਂਗਾ।'' ਜਦੋਂ ਗੁਰਕੀਰਤ ਮੇਰੇ ਕੋਲ ਦੀ ਲੰਘੀ ਤਾਂ ਉਸਨੇ ਮੇਰੇ ਵਲ ਏਸ ਤਰ੍ਹਾਂ ਵੇਖਿਆ, ਜਿਵੇਂ ਉਹ ਮੇਰੇ ਲਈ ਕੋਈ ਨਿਮੰਤ੍ਰਣ ਦੇ ਰਹੀ ਹੋਵੇ। ਜਿਵੇਂ ਕਹਿੰਦੀ ਹੋਵੇ ਜ਼ਰੂਰ ਆਉਣਾ, ਮੈਂ ਇੰਤਜ਼ਾਰ ਕਰਾਂਗੀ। ਖੁਸ਼ਬੂਆਂ ਖਲੇਰਦੀ ਜਦੋਂ ਉਹ ਮੇਰੇ ਕੋਲ ਦੀ ਲੰਘੀ ਤਾਂ ਮੇਰਾ ਦਿਲ ਇਤਨੇ ਜ਼ੋਰ ਦੀ ਧੜਕਿਆ ਜਿਵੇਂ ਫੜਕ ਕੇ ਬਾਹਰ ਆ ਜਾਵੇਗਾ ਤੇ ਉਸਦੇ ਪਿੱਛੇ ਪਿੱਛੇ ਤੁਰ ਜਾਵੇਗਾ। ਕੀ ਇਸ ਨੂੰ ਹੀ ਪਹਿਲੀ ਨਜ਼ਰ ਦਾ ਪਿਆਰ ਕਹਿੰਦੇ ਹਨ ? ਮੇਰੇ ਅੰਦਰੋਂ ਇਹ ਸਵਾਲ ਉੱਠਿਆ ਪਰ ਹਾਲੇ ਤਾਂ ਮੈਂ ਡੌਰ ਭੌਰਾ ਜਿਹਾ ਹੋ ਗਿਆ ਸੀ। ਕੋਈ ਜਵਾਬ ਨਾ ਸੁੱਝਿਆ। ਪਰ ਮੈਂ ਨਿਸਚਾ ਕਰ ਲਿਆ ਕਿ ਜਦੋਂ ਵੀ ਪੇਪਰਾਂ ਵਿਚਕਾਰ ਛੁੱਟੀਆਂ ਹੋਣਗੀਆਂ ਤਾਂ ਮੈਂ ਜ਼ਰੂਰ ਗੁਰਕੀਰਤ ਨੂੰ ਮਿਲਣ ਲਈ ਜਾਇਆ ਕਰਾਂਗਾ।

ਚਾਚੇ ਜਗਰੂਪ ਸਿੰਘ ਨੇ ਪਿੱਛੋਂ ਆਵਾਜ਼ ਦੇ ਕੇ ਕਿਹਾ,''ਏਸਨੂੰ ਤਾਂ ਪਤਾ ਨਹੀਂ ਕਦੋਂ ਸਮਾਂ ਮਿਲੂਗਾ। ਮੈਂ ਕੰਮ ਛਡ ਕੇ ਏਸਦੇ ਨਾਲ ਨਹੀਂ ਆ ਸਕਦਾ।'' ਗੁਰਕੀਰਤ ਦੀ ਮਾਂ ਨੇ ਕਿਹਾ, ''ਠੀਕ ਹੈ ਫੇਰ ਕਾਕਾ, ਤੂੰ ਪੰਡਤਾਂ ਵਾਲੀ ਗਲੀ 'ਚ ਮਕਾਨ ਨੰਬਰ 105 ਪੰਡਤ ਲੱਭੂ ਰਾਮ ਦੇ ਮਕਾਨ 'ਤੇ ਆ ਜਾਵੀਂ। ਅਸੀਂ ਉਥੇ ਕਿਰਾਏ 'ਤੇ ਰਹਿੰਦੇ ਹਾਂ।'' ਮੈਂ ਬੁੱਤ ਬਣਿਆ ਸੁਣਦਾ ਰਿਹਾ। ਮੈਂ ਸ਼ਾਇਦ ਏਸ ਨਵੇਂ ਸੰਜੋਗ ਦੀ ਖੁਸ਼ੀ ਵਿਚ ਗੜੂੰਦ ਸੀ। ਅਗਲੇ ਦਿਨ ਮੇਰਾ ਪੇਪਰ ਸੀ। ਰਾਤ ਨੂੰ ਸਮਾਧੀ ਲਾ ਕੇ ਰਿਵੀਜਨ ਕਰਨਾ ਸੀ। ਪਰ ਹੁਣ ਲਗਦਾ ਸੀ ਜਿਵੇਂ ਇਹ ਸਭ ਕੁਝ ਬੋਝ ਹੈ। ਗੁਰਕੀਰਤ ਦੇ ਖਿਆਲਾਂ ਵਿਚ ਅਫੀਮਚੀ ਵਾਂਗ ਪੀਨਕ ਲਗ ਜਾਂਦੀ। ਕਿਤਾਬ ਇਕ ਪਾਸੇ ਡਿੱਗ ਜਾਂਦੀ। ਜਦੋਂ ਮੈਂ ਏਸ ਹਾਲਤ 'ਚੋਂ ਨਿਕਲਦਾ ਤਾਂ ਸਟੋਵ 'ਤੇ ਚਾਹ ਬਨਾਉਣ ਲਗ ਜਾਂਦਾ ਕਿ ਚਾਹ ਪੀ ਕੇ ਕੁਝ ਚੁਸਤ ਹੋ ਕੇ ਪੜ੍ਹ ਸਕਾਂਗਾ। ਫੇਰ ਸੋਚਦਾ, ਪਿਛਲੇ ਛੇ ਮਹੀਨਿਆਂ 'ਚ ਫ਼ਰਕ ਪੈਂਦਾ ਹੈ ਜੇ ਅੱਜ ਨਾ ਪੜ੍ਹ ਸਕਿਆ। ਪਤਾ ਨਹੀਂ ਕਦੋਂ ਨੀਂਦ ਆ ਗਈ। ਬੱਤੀ ਵੀ ਜਲਦੀ ਰਹਿ ਗਈ।

ਸਵੇਰੇ ਜਦੋਂ ਪੇਪਰ ਦੇਣ ਲਈ ਪੌੜੀਆਂ ਉੱਤਰ ਕੇ ਹਾਲ ਕਮਰੇ ਵਿਚ ਦੀ ਤੇਜ਼ੀ ਨਾਲ ਨਿਕਲ ਰਿਹਾ ਸੀ ਤਾਂ ਇਕ ਮੇਜ਼ 'ਤੇ ਮੇਰੇ ਸਕੂਲ ਸਮੇਂ ਦਾ ਸਾਇੰਸ ਟੀਚਰ ਚਾਹ ਪੀਂਦਾ ਹੋਇਆ ਦੇਖਿਆ। ਮੈਂ ਰੁਕ ਕੇ ਉਸਨੂੰ ਸਤਿ ਸ੍ਰੀ ਅਕਾਲ ਬੁਲਾਈ। ਉਹ ਬੜੇ ਤਪਾਕ ਨਾਲ ਦੋਸਤਾਂ ਵਾਂਗ ਮਿਲਿਆ। ਉਸਨੇ ਮੈਨੂੰ ਪੁੱਛਿਆ ਕਿ ਮੈਂ ਏਥੇ ਕੀ ਕਰਨ ਲਈ ਆਇਆ ਹਾਂ। ਮੈਂ ਕਿਹਾ ਇਹ ਲੰਬੀ ਕਹਾਣੀ ਹੈ। ਬਾਰਾਂ ਵਜੇ ਤਕ ਮੈਂ ਆ ਜਾਵਾਂਗਾ, ਫੇਰ ਸਭ ਦੱਸਾਂਗਾ। ਜੇ ਚਾਹੋ ਤਾਂ ਉਪਰ ਮੇਰਾ ਕਮਰਾ ਹੈ, ਤੁਸੀਂ ਅਰਾਮ ਕਰ ਸਕਦੇ ਹੋ। ਪਰ ਉਸਨੇ ਕਿਹਾ,''ਗੁਰਸੇਵਕ, ਮੈਂ ਅਰਾਮ ਕਰਨ ਲਈ ਨਹੀਂ ਆਇਆ ਹਾਂ। ਤੈਨੂੰ ਸ਼ਾਇਦ ਪਤਾ ਨਹੀਂ ਮੈਂ ਹੁਣ ਸਰਕਾਰੀ ਸਕੂਲ 'ਚ ਮਾਸਟਰ ਹਾਂ। ਤੇਰੇ ਵਾਲਾ ਪ੍ਰਾਈਵੇਟ ਸਕੂਲ ਮੈਂ ਕਦੋਂ ਦਾ ਛੱਡ ਦਿੱਤਾ ਹੈ। ਤੈਨੂੰ ਕਿਤੇ ਜਾਣ ਦੀ ਕਾਹਲੀ ਲਗਦੀ ਹੈ ? ਪਰ ਮੈਂ ਥੋੜ੍ਹੇ 'ਚ ਮੁਕਾਂਦਾ ਹਾਂ। ਮੇਰੀ ਮਾਂ ਤਾਂ ਪਿੱਛੇ ਰਾਵਲਪਿੰਡੀ ਜੋ ਹੁਣ ਪਾਕਿਸਤਾਨ 'ਚ ਹੈ, ਮਰ ਗਈ ਸੀ। ਅਸੀਂ ਤਿੰਨ ਭਰਾ ਹਾਂ। ਸਭ ਤੋਂ ਵੱਡਾ ਮੈਂ। ਛੋਟੇ ਹਾਲੇ ਪੜ੍ਹ ਰਹੇ ਹਨ। ਸਭ ਕੁਝ ਠੀਕ ਚੱਲ ਰਿਹਾ ਸੀ। ਪਰ ਮਾੜੀ ਕਿਸਮਤ ਨੂੰ, ਪਿੱਛੇ ਜਿਹੇ ਮੇਰੇ ਪਿਉ ਨੇ ਇਕ ਜਵਾਨ ਔਰਤ ਨਾਲ ਵਿਆਹ ਕਰ ਲਿਆ। ਹੁਣ ਮੈਨੂੰ ਲੱਗਦਾ ਹੈ ਕਿ ਉਸ ਦਾ ਸਾਰਾ ਝੁਕਾਅ ਉਸ ਔਰਤ ਵਲ ਹੈ। ਮੇਰੇ ਭਰਾਵਾਂ ਨੂੰ ਵੀ ਉਹ ਔਰਤ ਪਸੰਦ ਨਹੀਂ। ਉਹ ਦੁਖੀ ਹਨ ਤੇ ਮੇਰਾ ਪਿਉ ਵੀ ਉਹਨਾਂ ਦਾ ਵਤੀਰਾ ਦੇਖ ਕੇ ਦੁਖੀ ਹੈ। ਮੇਰੇ ਭਰਾ ਘਰੋਂ ਭੱਜਣ ਨੂੰ ਤਿਆਰ ਹਨ, ਨਹੀਂ ਤਾਂ ਉਹ ਕਹਿੰਦੇ ਹਨ ਕਿ ਮੈਂ ਉਹਨਾਂ ਕੋਲ ਆ ਕੇ ਰਹਾਂ। ਮੇਰਾ ਹਾਲੇ ਤਕ ਵਿਆਹ ਨਹੀਂ ਹੋਇਆ ਹੈ। ਸਾਡੀ ਜਾਤ ਬਰਾਦਰੀ ਦੇ ਏਧਰ ਕੋਈ ਪਰਿਵਾਰ ਨਹੀਂ ਹਨ। ਹੁਣ ਮੈਂ ਸੋਚਿਆ ਹੈ ਕਿ ਮੇਰੀ ਬਦਲੀ ਮੇਰੇ ਪਿੰਡ ਜਾਂ ਆਸ ਪਾਸ ਹੋ ਜਾਵੇ ਤਾਂ ਮੈਂ ਆਪਣੇ ਭਰਾਵਾਂ ਦਾ ਖਿਆਲ ਰੱਖ ਸਕਦਾ ਹਾਂ। ਹਾਂ, ਤੈਨੂੰ ਦੇਖ ਕੇ ਯਾਦ ਆਇਆ। ਤੇਰੇ ਕਾਲਜ ਦਾ ਇਕ ਕੈਮਿਸਟਰੀ ਦਾ ਪ੍ਰੋਫ਼ੈਸਰ ਸੀ। ਕੀ ਨਾਮ ਸੀ...ਹਾਂ ਦਰਸ਼ਨ ਸਿੰਘ।'' ਮੈਂ ਕਿਹਾ, ਉਹ ਤਾਂ ਦੋ ਸਾਲ ਪਹਿਲਾਂ ਕੋਈ ਵੱਡਾ ਅਫ਼ਸਰ ਬਣ ਕੇ ਚਲਿਆ ਗਿਆ ਸੀ। ਮਾਸਟਰ ਜੀ ਨੇ ਖੁਸ਼ ਹੋ ਕੇ ਦੱਸਿਆ,''ਹਾਂ, ਇਹ ਉਹੀ ਤਾਂ ਹੈ ਜਿਹੜਾ ਏਥੇ ਡਿਪਟੀ ਡਾਇਰੈਕਟਰ


ਕੀ ਇਸ ਨੂੰ ਹੀ ਪਹਿਲੀ ਨਜ਼ਰ ਦਾ ਪਿਆਰ ਕਹਿੰਦੇ ਹਨ ? ਮੇਰੇ ਅੰਦਰੋਂ ਇਹ ਸਵਾਲ ਉੱਠਿਆ ਪਰ ਹਾਲੇ ਤਾਂ ਮੈਂ ਡੌਰ ਭੌਰਾ ਜਿਹਾ ਹੋ ਗਿਆ ਸੀ।

ਡਾਕੂ ਦੀ ਧੀ

ਕ੍ਰਿਸ਼ਨ ਸਿੰਘ

ਜ਼ਿੰਦਗੀਨੁਮਾ

ਰੋਜ਼ਾਨਾ ਦੋ ਚਾਰ ਸੰਤਰੇ ਖਾਣ ਨਾਲ ਜ਼ੁਕਾਮ ਤੋਂ,ਲਹੂ ਨਾੜਾਂ ਵਿਚ ਚਰਬੀ ਦੇ ਜਮ੍ਹਾਂ ਹੋਣ ਤੋਂ, ਗੁਰਦੇ ਦੀ ਪੱਥਰੀ ਤੇ ਗੁਦਾ ਰਾਹ ਦੇ ਕੈਂਸਰ ਹੋਣ ਤੋਂ ਬਚਿ-ਆ ਜਾ ਸਕਦਾ ਹੈ। ਰੋਜ਼ ਇਕ ਸੇਬ ਖਾਣ ਨਾਲ ਗੁਦਾ ਰਾਹ ਦਾ ਕੈਂਸਰ,ਦਿਲ ਦਾ ਦੌਰਾ ਤੇ ਪਾਸਾ ਮਾਰਨ ਵਾਲੇ ਹੱਲਿਆਂ ਤੋਂ ਬਚਾਅ ਰਹਿੰਦਾ ਹੈ।



ਐਜੂਕੇਸ਼ਨ ਹੈ ਤੇ ਸਾਡੀਆਂ ਬਦਲੀਆਂ ਕਰਦਾ ਹੈ। ਬਸ ਬਣ ਗਿਆ ਕੰਮ, ਤੂੰ ਚੱਲ ਮੇਰੇ ਨਾਲ ਉਸਦੀ ਕੋਠੀ। ਮੇਰੀ ਸਿਫਾਰਿਸ਼ ਕਰ। ਵਾਹਿਗੁਰੂ ਨੇ ਬੜੀ ਸੁਣੀ ਹੈ।'' ਇਹ ਕਹਿ ਕੇ ਉਸਨੇ ਮੇਰੇ ਦੋਵੇਂ ਹੱਥ ਫੜ ਲਏ। ਮੈਂ ਸਚਿਆ ਮੈਂ ਤਾਂ ਉਸਦਾ ਸਟੂਡੈਂਟ ਸੀ। ਮੇਰੀ ਸਿਫਾਰਿਸ਼ ਉਹ ਕਿਉਂ ਮੰਨੇਗਾ। ਮੈਂ ਕਿਹਾ, ''ਮਾਸਟਰ ਜੀ, ਹਾਲੇ ਤਾਂ ਪੇਪਰ ਦੇਣ ਲਈ ਜਾ ਰਿਹਾ ਹਾਂ। ਵਾਪਸ ਆ ਕੇ ਉਸਦੇ ਦਫ਼ਤਰ ਚੱਲਾਂਗੇ। ਆਦਮੀ ਤਾਂ ਉਹ ਬਹੁਤ ਸਾਊ ਤੇ ਹਰਮਨ ਪਿਆਰਾ ਸੀ ਪਰ ਹੁਣ ਮੌਕੇ ਦਾ ਅਫ਼ਸਰ ਹੈ ਤੇ ਮੈਂ ਉਸਦਾ ਪੁਰਾਣਾ ਵਿਦਿਆਰਥੀ। ਕੋਈ ਬਹੁਤੀ ਆਸ ਨਹੀਂ ਰੱਖ ਸਕਦੇ। ਤੁਸੀਂ ਉਪਰ ਮੇਰੇ ਕਮਰੇ 'ਚ ਠਹਿਰੋ। ਦੁਪਿਹਰ ਤੋਂ ਬਾਅਦ ਚਲਾਂਗੇ।'' ਪਰ ਮਾਸਟਰ ਜੀ ਜਿਵੇਂ ਬਹੁਤੇ ਉਤਾਵਲੇ ਸਨ। ਥੋੜ੍ਹਾ ਉਦਾਸ ਜਿਹੇ ਹੋ ਗਏ।


ਦੁਪਿਹਰ ਤੋਂ ਬਾਅਦ ਅਸੀਂ ਦੋਵੇਂ ਡਿਪਟੀ ਡਾਇਰੈਕਟਰ ਦੇ ਦਫ਼ਤਰ ਪਹੁੰਚ ਗਏ। ਸਾਹਿਬ ਹਾਲੇ ਲੰਚ 'ਤੇ ਨਹੀਂ ਗਏ ਸਨ। ਮੈਂ ਪਰਚੀ ਤੇ ਆਪਣਾ ਨਾਂ, ਕਾਲਜ ਦਾ ਨਾਮ ਤੇ ਪੁਰਾਣੇ ਸਟੂਡੈਂਟ ਦਾ ਹਵਾਲਾ ਲਿਖ ਕੇ ਚਪੜਾਸੀ ਨੂੰ ਦਿੱਤੀ। ਚਪੜਾਸੀ ਜਿਵੇਂ ਤੁਰੰਤ ਬਾਹਰ ਆਇਆ ਤੇ ਸਾਨੂੰ ਅੰਦਰ ਲੈ ਗਿਆ। ਪ੍ਰੋਫ਼ੈਸਰ ਸਾਹਿਬ ਮੈਨੂੰ ਦੇਖ ਕੇ ਪਹਿਚਾਣ ਗਏ ਤੇ ਖੜ੍ਹੇ ਹੋ ਕੇ ਮੇਰੇ ਦੋਵੇ ਮੋਢਿਆਂ 'ਤੇ ਹੱਥ ਰੱਖਕੇ ਮੁਸਕਾਏ।

ਮਾਸਟਰ ਜੀ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਫੇਰ ਬੜੀਆਂ ਗੱਲਾਂ ਹੋਈਆਂ। ਮੈਨੂੰ ਕਹਿਣ ਲੱਗੇ, ''ਗੁਰਸੇਵਕ, ਕਾਲਜ ਵਿਚ ਪੜ੍ਹਾਉਣ ਦੇ ਉਹ ਦਿਨ ਬਹੁਤ ਚੰਗੇ ਸਨ। ਹਰ ਵੇਲੇ ਨੌਜਵਾਨ ਮੁੰਡੇ ਕੁੜੀਆਂ ਦੇ ਖਿੜੇ ਹੋਏ ਗੁਲਜ਼ਾਰ 'ਚ ਰਹਿਣਾ ਤੇ ਆਨੰਦ ਮਾਣਨਾ। ਆਪਣੇ ਪੀਰੀਅਡ ਪੜ੍ਹਾਏ ਤੇ ਛੁੱਟੀ। ਕੋਈ ਫਿਕਰ ਨਹੀਂ। ਇਹ ਅਫ਼ਸਰੀ ਬਹੁਤ ਬੁਰੀ ਬਲਾ ਹੈ। ਉਪਰ ਡਾਇਰੈਕਟਰ, ਮਿਨਿਸਟਰ ਤੇ ਹੇਠਾਂ ਸੈਂਕੜੇ ਮਾਸਟਰ। ਪੂਰਾ ਖਲਜਗਨ ਹੈ।'' ਜਦ ਤਕ ਚਪੜਾਸੀ ਸਾਡੇ ਲਈ ਚਾਹ ਲੈ ਆਇਆ ਸੀ। ਪ੍ਰੋਫ਼ੈਸਰ ਸਾਹਿਬ ਬੋਲੇ, ''ਓਹ ਸੱਚ, ਮੈਂ ਤਾਂ ਭੁਲ ਗਿਆ, ਕੀ ਕੰਮ ਹੈ ਮੇਰੇ ਓਲਡ ਸਟੂਡੈਂਟ ਦਾ?'' ਮੈਂ ਮਾਸਟਰ ਜੀ ਵਲ ਇਸ਼ਾਰਾ ਕਰ ਕੇ ਕਿਹਾ, ''ਇਹ ਮੇਰੇ ਪੁਰਾਣੇ ਸਾਇੰਸ ਟੀਚਰ ਹਨ। ਇਹ ਤੁਹਾਨੂੰ ਆਪਣੀ ਵਿਥਿਆ ਦੱਸਣਗੇ।'' ਮਾਸਟਰ ਜੀ ਨੇ ਆਪਣੇ ਘਰ ਦੇ ਹਲਾਤ, ਤੇ ਆਪਣੇ ਫਰਜ਼ ਬਾਰੇ ਸਭ ਕਹਿ ਸੁਣਾਇਆ। ਪ੍ਰੋਫ਼ੈਸਰ ਸਾਹਿਬ ਸੁਣ ਕੇ ਬਹੁਤ ਗੰਭੀਰ ਹੋ ਗਏ ਤੇ ਕਿਹਾ, ''ਤੁਹਾਡੇ ਪਿਤਾ ਜੀ ਨੇ ਇਹ ਕੰਮ ਏਸ ਉਮਰ 'ਚ ਕੋਈ ਚੰਗਾ ਨਹੀਂ ਕੀਤਾ ਹੈ। ਬੇਮੇਲ ਸ਼ਾਦੀਆਂ ਅਕਸਰ ਦੁਖਦਾਈ ਘਟਨਾਵਾਂ 'ਚ ਤਬਦੀਲ ਹੋ ਜਾਂਦੀਆਂ ਹਨ, ਨਮੋਸ਼ੀ ਅਲਗ ਝੱਲਣੀ ਪੈਂਦੀ ਹੈ। ਤੁਹਾਡੀ ਸਮੱਸਿਆ ਆਪਣੀ ਜਗਹ ਸਹੀ ਹੈ। ਥੋੜ੍ਹਾ ਸਬਰ ਕਰੋ। ਅਗਲੀ ਤਬਾਦਲਿਆਂ ਦੀ ਲਿਸਟ ਵਿਚ ਮੈਂ ਤੁਹਾਨੂੰ ਐਡਜਸਟ ਕਰ ਦੇਵਾਂਗਾ। ਫੇਰ ਵੀ ਮੈਂ ਦੇਖਾਂਗਾ ਕਿ ਕੋਈ ਮਾਸਟਰ ਏਸ ਮਹੀਨੇ ਦੇ ਅਖੀਰ 'ਤੇ ਰਿਟਾਇਰ ਹੋਣ ਵਾਲਾ ਹੋਇਆ ਤਾਂ ਉਸਦੀ ਜਗਹ ਐਡਜਸਟ ਕਰ ਦੇਵਾਂਗਾ। ਬਹੁਤਾ ਫਿਕਰ ਨਾ ਲਾਓ, ਸਭ ਠੀਕ ਹੋ ਜਾਵੇਗਾ।'' ਫੇਰ ਮੈਨੂੰ ਕਹਿਣ ਲੱਗੇ, ''ਤੂੰ ਤਾਂ ਜਿਵੇਂ ਦੱਸਿਆ ਹੈ, ਹਾਲੇ ਏਥੇ ਕੁਝ ਦਿਨ ਰਹਿਣਾ ਹੈ। ਮਿਲਦਾ ਗਿਲਦਾ ਰਹੀਂ। ਯਾਦਾਂ ਸਾਂਝੀਆਂ ਕਰਿਆ ਕਰਾਂਗੇ। ਹਾਂ....ਸੱਚ ਉਹ ਕਾਣਾ ਫਿਜ਼ਿਕਸ ਦਾ ਡਿਮੌਨਸਟਰੇਟਰ ਹਾਲੇ ਓਥੇ ਹੀ ਸੀ ਕਿ ਕਿਤੇ ਹੋਰ ਚਲਿਆ ਗਿਆ? ਬਹੁਤ ਇੰਟੈਲੀਜੈਂਟ ਆਦਮੀ ਹੈ। ਅਸੀਂ ਸਾਰੇ ਹੀ ਕ੍ਰੌਸਵਰਡਜ਼ ਪਜ਼ਲਜ਼ ਭਰਿਆ ਕਰਦੇ ਸਾਂ- ਪਰ ਏਸ ਆਦਮੀ ਨੇ ਤਾਂ ਕਮਾਲ ਕੀਤੀ। ਦਸ ਹਜ਼ਾਰ ਦਾ ਪਹਿਲਾ ਇਨਾਮ ਜਿੱਤ ਗਿਆ ਪਰ ਉਸਨੂੰ ਸਮਝ ਨਾ ਪਵੇ ਕਿ ਉਸ ਏਸ ਰਕਮ ਦਾ ਕੀ ਕਰੇ। ਮੈਂ ਕਿਹਾ ਬਚਿੰਤ ਸਿਆਂ ਅਲੀਗੜ੍ਹ ਜਾ ਕੇ ਪੱਥਰ ਦੀ ਅੱਖ ਪਵਾ ਲਵੇਂ ਤਾਂ ਤੇਰਾ ਵਿਆਹ ਵੀ ਹੋ ਜਾਵੇਗਾ।...ਹਾ.....ਹਾ....ਹਾ!'' ਪ੍ਰੋਫ਼ੈਸਰ ਸਾਹਿਬ ਉੱਚੀ ਉੱਚੀ ਹੱਸੇ। ਅਸੀਂ ਜਦੋਂ ਆਫ਼ਿਸ ਤੋਂ ਬਾਹਰ ਆਏ ਤਾਂ ਮਾਸਟਰ ਜੀ ਨੇ ਮੇਰੇ ਦੋਵੇਂ ਹੱਥ ਫੜ ਕੇ ਮੇਰਾ ਧੰਨਵਾਦ ਕੀਤਾ।

ਮੈਂ ਅੰਮਾ ਗੁਲਾਬ ਬਾਈ ਨੂੰ ਹਰ ਰੋਜ਼ ਸ਼ਾਮ ਨੂੰ ਮਿਲਣ ਲਈ ਜਾਂਦਾ ਸੀ। ਦਿਨ ਭਰ ਦੀਆਂ ਛੋਟੀਆਂ ਮੋਟੀਆਂ ਗੱਲਾਂ ਉਸ ਨਾਲ ਸਾਂਝੀਆਂ ਕਰਦਾ। ਅਗਲੇ ਪੰਜ ਦਿਨ ਮੈਨੂੰ ਛੁੱਟੀਆਂ ਸਨ। ਮੈਂ ਸੋਚਿਆ ਕਿਉਂ ਨਾ ਅੱਜ ਹੀ ਪੰਡਤਾਂ ਵਾਲੀ ਗਲੀ 'ਚ ਚਲਿਆ ਜਾਵਾਂ। ਮੈਂ ਪੁੱਛ ਪੁਛਾਅ ਕੇ ਉਹਨਾਂ ਦੇ ਘਰ ਪਹੁੰਚ ਗਿਆ। ਗੁਰਕੀਰਤ ਦੀ ਮਾਂ ਨੂੰ ਤਾਂ ਜਿਵੇਂ ਚਾਅ ਚੜ੍ਹ ਗਿਆ। ਛੋਟੀਆਂ ਬੱਚੀਆਂ ਮੇਰੀ ਕਮਰ ਨਾਲ ਏਸ ਤਰ੍ਹਾਂ ਚਿੰਬੜ ਗਈਆਂ ਜਿਵੇਂ ਮੈਂ ਉਹਨਾਂ ਦਾ ਚਿਰ ਤੋਂ ਵਿਛੜਿਆ ਕੋਈ ਭਰਾ ਮਿਲ ਗਿਆ ਹੋਵੇ। ਗੁਰਕੀਰਤ ਦੀਆਂ ਅੱਖਾਂ ਵਿਚ ਇਕ ਅਨੋਖੀ

ਇਹ ਅਫ਼ਸਰੀ ਬਹੁਤ ਬੁਰੀ ਬਲਾ ਹੈ। ਉਪਰ ਡਾਇਰੈਕਟਰ, ਮਿਨਿਸਟਰ ਤੇ ਹੇਠਾਂ ਸੈਂਕੜੇ ਮਾਸਟਰ। ਪੂਰਾ ਖਲਜਗਨ ਹੈ।

ਕੈਂਸਰ ਨਾਲ ਲੜਨ ਦਾ ਇਕ ਤਰੀਕਾ ਇਹ ਵੀ ਹੈ ਕਿ ਇਸਨੂੰ ਇਸਦੀ ਖੁਰਾਕ ਨਾ ਦਿਓ ਤੇ ਇਹ ਭੁੱਖਾ ਮਰ ਜਾਵੇ। ਚੀਨੀ, ਚਿੱਟਾ ਨਮਕ,ਦੁੱਧ (ਦੁੱਧ ਪੇਟ ਵਿਚ ਉਲਟ ਮਹੌਲ ਬਣਾਂਦੈ) ਤੇ ਇਸਦੇ ਪਦਾਰਥ,ਲਾਲ ਮਾਸ,ਚਾਹ,ਕੌਫ਼ੀ ਹੀ ਨਹੀਂ, ਗੁੱਸਾ ਤੇ ਗਿਲਾ ਰੱਖੀ ਰੱਖਣਾ ਵੀ ਨੁਕਸਾਨ ਦੇ ਸਕਦੇ ਹਨ।




ਚਮਕ ਡਲ੍ਹਕਾਂ ਮਾਰ ਰਹੀ ਸੀ ਤੇ ਉਹ ਭੱਜ ਕੇ ਪਿਛਲੇ ਕਮਰੇ 'ਚ ਚਲੀ ਗਈ। ਥੋੜ੍ਹੀ ਦੇਰ ਬਾਅਦ ਕਪੜੇ ਬਦਲ ਕੇ ਤੇ ਆਪਣੀਆਂ ਕਿਤਾਬਾਂ ਕਾਪੀਆਂ ਲੈ ਕੇ ਆ ਗਈ। ਉਸਦੀ ਮਾਂ ਮੇਰੇ ਲਈ ਚਾਹ ਤੇ ਕੋਈ ਨਮਕੀਨ ਲੈ ਆਈ। ਮੈਨੂੰ ਇਕੱਲੇ ਨੂੰ ਚਾਹ ਪੀਣ ਤੋਂ ਸੰਕੋਚ ਹੋਇਆ। ਗੁਰਕੀਰਤ ਨੇ ਦੱਸਿਆ ਕਿ ਉਹ ਚਾਹ ਨਹੀਂ ਪੀਂਦੀ। ਮੈਂ ਉਸਦੀਆਂ ਕਿਤਾਬਾਂ ਤੇ ਕਾਪੀਆਂ ਦੇ ਪੰਨੇ ਪਲਟਦਾ ਰਿਹਾ ਪਰ ਅਸਲ ਵਿਚ ਮੈਂ ਚੋਰ ਅੱਖਾਂ ਨਾਲ ਉਸਨੂੰ ਪੜ੍ਹਨ ਦਾ ਯਤਨ ਕਰ ਰਿਹਾ ਸੀ। ਜਦੋਂ ਸਾਡੀਆਂ ਅੱਖਾਂ ਮਿਲੀਆਂ ਤਾਂ ਉਹ ਬੇਚੈਨ ਜਿਹੀ ਹੋ ਜਾਂਦੀ। ਫੇਰ ਵੀ ਮੈਂ ਸਮਝ ਲਿਆ ਸੀ ਕਿ ਉਹ ਪੜ੍ਹਨ ਵਿਚ ਬੜੀ ਜ਼ਹੀਨ ਲੜਕੀ ਹੈ। ਦਸਵੀਂ 'ਚ ਅੱਛੇ ਨੰਬਰ ਲੈ ਕੇ ਪਾਸ ਹੋ ਜਾਵੇਗੀ। ਏਨੇ ਨੂੰ ਉਸਦੀ ਮਾਂ ਨੇ ਦਰਵਾਜ਼ੇ 'ਚ ਖੜ੍ਹੀ ਹੋ ਕੇ ਉੱਚੀ ਅਵਾਜ਼ 'ਚ ਕਿਹਾ ਕਿ ਉਸਨੂੰ ਕੋਈ ਜ਼ਰੂਰੀ ਕੰਮ ਯਾਦ ਆ ਗਿਆ ਹੈ ਤੇ ਉਹ ਅੱਧੇ ਪੌਣੇ ਘੰਟੇ ਤਕ ਵਾਪਸ ਆ ਜਾਵੇਗੀ। ਮੈਨੂੰ ਵੀ ਤਕੀਦ ਕੀਤੀ ਕਿ ਮੈਂ ਉਸਦੇ ਪਿਛੋਂ ਚਲਿਆ ਨਾ ਜਾਵਾਂ। ਇਹ ਕਹਿ ਕੇ ਉਹ ਚਲੀ ਗਈ ਤੇ ਦਰਵਾਜ਼ਾ ਭੇੜ ਗਈ। ਦੋਵੇਂ ਬੱਚੀਆਂ ਵੀ ਉਸਦੇ ਨਾਲ ਚਲੀਆਂ ਗਈਆਂ। ਉਸਦੇ ਜਾਣ ਤੋਂ ਬਾਅਦ ਅਸੀਂ ਦੋਵੇਂ ਕੁਝ ਦੇਰ ਤਕ ਚੁੱਪ ਬੈਠੇ ਰਹੇ। ਅਖੀਰ ਮੈਂ ਹੀ ਚੁੱਪ ਤੋੜੀ। ''ਗੁਰਕੀਰਤ, ਮੈਨੂੰ ਲਗਦਾ ਹੈ ਕਿ ਤੇਰੀ ਪੜ੍ਹਾਈ ਠੀਕ ਠਾਕ ਚਲ ਰਹੀ ਹੈ। ਮੇਰਾ ਖਿਆਲ ਹੈ ਕਿ ਦਸਵੀਂ ਤੋਂ ਬਾਅਦ ਤੂੰ ਏਥੇ ਕਾਲਜ ਵਿਚ ਦਾਖਲ ਹੋ ਕੇ ਘੱਟੋ ਘਟ ਬੀ.ਏ. ਤਾਂ ਕਰ ਹੀ ਲਵੀਂ। ਲੜਕੀਆਂ ਜੇ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਜਾਣ ਤਾਂ ਉਨ੍ਹਾਂ ਦਾ ਭਵਿਖ ਸੁਰੱਖਿਅਤ ਹੋ ਜਾਂਦਾ ਹੈ। ਸਹੁਰਿਆਂ 'ਚ ਵੀ ਆਦਰ ਮਾਨ ਵਧ ਜਾਂਦਾ ਹੈ।''

ਇਹੀ ਹਾਲ ਸਾਡੇ ਸ਼ਰੀਕਾਂ ਦਾ ਸੀ। ਐਵੇਂ ਖਾਹ ਮਖਾਹ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਝਗੜਦੇ ਰਹਿੰਦੇ ਸਨ।

ਸਹੁਰਿਆਂ ਦਾ ਨਾਂ ਸੁਣ ਕੇ ਉਸਦੀਆਂ ਅੱਖਾਂ 'ਚੋਂ ਹੰਝੂ ਟਪਕਣ ਲਗ ਪਏ। ਮੈਨੂੰ ਸਮਝ ਨਾ ਪਵੇ ਕਿ ਇਹ ਮੈਂ ਕੀ ਕਹਿ ਦਿੱਤਾ ਜੋ ਇਸ ਦੀ ਦੁਖਦੀ ਨਾੜ ਛੇੜ ਦਿੱਤੀ। ਜੇ ਉਹ ਸ਼ਰਮਾਅ ਜਾਂਦੀ ਜਿਵੇਂ ਆਮ ਕੁੜੀਆਂ ਅਜਿਹਾ ਕਰਦੀਆਂ ਹਨ ਤਾਂ ਵਖਰੀ ਗੱਲ ਸੀ ਪਰ ਰੋਣ ਦਾ ਕੀ ਮਤਲਬ। ਏਸ ਤੋਂ ਪਹਿਲਾਂ ਕਿ ਮੈਂ ਕੁਝ ਪੁੱਛਦਾ ਉਹ ਉੱਠ ਕੇ ਅੰਦਰ ਕਮਰੇ 'ਚ ਚਲੀ ਗਈ। ਮੈਨੂੰ ਲਗਿਆ ਜਿਵੇਂ ਉਸ ਨੇ ਕੋਈ ਟਰੰਕ ਖੋਲ੍ਹਿਆ ਹੁੰਦਾ ਹੈ। ਬਾਹਰ ਆਈ ਤਾਂ ਉਸਦੇ ਹੱਥ ਵਿਚ ਇਕ ਪੋਸਟਕਾਰਡ ਸੀ ਜੋ ਉਸਨੇ ਮੇਰੇ ਵਲ ਵਧਾਅ ਦਿੱਤਾ। ਮੈਂ ਧੜਕਦੇ ਦਿਲ ਨਾਲ ਪੜ੍ਹਿਆ। ਉਹ ਕਿਸੇ ਵਧਾਵਾ ਸਿੰਘ ਨੇ ਇਕ ਸਾਲ ਪਹਿਲਾਂ ਲਿਖਿਆ ਸੀ ਕਿ ਗੁਰਕੀਰਤ ਦੇ ਬਾਪੂ ਬਲਬੀਰ ਸਿੰਘ ਨੇ ਮਰਨ ਤੋਂ ਪਹਿਲਾਂ ਜਿਹੜਾ ਆਪਣੀ ਧੀ ਦਾ ਰਿਸ਼ਤਾ ਉਹਨਾਂ ਦੇ ਪੁੱਤਰ ਨਾਲ ਕੀਤਾ ਸੀ, ਉਹ ਉਹਨਾਂ ਨੂੰ ਮਨਜ਼ੂਰ ਨਹੀਂ ਕਿਉਂਕਿ ਡਾਕੂ ਦੀ ਧੀ ਨਾਲ ਆਪਣੇ ਪੁੱਤਰ ਦਾ ਵਿਆਹ ਕਰ ਕੇ ਆਪਣੇ ਖਾਨਦਾਨ ਦੀ ਇੱਜ਼ਤ ਨੂੰ ਵੱਟਾ ਨਹੀਂ ਲਾ ਸਕਦੇ। ''ਸਾਡੇ ਵਲੋਂ ਸਾਫ਼ ਜਵਾਬ ਹੈ। ਤੁਸੀਂ ਆਪਣੀ ਧੀ ਨੂੰ ਜਿਥੇ ਮਰਜ਼ੀ ਹੈ ਵਿਆਹ ਲਵੋ।'' ਉਹ ਸਾਹਮਣੇ ਬੈਠੀ ਰੋ ਰਹੀ ਸੀ ਤੇ ਮੈਂ, ਪਰੇਸ਼ਾਨ ਹੋਇਆ, ਏਸ ਬੁਝਾਰਤ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਉਸਨੂੰ ਚੁੱਪ ਕਰਾਉਣ ਦਾ ਜਤਨ ਕਰਦਿਆਂ ਉਸਨੂੰ ਆਪਣਾ ਰੁਮਾਲ ਦਿੱਤਾ ਤੇ ਕਿਹਾ ਜੇ ਹੋ ਸਕੇ ਤਾਂ ਮੈਨੂੰ ਸਾਰੀ ਗੱਲ ਦੱਸੇ: ਇਹ ਬਲਬੀਰ ਸਿੰਘ, ਜਗਰੂਪ ਸਿੰਘ ਤੇਰੇ ਕੌਣ ਹਨ? ਕੀ ਪਤਾ ਹੈ ਕਿ ਮੈਂ ਤੁਹਾਡੀ ਕੋਈ ਸਹਾਇਤਾ ਕਰ ਸਕਾਂ? ਉਸਨੇ ਆਪਣੇ ਅੱਥਰੂ ਪੂੰਝੇ ਤੇ ਕਿਹਾ–

''ਅਸੀਂ ਦੱਖਣੀ ਮਾਲਵੇ ਦੇ ਇਕ ਪਿੰਡ ਦੇ ਰਹਿਣ ਵਾਲੇ ਹਾਂ। ਕੋਈ ਚਾਲੀ ਪੰਜਾਹ ਕਿੱਲੇ ਰੌਣੀ ਵਾਲੀ ਜ਼ਮੀਨ ਹੈ। ਮੇਰੇ ਬਾਪੂ ਜੀ ਬਲਬੀਰ ਸਿੰਘ ਫ਼ੌਜ ਵਿਚ ਹੌਲਦਾਰ ਸਨ। ਹੱਸਦਾ ਖੇਡਦਾ ਪਰਿਵਾਰ ਸੀ। ਖੇਤੀ ਬੰਨਾ ਮੇਰੇ ਬਾਬਾ ਜੀ ਤੇ ਇਹ ਮੇਰਾ ਚਾਚਾ ਜੀ ਜਗਰੂਪ ਸਿੰਘ ਸੰਭਾਲਦੇ ਸਨ। ਪਰ ਜੱਟ ਕਿਸੇ ਖਾਂਦੇ ਪੀਂਦੇ ਤੇ ਖੁਸ਼ਹਾਲ ਪਰਿਵਾਰ ਨੂੰ ਦੇਖ ਨਹੀਂ ਸਕਦੇ। ਇਹੀ ਹਾਲ ਸਾਡੇ ਸ਼ਰੀਕਾਂ ਦਾ ਸੀ। ਐਵੇਂ ਖਾਹ ਮਖਾਹ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਝਗੜਦੇ ਰਹਿੰਦੇ ਸਨ। ਇਕ ਵਾਰ ਪਾਣੀ ਦੀ ਵਾਰੀ 'ਤੇ ਲੜਾਈ ਹੋਈ ਤੇ ਉਹਨਾਂ ਨੇ ਮੇਰੇ ਬਾਬਾ ਜੀ ਨੂੰ ਮਾਰ ਦਿੱਤਾ। ਚਾਚਾ ਜੀ ਵੀ ਜ਼ਖ਼ਮੀ ਹੋਏ ਤੇ ਛੇ ਮਹੀਨੇ ਹਸਪਤਾਲ 'ਚ ਪਏ ਰਹੇ ਤੇ ਬਚ ਗਏ। ਮੁਕੱਦਮਾ ਚੱਲਿਆ। ਉਹਨਾਂ ਦੇ ਦੋ ਬੰਦਿਆਂ ਨੂੰ ਵੀਹ ਸਾਲਾਂ ਲਈ ਜੇਲ੍ਹ ਹੋ ਗਈ। ਮੇਰੇ ਬਾਪੂ ਜੀ ਫ਼ੌਜ ਵਿਚੋਂ ਡਿਸਚਾਰਜ ਲੈ ਕੇ ਆ ਗਏ। ਬਾਬਾ ਜੀ ਦੇ ਕਤਲ ਤੋਂ ਬਾਅਦ ਉਹਨਾਂ ਦੇ ਮਨ 'ਚ ਹਰ ਵੇਲੇ ਬਦਲੇ ਦੀ ਅੱਗ ਭੜਕਦੀ ਰਹਿੰਦੀ ਸੀ। ਕਈ ਵਾਰ ਦਾਰੂ ਪੀ ਕੇ ਬਹਿਕ ਜਾਂਦੇ ਤੇ ਕਹਿੰਦੇ, ਜੂਪਿਆ ਦੁਸ਼ਮਣ ਤਾਂ ਜਿਊਂਦੇ ਫਿਰਦੇ ਹਨ। ਮੈਂ ਨਹੀਂ ਛਡਣਾ ਇਹਨਾਂ ਨੂੰ

# ਡਾਕੂ ਦੀ ਧੀ

ਕ੍ਰਿਸ਼ਨ ਸਿੰਘ

ਜ਼ਿੰਦਗੀਨੁਮਾ



ਤੁਹਾਨੂੰ ਦੱਸਾਂ ਕਿ ਮੈਂ ਇਕ ਜਾਦੂ ਦਾ ਪਾਣੀ (ਹੰਝੂਆਂ ਤੋਂ) ਤਿਆਰ ਕਰ ਰਹੀ ਹਾਂ ਜੋ ਭੋਲਾਪਣ ਵਾਪਿਸ ਲੈ ਆਏ।
Pascal Guillam,ਫ਼ਰਾਂਸੀਸੀ।

ਭਾਵੇਂ ਫਾਹੇ ਲਗ ਜਾਵਾਂ। ਤੂੰ ਤੇਰੀ ਭਰਜਾਈ ਤੇ ਜਵਾਕਾਂ ਦਾ ਖਿਆਲ ਰੱਖੀਂ। ਉਹ ਯਤੀਮ ਹੋ ਜਾਣਗੇ। ਤੇਰੇ ਹੀ ਸਹਾਰੇ ਜਿਉਣਗੇ। ਜੇ ਕਿਤੇ ਮੇਰਾ ਕੋਈ ਪੁੱਤ ਹੁੰਦਾ ਤਾਂ ਮੈਂ ਸੌਖਾ ਮਰਦਾ। ਅਜਿਹੀਆਂ ਗੱਲਾਂ ਸੁਣ ਕੇ ਅਸੀਂ ਸਾਰੇ ਰੋਣ ਲਗ ਜਾਂਦੇ। ਮੇਰੀ ਮਾਂ ਸਮਝਾਉਂਦੀ ਕਿ ਬਦਲਾ ਤਾਂ ਅਸੀਂ ਲੈ ਲਿਆ- ਉਹਨਾਂ ਦੇ ਦੋ ਬੰਦੇ ਵੀਹ ਸਾਲਾਂ ਲਈ ਅੰਦਰ ਹੋ ਗਏ ਹਨ; ਜੇਲ੍ਹਾਂ 'ਚ ਹੀ ਮਰ ਮੁੱਕ ਜਾਣਗੇ। ਏਸ ਤਰ੍ਹਾਂ ਕੁਝ ਸਮਾਂ ਨਿਕਲ ਗਿਆ। ਮੇਰੇ ਬਾਪੂ ਜੀ ਨੇ ਲਸੰਸੀ ਰਫ਼ਲ ਲੈ ਲਈ। ਹਰ ਵੇਲੇ ਨਾਲ ਚੁੱਕੀ ਫਿਰਦੇ। ਕਿਸੇ ਮੌਕੇ ਦੀ ਤਲਾਸ਼ 'ਚ ਰਹਿੰਦੇ। ਸਾਨੂੰ ਹਮੇਸ਼ਾ ਫ਼ਿਕਰ ਰਹਿੰਦਾ ਕਿ ਕਿਤੇ ਵਾਰਦਾਤ ਨਾ ਕਰ ਦੇਣ। ਮੇਰੀ ਦਾਦੀ ਜਿਉਂਦੀ ਹੁੰਦੀ ਤਾਂ ਉਸ ਨੂੰ ਸਮਝਾਉਂਦੀ। ਬਸ ਜੋ ਹੋਣੀ ਸੀ! ਇਕ ਦਿਨ ਵੈਰੀਆਂ ਦੇ ਦੋ ਜਵਾਨ ਕੜੀ ਵਰਗੇ ਮੁੰਡੇ ਮਾਰ ਦਿੱਤੇ, ਆਪ ਫਰਾਰ ਹੋ ਗਏ। ਪੁਲਿਸ ਮੇਰੇ ਚਾਚਾ ਜੀ ਨੂੰ ਫੜ ਕੇ ਲੈ ਗਈ। ਏਸ 'ਤੇ ਕੋਈ ਮੁਕੱਦਮਾ ਬਣਿਆ ਨਹੀਂ। ਪਰ ਸਾਨੂੰ ਡਰ ਲਗਿਆ ਕਿ ਵੈਰੀ ਸਾਨੂੰ ਮਾਰ ਮਕਾਉਣਗੇ। ਮੇਰੀ ਮਾਂ ਦੇ ਨਿਆਣਾ ਨਿੱਕਾ ਹੋਣ ਵਾਲਾ ਸੀ। ਉਹ ਫ਼ਿਕਰ ਨਾਲ ਹਰ ਵੇਲੇ ਮਰਦੀ ਜਾਵੇ। ਕੁਝ ਦਿਨਾਂ ਬਾਅਦ ਪਤਾ ਲਗਿਆ ਕਿ ਮੇਰਾ ਬਾਪੂ ਡਾਕੂਆਂ ਦੇ ਟੋਲੇ ਵਿਚ ਰਲ ਗਿਆ ਹੈ। ਇਹ ਤਾਂ ਹੋਰ ਵੀ ਬੁਰਾ ਹੋ ਗਿਆ! ਪਿੰਡ ਵਾਲੇ ਸਾਨੂੰ ਨਫ਼ਰਤ ਕਰਨ ਲਗ ਪਏ। ਉਹ ਪੁਲਿਸ ਨੂੰ ਕਹਿਣ ਕਿ ਇਹਨਾਂ ਨੂੰ ਪਿੰਡ ਵਿਚੋਂ ਕੱਢੋ, ਪਿੰਡ ਨੂੰ ਖ਼ਤਰਾ ਹੈ, ਏਥੇ ਚੌਕੀ ਬਿਠਾਓ। ਅਖੀਰ ਪਿੰਡ ਵਾਲਿਆਂ ਤੇ ਪੁਲਿਸ ਦੀ ਰੋਜ਼ ਰੋਜ਼ ਦੀ ਪਰੇਸ਼ਾਨੀ ਤੋਂ ਬਚਣ ਲਈ ਜ਼ਮੀਨ ਠੇਕੇ 'ਤੇ ਦੇ ਕੇ ਸਾਰਾ ਟੱਬਰ ਏਥੇ ਆ ਗਿਆ। ਏਥੇ ਆ ਕੇ ਕੋਈ ਤਿੰਨ ਮਹੀਨਿਆਂ ਬਾਅਦ ਮੇਰੀ ਮਾਂ ਦੇ ਮੇਰਾ ਛੋਟਾ ਵੀਰਾ ਮੱਘਰ ਹੋਇਆ। ਹੁਣ ਸੁੱਖ ਨਾਲ ਤਿੰਨ ਵਰ੍ਹਿਆਂ ਦਾ ਹੋਣ ਵਾਲਾ ਹੈ। ਮੇਰੇ ਬਾਪੂ ਜੀ ਨੂੰ ਵੀ ਪਤਾ ਲਗ ਗਿਆ ਕਿ ਅਸੀਂ ਏਥੇ ਆ ਗਏ ਹਾਂ। ਉਹ ਲੁਕ ਛਿਪ ਕੇ ਆਉਂਦੇ, ਰੋ ਰੋ ਕੇ ਕਹਿੰਦੇ ਕਿ ਉਹ ਸਾਡੇ ਕਸੂਰਵਾਰ ਹਨ। ਉਨ੍ਹਾਂ ਕਾਰਨ ਅਸੀਂ ਘਰ ਤੋਂ ਬੇਘਰ ਹੋ ਗਏ ਹਾਂ। ਉਨਾ ਨੂੰ ਮਾਫ਼ ਕਰ ਦਈਏ। ਜੇ ਕਿਤੇ ਕਨੂੰਨ ਤੇ ਸਮਾਜ ਉਨ੍ਹਾਂ ਨੂੰ ਮਾਫ਼ ਕਰ ਦੇਵੇ ਤਾਂ ਉਹ ਕਦੇ ਵੀ ਏਸ ਰਸਤੇ ਨਾ ਚੱਲਣਗੇ। ਇਕ ਇਕ ਦੇ ਪੈਰੀਂ ਪੈ ਕੇ ਮਾਫ਼ੀ ਮੰਗ ਲੈਣਗੇ।

ਮੈਂ ਪੁੱਛਿਆ ਇਹ ਜਗਰੂਪ ਸਿੰਘ, ਤੇ ਤੁਹਾਡਾ ਇਹ ਪਰਿਵਾਰ ? ਕੀ ਸਬੰਧ ਹੈ? ਉਸਨੇ ਦੱਸਿਆ ਕਿ ਇਹ ਉਸਦੇ ਚਾਚਾ ਜੀ ਹਨ। ਪਹਿਲਾਂ ਉਹ ਪਹਿਲਵਾਨੀ ਕਰਦਾ ਸੀ। ਉਸਦੇ ਉਸਤਾਦ ਪਹਿਲਵਾਨ ਨੇ ਲੰਗੋਟ ਬਖ਼ਸ਼ਣ ਤੋਂ ਪਹਿਲਾਂ ਵਚਨ ਲਿਆ ਸੀ ਕਿ ਉਹ ਸ਼ਾਦੀ ਨਹੀਂ ਕਰੇਗਾ ਤੇ ਬ੍ਰਹਮਚਾਰੀ ਰਹੇਗਾ। ਪਰ ਮੇਰੇ ਬਾਪੂ ਦੇ ਮਾਰੇ ਜਾਣ ਤੋਂ ਬਾਅਦ ਮੇਰੇ ਨਾਨਕਿਆਂ ਦੇ ਜ਼ੋਰ ਪਾਉਣ 'ਤੇ ਉਸਨੇ ਮੇਰੀ ਮਾਂ 'ਤੇ ਚਾਦਰ ਪਾ ਕੇ ਕਰੇਵਾ ਕਰ ਲਿਆ। ਉਹ ਹੁਣ ਪਿਤਾ ਬਣ ਕੇ ਸਾਡੀ ਪਰਵਰਿਸ਼ ਕਰ ਰਿਹਾ ਹੈ। ਫੇਰ ਮੈਂ ਪੁੱਛਿਆ, ''ਤੇਰੇ ਬਾਪੂ ਜੀ ਨੂੰ ਕਿਸਨੇ ਮਾਰਿਆ?''

**ਮੇਰੇ ਬਾਪੂ ਜੀ ਨੇ ਉਹਨਾਂ 'ਤੇ ਇਤਬਾਰ ਕਰ ਲਿਆ। ਖਾ ਪੀ ਕੇ ਸੌਂ ਗਏ।**

ਮੇਰੇ ਮੂੰਹੋਂ ਐਵੇਂ ਨਿਕਲ ਗਿਆ ਕਿਉਂਕਿ ਡਾਕੂ ਤਾਂ ਅਕਸਰ ਪੁਲਿਸ ਮੁਕਾਬਲੇ 'ਚ ਮਾਰੇ ਜਾਂਦੇ ਹਨ। ਗੁਰਕੀਰਤ ਨੇ ਅੱਖਾਂ ਭਰ ਕੇ ਦੱਸਿਆ, ''ਉਹ ਕਿਸੇ ਡਾਕੂਆਂ ਦੇ ਟੋਲੇ 'ਚ ਤਾਂ ਹੈ ਸਨ। ਲੁੱਟ ਮਾਰ ਦਾ ਕੁਝ ਮਾਲ ਉਹ ਆਪਣੀ ਮਾਸੀ ਦੇ ਪੁੱਤਾਂ ਕੋਲ ਅਮਾਨਤੀ ਰੱਖ ਜਾਂਦੇ ਸਨ ਤੇ ਏਸ ਦੇ ਬਦਲੇ ਕੁਝ ਨਾ ਕੁਝ ਹਿੱਸਾ ਅਮਾਨਤ ਸੰਭਾਲਣ ਲਈ ਦੇ ਜਾਂਦੇ ਸਨ। ਇਕ ਵਾਰ ਉਹਨਾਂ ਨੂੰ ਪੈਸੇ ਦੀ ਲੋੜ ਪਈ ਤਾਂ ਅੱਧੀ ਰਾਤ ਨੂੰ ਮਾਸੀ ਦੇ ਘਰ ਆ ਗਏ ਤੇ ਆਪਣੀ ਲੋੜ ਦੱਸੀ। ਪਰ ਉਹਨਾਂ ਨੇ ਕਿਹਾ ਕਿ ਉਸਦੀ ਅਮਾਨਤ ਮੰਡੀ ਦੇ ਆੜ੍ਹਤੀਏ ਕੋਲ ਰੱਖੀ ਹੋਈ ਹੈ। ਰਾਤ ਨੂੰ ਏਥੇ ਰਹੋ ਤੇ ਉਹ ਸਵੇਰੇ ਮੰਡੀ ਜਾ ਕੇ ਲੈ ਆਉਣਗੇ ਤੇ ਫੇਰ ਅਗਲੀ ਰਾਤ ਹਨੇਰੇ 'ਚ ਨਿਕਲ ਜਾਣਾ। ਮੇਰੇ ਬਾਪੂ ਜੀ ਨੇ ਉਹਨਾਂ 'ਤੇ ਇਤਬਾਰ ਕਰ ਲਿਆ। ਖਾ ਪੀ ਕੇ ਸੌਂ ਗਏ। ਪਰ ਉਹਨਾਂ ਬੇਈਮਾਨ ਮਾਸੀ ਦੇ ਜ਼ਾਲਮ ਪੁੱਤਾਂ ਨੇ ਮੇਰੇ ਬਾਪੂ ਜੀ ਨੂੰ ਸੁੱਤੇ ਪਏ ਨੂੰ ਬਰਛਿਆਂ ਨਾਲ ਵਿੰਨ੍ਹ ਦਿੱਤਾ। ਤੁਰੰਤ ਮੰਡੀ ਜਾ ਕੇ ਥਾਨੇਦਾਰ ਨੂੰ ਮਿਲੇ ਤੇ ਸਾਰੀ ਗੱਲ ਦੱਸੀ ਕਿ ਫਲਾਣੇ ਡਾਕੂ ਨੂੰ ਉਹਨਾਂ ਨੇ ਮਾਰ ਦਿੱਤਾ ਹੈ। ਥਾਨੇਦਾਰ ਬਹੁਤ ਖੁਸ਼ ਹੋਇਆ। ਤੇ ਕਿਹਾ ਕਿ ਤੁਸੀਂ ਛੇਤੀ ਜਾ ਕੇ ਉਸਦੀ ਲਾਸ਼ ਨੂੰ ਨਹਿਰ ਦੇ ਪੁਲ 'ਤੇ ਲੈ ਆਓ। ਅਸੀਂ ਮੁਕਾਬਲਾ ਦਿਖਾਵਾਂਗੇ ਤੇ ਏਧਰ ਗੋਲੀਆਂ ਚਲਾਵਾਂਗੇ। ਤੁਸੀਂ ਕੋਈ ਭਾਫ਼ ਨਾ ਕੱਢਿਓ, ਨਹੀਂ ਤਾਂ ਡਾਕੂ ਦੀ ਇਮਦਾਦ ਕਰਨ ਲਈ ਬੰਨ੍ਹ ਕੇ ਲੈ ਜਾਵਾਂਗੇ ਤੇ ਸਾਰਾ ਖਾਧਾ ਪੀਤਾ ਕਢਾਅ ਲਵਾਂਗੇ। ਏਵੇਂ ਫੇਰ ਡਰਾਮਾ ਹੋਇਆ। ਲੋਕਾਂ ਨੇ ਸ਼ੁਕਰ ਮਨਾਇਆ ਕਿ ਡਾਕੂ ਮੁਕਾਬਲੇ 'ਚ ਮਾਰਿਆ ਗਿਆ ਹੈ। ਥਾਨੇਦਾਰ ਨੂੰ ਤਰੱਕੀ ਤੇ ਇਨਾਮ ਮਿਲਿਆ ਤੇ ਅਸੀਂ ਯਤੀਮ ਹੋ ਗਏ। ਹੁਣ ਮੇਰੀ ਮਾਂ ਤੇ ਚਾਚਾ ਜੀ ਨੂੰ ਇਹੀ

ਡਾਕੂ ਦੀ ਧੀ

ਕ੍ਰਿਸ਼ਨ ਸਿੰਘ

ਜ਼ਿੰਦਗੀਨੁਮਾ

ਹਰ ਇਨਸਾਨ ਦੇ ਸਰੀਰ ਦੇ ਵਿਚ ਕੈਂਸਰ ਦੇ ਸੈੱਲ ਹੁੰਦੇ ਹੀ ਹਨ। ਜਦੋਂ ਇਹ ਗੁਣਾਂ-ਜਰਬ ਹੋ ਹੋ ਕੇ ਕਰੋੜਾਂ-ਅਰਬਾਂ ਦੀ ਗਿਣਤੀ ਤੱਕ ਪਹੁੰਚ ਜਾਣ, ਓਦੋਂ ਹੀ ਕੋਈ ਟੈਸਟ ਇਨ੍ਹਾਂ ਦੇ ਹੋਣ ਨੂੰ ਪਕੜ ਸਕਦਾ ਹੈ। ਬਿਮਾਰੀ ਤੋਂ ਬਚਾਅ ਰੱਖਣ ਦਾ ਸਰੀਰਕ ਤਾਣਾ ਬਾਣਾ ਕਮਜ਼ੋਰ ਹੋਣ ਨਾਲ ਕੈਂਸਰ ਸੈੱਲ ਵਧਣ ਦਾ ਮਹੌਲ ਬਣਦਾ ਹੈ।



ਫ਼ਿਕਰ ਖਾਈ ਜਾਂਦਾ ਹੈ ਕਿ ਅਸੀਂ ਤਾਂ ਡਾਕੂ ਦੀ ਉਲਾਦ ਹਾਂ। ਮੇਰੇ ਇਲਾਵਾ ਮੇਰੀਆਂ ਦੋ ਭੈਣਾਂ ਹਨ, ਛੋਟਾ ਵੀਰਾ ਹੈ। ਕੌਣ ਸਾਨੂੰ ਅਪਨਾਏਗਾ। ਕੌਣ ਸਾਡੇ ਰਿਸ਼ਤੇ ਲਏਗਾ? ਕਈ ਵਾਰ ਜੀਅ ਕਰਦਾ ਹੈ ਕਿ ਮੈਂ ਕੋਈ ਖੂਹ ਖਾਤਾ ਗੰਦਾ ਕਰ ਦੇਵਾਂ। ਮੈਂ ਜਵਾਨ ਹੋ ਗਈ ਹਾਂ ਤੇ ਰਿਸ਼ਤਾ ਟੁੱਟ ਚੁੱਕਿਆ ਹੈ। ਘੱਟੋ ਘੱਟ ਮੇਰੀ ਮਾਂ ਦੀ ਇੱਕ ਚਿੰਤਾ ਤਾਂ ਮੁੱਕੇ। ਮੇਰੇ ਲਈ ਕੀ ਦਸਵੀਂ ਤੇ ਕੀ ਬੀ.ਏ.! ਸਭ ਇਕ ਬਰਾਬਰ ਹੈ। ਅੱਗੇ ਹਨੇਰਾ ਹੀ ਹਨੇਰਾ ਦਿਸਦਾ ਹੈ।''

ਲੰਬਾ ਸਾਹ ਭਰ ਕੇ ਉਹ ਤਾਂ ਚੁੱਪ ਹੋ ਗਈ ਪਰ ਮੇਰੇ ਲਈ ਅਨਗਿਣਤ ਸਵਾਲ ਖੜ੍ਹੇ ਹੋ ਗਏ। ਜਿਵੇਂ ਇਹ ਭੂਤ ਪ੍ਰੇਤਾਂ ਦਾ ਜਾਮਾ ਪਾ ਕੇ ਤਾਂਡਵ ਨਾਚ ਨੱਚਦੇ ਹੋਏ ਪੁੱਛ ਰਹੇ ਹੋਣ ਕਿ ਹੁਣ ਦੱਸ ਇਹਨਾਂ ਦਾ ਕੀ ਹੋਵੇਗਾ। ਕਿਹੜਾ ਮਾਈ ਦਾ ਲਾਲ ਹੈ ਜਿਹੜਾ ਇਹਨਾਂ ਨੂੰ ਏਸ ਨਰਕ 'ਚੋਂ ਕੱਢ ਕੇ ਇੱਜ਼ਤ ਦੀ ਜ਼ਿੰਦਗੀ ਦੀ ਰਾਹ 'ਤੇ ਲਿਆ ਸਕੇ। ਮੈਂ ਜਿਵੇਂ ਉਹਨਾਂ ਦੀਆਂ ਲਾਲ ਲਾਲ ਅੱਖਾਂ ਤੋਂ ਬਚ ਰਿਹਾ ਹੋਵਾਂ ਪਰ ਉਹਨਾਂ ਦੇ ਲੰਬੇ ਤੇ ਡਰਾਉਣੇ ਪਰਛਾਵਿਆਂ ਤੋਂ ਪਾਰ ਇੱਕ ਆਸ਼ਾ ਦੀ ਦੇਵੀ ਦਾ ਪ੍ਰਕਾਸ਼ ਨਜ਼ਰ ਆਇਆ। ਉਹ ਦੇਵੀ ਹੈ ਮੇਰੀ ਮਾਂ ਜਿਸਦੇ ਅਥਾਹ ਪਿਆਰ 'ਤੇ ਮੈਨੂੰ ਭਰੋਸਾ ਹੈ। ਉਸੇ ਨੇ ਹੀ ਮੈਨੂੰ ਸੱਚੇ ਮਾਰਗ 'ਤੇ ਚੱਲਣ ਲਈ ਹਮੇਸ਼ਾ ਤੋਂ ਪ੍ਰੇਰਿਆ ਹੈ। ਮੈਨੂੰ ਜਿਵੇਂ ਏਸ ਪ੍ਰਕਾਸ਼ ਦੀ ਕਿਰਨ 'ਚ ਕੋਈ ਰਸਤਾ ਮਿਲ ਗਿਆ ਹੋਵੇ। ਮੈਂ ਤੁਰੰਤ ਗੁਰਕੀਰਤ ਦੇ ਦੋਵੇਂ ਹੱਥ ਫੜ ਕੇ ਆਪਣੀ ਛਾਤੀ ਨਾਲ ਲਾਏ ਤੇ ਕਿਹਾ, ''ਗੁਰਕੀਰਤ, ਅੱਜ ਤੋਂ ਤੁਹਾਡੇ ਤੇ ਮੇਰੇ ਦੁੱਖ ਸੁੱਖ ਸਾਂਝੇ ਹੋ ਗਏ ਹਨ। ਅਸੀਂ ਇੱਕ ਦੂਜੇ ਦੇ ਪੂਰਕ ਹਾਂ। ਮੈਨੂੰ ਅਗੋਂ ਦਾ ਰਸਤਾ ਸਾਫ਼ ਦਿਖ ਰਿਹਾ ਹੈ। ਕਿਸੇ ਅਦ੍ਰਿਸ਼ ਸ਼ਕਤੀ ਨੇ ਸਾਡਾ ਮੇਲ ਕਰਾਇਆ ਹੈ। ਪੈਂਡਾ ਬੇਸ਼ਕ ਬਿਖੜਾ ਹੈ ਪਰ

## ਅਸੀਂ ਮਿਲ ਜੁਲ ਕੇ ਏਸ ਪਰਿਵਾਰ ਦੀ ਡੁਬਦੀ ਤੇ ਹਿਚਕੋਲੇ ਖਾਂਦੀ ਕਿਸ਼ਤੀ ਨੂੰ ਪਾਰ ਲੈ ਜਾਵਾਂਗੇ।

ਅਸੰਭਵ ਨਹੀਂ ਕਿ ਅਸੀਂ ਆਪਣੀ ਮੰਜ਼ਲ 'ਤੇ ਪਹੁੰਚ ਜਾਈਏ। ਬਸ ਹੁਣ ਅਸੀਂ ਦੋ ਤੋਂ ਇਕ ਹੋ ਜਾਈਏ। ਕੀ ਇਹ ਸੰਭਵ ਹੈ? ਕੀ ਤੂੰ ਜੀਵਨ ਸਫ਼ਰ 'ਚ ਮੇਰੇ ਨਾਲ ਪੈਰ ਮਿਲਾ ਕੇ ਚੱਲਣਾ ਪਸੰਦ ਕਰੇਂਗੀ? ਅਸੀਂ ਮਿਲ ਜੁਲ ਕੇ ਏਸ ਪਰਿਵਾਰ ਦੀ ਡੁਬਦੀ ਤੇ ਹਿਚਕੋਲੇ ਖਾਂਦੀ ਕਿਸ਼ਤੀ ਨੂੰ ਪਾਰ ਲੈ ਜਾਵਾਂਗੇ। ਅਸੀਂ ਇਹਨਾਂ ਨੂੰ ਅਜਿਹੇ ਸਵਰਗ 'ਚ ਲੈ ਜਾਵਾਂਗੇ ਜਿਥੇ ਇਹਨਾਂ 'ਤੇ ਭੂਤਾਂ ਦੀ ਪਰਛਾਈ ਨਹੀਂ ਪਏਗੀ। ਭਵਿੱਖ ਦੀਆਂ ਆਸਾਂ ਤੇ ਖੇੜੇ ਸਾਡੇ ਵਿਹੜਿਆਂ 'ਚ ਝੂਮਰ ਪਾਉਣਗੇ।''

ਗੁਰਕੀਰਤ ਮੇਰੇ ਮੋਢੇ 'ਤੇ ਝੁਕ ਗਈ ਤੇ ਗਲਵਕੜੀ ਪਾ ਲਈ। ਉਸਦੇ ਹੰਝੂਆਂ ਨੇ ਮੇਰੀ ਕਮੀਜ਼ ਭਿਉਂ ਦਿੱਤੀ। ਮੈਂ ਉਸਦਾ ਸਿਰ ਆਪਣੇ ਦੋਵਾਂ ਹੱਥਾਂ 'ਚ ਲਿਆ। ਉਸਦੇ ਹੰਝੂ ਖੁਸ਼ੀ ਤੇ ਅਸਚਰਜਤਾ ਦੇ ਸਨ। ਏਨੇ ਨੂੰ ਬੂਹੇ ਦੇ ਖੜਕਣ ਦੀ ਆਵਾਜ਼ ਆਈ। ਚਾਚੀ ਜੀ ਤੇ ਬੱਚੀਆਂ ਆ ਗਈਆਂ ਸਨ। ਗੁਰਕੀਰਤ ਅੰਦਰ ਵਾਲੇ ਕਮਰੇ ਵਲ ਭੱਜ ਗਈ ਤੇ ਮੈਂ ਤੇਜ਼ੀ ਨਾਲ ਉਹਨਾਂ ਦੇ ਕੋਲ ਦੀ ਲੰਘਣ ਲੱਗੇ ਨੇ ਕਿਹਾ ਕਿ ਕੱਲ੍ਹ ਮੈਂ ਫੇਰ ਆਵਾਂਗਾ।

ਮੈਨੂੰ ਲਗਦਾ ਸੀ ਕਿ ਮੇਰਾ ਇਮਤਿਹਾਨ ਏਸ ਨਵੇਂ ਇਮਤਿਹਾਨ ਦੀ ਭੇਟ ਚੜ੍ਹ ਗਿਆ, ਹੁਣ ਮੈਂ ਆਉਣ ਵਾਲੀ ਹਾਲਤ ਦੀ ਤਿਆਰੀ ਕਰਨੀ ਹੈ। ਅਗਲਾ ਪਰਚਾ ਪੰਜ ਦਿਨਾਂ ਬਾਅਦ ਸੀ। ਉਸ ਰਾਤ ਮੈਂ ਸੌਂ ਨਹੀਂ ਸਕਿਆ। ਇਕੋ ਪ੍ਰਸ਼ਨ- ਕਿ ਮੈਂ ਆਪਣੇ ਪਰਿਵਾਰ ਵਾਲਿਆਂ ਨੂੰ ਕਿਵੇਂ ਭਰੋਸੇ 'ਚ ਲਵਾਂ। ਕੀ ਉਹ ਮੰਨ ਜਾਣਗੇ। ਮੇਰੀ ਮਾਂ ਦੇ ਉਸਦੀ ਹੋਣ ਵਾਲੀ ਨੂੰਹ ਬਾਰੇ ਕੋਈ ਸੁਫ਼ਨੇ ਹੋਣਗੇ। ਮਾਂ ਤਾਂ ਮੇਰੀ ਮੇਰੇ ਬਚਪਨ ਤੋਂ ਘੋੜੀਆਂ ਗਾਉਂਦੀ ਆਈ ਹੈ। ਪਰ ਮੈਂ ਸੋਚਦਾ ਹਾਂ ਕਿ ਗੁਰਕੀਰਤ ਤੋਂ ਸੁਹਣੀ ਤੇ ਸਿਆਣੀ ਵਹੁਟੀ ਬਾਰੇ ਉਸਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਪਰ ਫੇਰ ਵੀ ਜੇ ਉਹ ਨਾ ਮੇਰੀ ਮੰਨੀ? ਬਾਪੂ ਜੀ ਨੂੰ ਜੇ ਇਹ ਡਾਕੂ ਦੀ ਧੀ ਵਾਲਾ ਰਿਸ਼ਤਾ ਪਸੰਦ ਨਾ ਆਇਆ ਤਾਂ ਫੇਰ ਕੀ ਹੋਵੇਗਾ? ਪਰ ਮੈਂ ਆਪਣੇ ਵਧੇ ਹੋਏ ਕਦਮਾਂ ਤੋਂ ਕਿਸੇ ਹਾਲਤ 'ਚ ਵੀ ਪਿੱਛੇ ਨਹੀਂ ਹਟਾਂਗਾ। ਮੈਂ ਡਾਇਰੈਕਟਰ ਸਾਹਿਬ ਕੋਲ ਜਾ ਕੇ ਮਾਸਟਰੀ ਦੀ ਨੌਕਰੀ ਲਈ ਬੇਨਤੀ ਕਰਾਂਗਾ। ਉਹ ਬੜੇ ਸੁਲਝੇ ਤੇ ਹਮਦਰਦ ਬੰਦੇ ਹਨ। ਉਹ ਮੇਰੀ ਏਸ ਹਾਲਤ ਨੂੰ ਜ਼ਰੂਰ ਸਮਝ ਜਾਣਗੇ ਤੇ ਮੇਰੀ ਸਹਾਇਤਾ ਕਰਨਗੇ। ਮੈਂ ਆਤਮ ਨਿਰਭਰ ਹੋ ਕੇ ਗੁਰਕੀਰਤ ਨੂੰ ਹਰ ਤਰ੍ਹਾਂ ਸੁਖੀ ਰੱਖ ਸਕਾਂਗਾ। ਮੈਨੂੰ ਪੂਰਾ ਭਰੋਸਾ ਹੈ ਕਿ ਸਮਾਂ ਪਾ ਕੇ ਮੇਰੀ ਮਾਂ-ਬਾਪੂ ਜੀ ਗੁਰਕੀਰਤ ਨੂੰ ਅਪਨਾਅ ਲੈਣਗੇ।

ਅਗਲੀ ਸਵੇਰ ਮੈਂ ਪਿੰਡ ਨੂੰ ਛੇਤੀ ਹੀ ਨਿਕਲ ਜਾਣਾ ਚਾਹੁੰਦਾ ਸੀ ਪਰ ਹਾਲੇ ਵੀ ਮਨ ਜਕੋ-ਤੱਕੀ ਵਿਚ ਪਿਆ ਹੋਇਆ ਸੀ। ਮੈਂ ਤਿਆਰ ਹੋ ਕੇ ਹੇਠਾਂ ਚਾਹ ਪੀਣ ਲਈ ਆਇਆ ਤਾਂ ਚਾਚਾ ਜੀ ਜਗਰੂਪ ਸਿੰਘ ਮਿਲ ਗਏ। ਉਸਨੇ ਮੈਨੂੰ ਵੇਖਦਿਆਂ ਹੀ ਜੱਫੀ ਪਾ ਲਈ। ਮੇਰੇ ਮੱਥੇ ਨੂੰ ਚੁੰਮ ਕੇ ਪਿਆਰ ਕੀਤਾ। ਮੈਂ ਸਮਝ ਗਿਆ ਕਿ ਗੁਰਕੀਰਤ ਨੇ ਇਹਨਾਂ ਨੂੰ ਸਭ ਦੱਸ ਦਿੱਤਾ ਹੈ। ਚਾਚਾ ਜੀ

ਡਾਕੂ ਦੀ ਧੀ

ਕ੍ਰਿਸ਼ਨ ਸਿੰਘ

ਜ਼ਿੰਦਗੀਨੁਮਾ

ਇਹ ਚਾਰ ਤੋਂ ਸੱਤ ਸਾਲ ਦੇ ਬੱਚਿਆਂ ਲਈ ਵੀ ਬਹੁਤ ਅਹਿਮ ਹੁੰਦਾ ਹੈ ਕਿ ਓਨ੍ਹਾਂ ਤੋਂ ਮੁਆਫ਼ੀ ਮੰਗੀ ਜਾਏ।



ਨੇ ਕਿਹਾ, ''ਬੇਟਾ ਮੈਂ ਸਮਝਦਾ ਹਾਂ ਕਿ ਤੂੰ ਪਿੰਡ ਚੱਲਿਆ ਹੈਂ। ਵਾਹਿਗੁਰੂ ਤੇਰੀ ਤੇ ਸਾਡੀ ਸਹਾਇਤਾ ਕਰੇ। ਤੇਰੇ ਵਰਗਾ ਪੁੱਤ ਜੇ ਸਾਨੂੰ ਮਿਲ ਜਾਵੇ ਤਾਂ ਰੱਬ ਤੋਂ ਹੋਰ ਕੀ ਚਾਹੀਦਾ ਹੈ। ਹੁਣ ਤਾਂ ਸਾਡੀ ਡੋਰੀ ਤੇਰੇ ਹੱਥ ਹੈ।'' ਫੇਰ ਉਸਨੇ ਗੁਰਕੀਰਤ ਦੀ ਪੋਸਟ-ਕਾਰਡ ਸਾਈਜ਼ ਦੀ ਤਸਵੀਰ ਆਪਣੀ ਜੇਬ 'ਚੋਂ ਕੱਢ ਕੇ ਮੈਨੂੰ ਫੜਾਅ ਦਿੱਤੀ। ਉਸਦੀ ਆਸ਼ਾ ਤੇ ਬੇਨਤੀ ਭਰੀ ਸ਼ਕਲ ਦੇਖ ਕੇ ਮੇਰਾ ਦਿਲ ਭਰ ਆਇਆ। ਮੈਂ ਚਾਚਾ ਜੀ ਦੇ ਪੈਰੀਂ ਹੱਥ ਲਾਏ। ਮਨ ਵਿਚ ਅਰਦਾਸ ਕੀਤੀ ਕਿ ਸਭ ਠੀਕ ਹੋ ਜਾਵੇ।

ਸੋਚਿਆ, ਜਾਣ ਤੋਂ ਪਹਿਲਾਂ ਮੈਂ ਆਪਣੀ ਮਨ ਦੀ ਹਾਲਤ ਅੰਮਾ ਗੁਲਾਬ ਬਾਨੋ ਨਾਲ ਸਾਂਝੀ ਕਰਾਂਗਾ। ਉਹ ਜਿਵੇਂ ਮੈਨੂੰ ਉਡੀਕਦੀ ਪਈ ਸੀ। ਕਹਿਣ ਲਗੀ, ''ਰਾਤ ਮੈਨੂੰ ਸੁਫ਼ਨਾ ਆਇਆ। ਜਿਵੇਂ ਤੂੰ ਤੇ ਇੱਕ ਬਹੁਤ ਸੁੰਦਰ ਕੁੜੀ ਮੇਰੇ ਕੋਲ ਆਏ ਤੇ ਮੈਨੂੰ ਸੁੰਦਰ ਕਪੜਿਆਂ ਦਾ ਤੇ ਮਿਠਾਈ ਦਾ ਡੋਨਾ ਦੇ ਕੇ ਤੂੰ ਕਹਿ ਰਿਹਾ ਸੀ ਕਿ ਵੇਖ ਮੇਰੀ ਵਹੁਟੀ, ਅੰਮਾ, ਤੂੰ ਸਾਨੂੰ ਅਸ਼ੀਰਵਾਦ ਦੇਹ। ਅਸੀਂ ਸ਼ਾਦੀ ਕਰ ਲਈ ਹੈ।''

ਸੁਣ ਕੇ ਮੈਂ ਸੁੰਨ ਰਹਿ ਗਿਆ। ਇਹ ਕਿਵੇਂ ਹੋ ਸਕਦਾ ਹੈ? ਕੋਈ ਸਾਡਾ ਮੁਖਬਰ ਹੈ ਜੋ ਏਸਨੂੰ ਦੱਸ ਕੇ ਗਿਆ ਹੈ। ਤੇ ਏਸ ਨੇ ਸੁਫ਼ਨਾ ਬਣਾਅ ਕੇ ਦੱਸ ਦਿੱਤਾ। ਮੈਂ ਜੇਬ 'ਚੋਂ ਤਸਵੀਰ ਕੱਢੀ ਤੇ ਪੁੱਛਿਆ, ''ਅੰਮਾ ਜੀ, ਵੇਖੋ ਇਹ ਕੁੜੀ ਤਾਂ ਨਹੀਂ ਸੀ ਤੁਹਾਡੇ ਸੁਫ਼ਨੇ ਵਿਚ?'' ਉਸਨੇ ਦੇਖ ਕੇ ਕਿਹਾ, ''ਬੇਟਾ ਇਹ ਤਾਂ ਉਸ ਤੋਂ ਵੀ ਜ਼ਿਆਦਾ ਸੁੰਦਰ ਹੈ। ਏਸਦਾ ਮਤਲਬ ਹੈ ਕਿ ਕੋਈ ਗੱਲ ਬਾਤ ਚੱਲ ਰਹੀ ਹੈ।'' ਫੇਰ ਮੈਂ ਉਸਨੂੰ ਸ਼ੁਰੂ ਤੋਂ ਅਖੀਰ ਤਕ ਦੀ ਦਾਸਤਾਨ ਸੁਣਾਅ ਦਿੱਤੀ। ਉਹ ਬੁੱਤ ਬਣ ਕੇ ਸੁਣਦੀ ਰਹੀ। ਉਸਦੀਆਂ ਅੱਖਾਂ ਭਰ ਆਈਆਂ। ਫੇਰ ਮੈਨੂੰ ਪਿਆਰ

## ''ਪੁੱਤ ਸੁੱਖ ਨਾਲ ਤਾਂ ਆਇਆ ਹੈ? ਪਿਛਲੇ ਸਾਲ ਵਾਂਗ ਕੋਈ ਹੋਰ ਬਖੇੜਾ ਤਾਂ ਨਹੀਂ ਹੋ ਗਿਆ?''

ਕਰ ਕੇ ਉਸਨੇ ਕਿਹਾ, ''ਪੁੱਤਰਾ, ਇਹ ਬੜਾ ਨੇਕ ਤੇ ਪਵਿੱਤਰ ਕੰਮ ਹੈ। ਮੈਨੂੰ ਪੂਰੀ ਉਮੀਦ ਹੈ ਕਿ ਤੇਰੇ ਮਾਂ-ਬਾਪ ਏਸ ਰਿਸ਼ਤੇ ਲਈ ਮੰਨ ਜਾਣਗੇ।'' ਫੇਰ ਉਸਨੇ ਲੰਬਾ ਹਉਕਾ ਭਰ ਕੇ ਕਿਹਾ, ''ਕਾਸ਼ ! ਕਿਤੇ ਤੇਰੇ ਵਰਗਾ ਰਾਜਕੁਮਾਰ ਸਾਡੇ ਵਰਗੀਆਂ ਦੀ ਜ਼ਿੰਦਗੀ 'ਚ ਆਇਆ ਹੁੰਦਾ। ਅਸੀਂ ਬਦਨਾਮ ਜ਼ਿੰਦਗੀ ਦੇ ਚਿੱਕੜ 'ਚੋਂ ਨਿਕਲ ਕੇ ਸ਼ਰੀਫ਼ ਤੇ ਇਜ਼ਤਦਾਰ ਘਰਾਂ ਦੀਆਂ ਨੂੰਹਾਂ, ਧੀਆਂ ਬਣ ਜਾਂਦੀਆਂ। ਤੂੰ ਹੁਣ ਤੁਰੰਤ ਪਿੰਡ ਜਾਹ ਤੇ ਆ ਕੇ ਮੈਨੂੰ ਸਭ ਕੁਝ ਦੱਸ। ਮੈਨੂੰ ਹੁਣ ਚੈਨ ਨਹੀਂ ਪਏਗੀ। ਮੈਨੂੰ ਪੱਕਾ ਯਕੀਨ ਹੈ, ਪਰਮਾਤਮਾ ਸਭ ਠੀਕ ਕਰ ਦੇਵੇਗਾ। ਸੁਣ, ਮੇਰੇ ਕੰਨਾਂ ਵਿਚ ਹੁਣ ਤੋਂ ਸ਼ਹਿਨਾਈਆਂ ਵੱਜਣ ਲਗ ਪਈਆਂ ਹਨ। ਕੋਈ ਅਨਹਦ ਨਾਦ ਵੱਜਣ ਲਗ ਪਏ ਹਨ। ਜੀਅ ਕਰਦਾ ਹੈ ਕਿ ਇੱਕ ਵਾਰ ਫੇਰ ਪੈਰਾਂ 'ਚ ਘੁੰਗਰੂ ਬੰਨ੍ਹ ਲਵਾਂ ਤੇ ਜੀਅ ਭਰ ਕੇ ਝੂਮ ਝੂਮ ਕੇ ਨੱਚਾਂ। ਢੋਲਕੀ ਤੇ ਵੱਟੇ ਦੀ ਤਾਲ 'ਤੇ ਸੁਹਾਗ ਦੇ ਗੀਤ ਗਾਵਾਂ।'' ਮੈਂ ਉਸਨੂੰ ਏਸੇ ਮਸਤ ਹਾਲ 'ਚ ਛੱਡ ਕੇ ਤੇ ਪੈਰੀਂ ਹੱਥ ਲਾ ਕੇ ਤੁਰ ਗਿਆ।

ਪਿੰਡ ਵਾਲਿਆਂ ਨੂੰ ਮੇਰੀ ਕੋਈ ਉਡੀਕ ਨਹੀਂ ਸੀ। ਘਰ ਵਿਚ ਸਾਰੇ ਹੀ ਸਨ। ਮੇਰੀ ਮਾਂ ਨੇ ਮੇਰਾ ਮੱਥਾ ਚੁੰਮ ਕੇ ਪਿਆਰ ਕੀਤਾ ਤੇ ਅਸੀਸ ਦਿੱਤੀ। ਪਰ ਉਹ ਹੈਰਾਨ ਸੀ ਕਿ ਮੈਂ ਤਾਂ ਹਾਲੇ ਤੀਹ ਸਤੰਬਰ ਤੋਂ ਬਾਅਦ ਮੁੜਨਾ ਸੀ। ਉਸਨੂੰ ਫ਼ਿਕਰ ਜਿਹਾ ਹੋ ਗਿਆ। ''ਪੁੱਤ ਸੁੱਖ ਨਾਲ ਤਾਂ ਆਇਆ ਹੈ? ਪਿਛਲੇ ਸਾਲ ਵਾਂਗ ਕੋਈ ਹੋਰ ਬਖੇੜਾ ਤਾਂ ਨਹੀਂ ਹੋ ਗਿਆ?'' ਮੈਂ ਉਹਨਾਂ ਦੀ ਤਸੱਲੀ ਕਰਾਈ ਤੇ ਦੱਸਿਆ ਕਿ ਅਗਲਾ ਪਰਚਾ ਪੰਜ ਦਿਨਾਂ ਬਾਅਦ ਹੈ, ਸੋਚਿਆ ਪਿੰਡ ਤੁਹਾਨੂੰ ਮਿਲ ਆਵਾਂ। ਹੋਰ ਕੁਝ ਨਹੀਂ। ਮੈਂ ਸੋਚਿਆ ਆਪਣੇ ਦਿਲ ਦੀ ਗੰਢ ਕਿਵੇਂ ਖੋਲ੍ਹਾਂ। ਮੇਰੀ ਮਾਂ ਮੇਰੀ ਇਹ ਓਪਰੀ ਜਿਹੀ ਝਾਕਣੀ ਦੇਖ ਕੇ ਡਰ ਗਈ ਤੇ ਪੁੱਛਿਆ, ''ਪੁੱਤ, ਏਵੇਂ ਕਿਉਂ ਡੌਰ ਭੌਰਾ ਹੋ ਕੇ ਓਪਰਿਆਂ ਵਾਂਗ ਦੇਖਦਾ ਹੈਂ। ਗੁੰਮ ਸੁੰਮ ਜਿਹਾ ਹੋਈ ਜਾਨਾ ਹੈਂ। ਸਰੀਰ ਤਾਂ ਤਕੜਾ ਹੈ ? ''ਉਸਨੇ ਮੇਰੀ ਬਾਂਹ ਤੇ ਮੱਥੇ ਨੂੰ ਛੂਹ ਕੇ ਦੇਖਿਆ। ਮੈਂ ਕਿਹਾ, '' ਸਭ ਠੀਕ ਹੈ। ਤੁਸੀਂ ਉੱਪਰ ਚੁਬਾਰੇ 'ਚ ਚੱਲ ਕੇ ਮੇਰੀ ਇੱਕ ਗੱਲ ਸੁਣੋ।'' ਮੇਰੀ ਮਾਂ ਨੇ ਪਹਿਲਾਂ ਮੇਰੇ ਵਲ ਤੇ ਫੇਰ ਮੇਰੇ ਬਾਪੂ ਜੀ ਵਲ ਵੇਖਿਆ, ਜਿਵੇਂ ਹੈਰਾਨੀ ਤੇ ਫ਼ਿਕਰ ਪਰਗਟ ਕਰ ਰਹੀ ਹੋਵੇ। ਪਰ ਮੇਰੇ ਬਾਪੂ ਜੀ ਨੇ ਕਿਹਾ, ''ਤੂੰ ਜਾਹ ਤਾਂ ਸਹੀ ਇਕ ਵਾਰ। ਜਵਾਨ ਜਹਾਨ ਮੁੰਡਾ ਹੈ। ਕੋਈ ਏਸ ਦੀ ਸਮੱਸਿਆ ਹੋ ਸਕਦੀ ਹੈ। ਲਗਦਾ ਹੈ ਮੈਥੋਂ ਸ਼ਰਮਾਉਂਦਾ ਹੈ। ਤਾਂ ਹੀ ਮਾਂ ਦੀ ਬੁੱਕਲ 'ਚ ਵੜੀ ਜਾਂਦਾ ਹੈ।''

ਉਹ ਮੇਰਾ ਹੱਥ ਫੜ ਕੇ ਜਕੋ ਤੱਕੀ 'ਚ ਪੌੜੀਆਂ ਚੜ੍ਹ ਗਈ। ਮੈਂ ਵੀ ਜਿਵੇਂ ਬੇਸਬਰਾ ਹੋ ਗਿਆ ਸਾਂ। ਫਟਾ ਫਟ ਬਗੈਰ ਰੁਕੇ ਆਦਿ ਤੋਂ ਅੰਤ ਤਕ ਸਭ ਕਥਾ ਕਹਿ ਸੁਣਾਈ ਤੇ ਗੁਰਕੀਰਤ ਦੀ ਤਸੀਵਰ ਉਸਨੂੰ ਦੇ ਦਿੱਤੀ। ਉਹ ਬੜੀ ਗੰਭੀਰ ਤੇ ਫ਼ਿਕਰਮੰਦ ਹੋ ਗਈ

ਡਾਕੂ ਦੀ ਧੀ

ਕ੍ਰਿਸ਼ਨ ਸਿੰਘ

ਜ਼ਿੰਦਗੀਨੁਮਾ

ਤੇ ਕਿਹਾ, ''ਪੁੱਤ, ਤੂੰ ਤਾਂ ਆਪਣੇ ਵਲੋਂ ਸਭ ਨਬੇੜਾ ਕਰ ਆਇਆ ਹੈਂ ਪਰ ਤੂੰ ਸਾਡੇ ਬਾਰੇ ਇੱਕ ਵਾਰ ਵੀ ਨਾ ਸੋਚਿਆ ਕਿ ਅਸੀਂ ਇੱਜ਼ਤ-ਆਬਰੂ ਵਾਲੇ ਬੰਦੇ ਹਾਂ। ਗੱਲ ਏਥੇ ਹੀ ਤਾਂ ਨਹੀਂ ਮੁੱਕਦੀ। ਕੱਲ੍ਹ ਨੂੰ ਤੇਰਾ ਵੀਰਾਂ ਤੇ ਤੇਰੀਆਂ ਭੈਣਾਂ ਦੇ ਕਾਰਜ ਕਰਨੇ ਹਨ। ਤੂੰ ਉਸ ਕੁੜੀ ਨਾਲ ਕੌਲ ਇਕਰਾਰ ਕਰ ਆਇਆ ਹੈਂ। ਉਹਨਾਂ ਦੀ ਬਲਾ ਅੱਜ ਤੂੰ ਸਾਡੇ ਗੱਲ ਪਾ ਰਿਹਾ ਹੈ। ਇੱਕ ਵਾਰੀ ਤਾਂ ਸਾਨੂੰ ਪੁੱਛ ਲੈਂਦਾ।'' ਮੈਂ ਉੱਤਰ ਦਿੱਤਾ, ''ਮਾਂ ਜੀ, ਮੈਂ ਤਾਂ ਜੋ ਕਰਨਾ ਸੀ ਕਰ ਦਿੱਤਾ। ਮੈਂ ਉਸ ਕੁੜੀ ਬਗੈਰ ਰਹਿ ਨਹੀਂ ਸਕਦਾ। ਵਚਨ ਦਿੱਤਾ ਹੈ ਤਾਂ ਹਰ ਹਾਲਤ 'ਚ ਪੂਰਾ ਉਤਰੂੰਗਾ। ਪਰ ਤੁਸੀਂ ਠੰਡੇ ਦਿਮਾਗ਼ ਨਾਲ ਵਿਚਾਰ ਕਰ ਲਵੋ। ਉਹਨਾਂ ਕੋਲ ਪੰਜਾਹ ਵਿਘੇ ਜ਼ਮੀਨ ਹੈ। ਪੈਸੇ ਵੱਲੋਂ ਹਰ ਤਰ੍ਹਾਂ ਸੁਖੀ ਹਨ। ਬਸ ਏਹੀ ਇੱਕ ਕਲੰਕ ਹੈ ਜਿਹੜਾ ਕੇਵਲ ਅਸੀਂ ਧੋ ਸਕਦੇ ਹਾਂ। ਮੈਂ ਏਸ ਬਾਰੇ ਵੀ ਸੋਚ ਲਿਆ ਹੈ। ਆਪਾਂ ਉਹਨਾਂ ਦੀ ਜ਼ਮੀਨ ਵੇਚ ਕੇ ਏਧਰ ਦੁਆਬੇ 'ਚ ਕਿਤੇ ਸਸਤੀ ਜ਼ਮੀਨ ਦਾ ਬੰਦੋਬਸਤ ਕਰ ਕੇ ਉਹਨਾਂ ਨੂੰ ਏਧਰ ਦਾ ਵਸਨੀਕ ਬਣਾਅ ਦੇਵਾਂਗੇ। ਉਹਨਾਂ ਨੂੰ ਕਹਾਂਗੇ ਵਿਆਹ ਏਧਰ ਏਥੇ ਆ ਕੇ ਕਰਨ ਤੇ ਹਾਲੇ ਰਿਹਾਇਸ਼ ਕਪੂਰਥਲੇ ਰੱਖਣ। ਮਾਂ ਜੀ ਤੁਹਾਡੇ ਅਸ਼ੀਰਵਾਦ ਤੇ ਹਿੰਮਤ ਨਾਲ ਉਹਨਾਂ ਦਾ ਕਲੰਕ ਧੁਲ ਜਾਵੇਗਾ ਤੇ ਉਹ ਅੱਗੇ ਤੋਂ ਸਾਵੀਂ ਤੇ ਸੁਖਾਲੀ ਜ਼ਿੰਦਗੀ ਬਤੀਤ ਕਰ ਸਕਣਗੇ।'' ਮਾਂ ਜੀ 'ਤੇ ਮੇਰੇ ਇਹਨਾਂ ਸ਼ਬਦਾਂ ਦਾ ਜਿਵੇਂ ਜਾਦੂ ਹੋਇਆ। ਉਹਨਾਂ ਨੇ ਕਿਹਾ, ''ਗੁਰਸੇਵਕ ਪੁੱਤਰ, ਤੂੰ ਤਾਂ ਬਹੁਤਾ ਹੀ ਸਿਆਣਾ ਤੇ ਧਰਮ ਅਵਤਾਰ ਹੈ। ਹੁਣ ਮੈਂ ਵੀ ਸਮਝਦੀ ਹਾਂ ਕਿ ਅਖੀਰ ਬੰਦਾ ਹੀ ਬੰਦੇ ਦਾ ਦਾਰੂ ਹੁੰਦਾ ਹੈ। ਕੋਈ ਤਾਂ ਅੱਗੇ ਲੱਗਣਾ ਚਾਹੀਦਾ ਹੈ। ਇਹ ਸਭ ਗੁਰੂ ਮਹਾਰਾਜ ਦੇ ਹੁਕਮ 'ਚ ਹੋ ਰਿਹਾ। ਪਰ ਪਹਿਲਾਂ ਮੈਂ ਤੇਰੇ ਬਾਪੂ ਜੀ ਨਾਲ ਗੱਲ ਕਰ ਲਵਾਂ।'' ਇਹ ਕਹਿ ਕੇ ਉਹ ਹੇਠਾਂ ਉੱਤਰ ਗਈ। ਹੇਠਾਂ ਵਿਹੜੇ ਵਿਚੋਂ ਮੈਨੂੰ ਉਹਨਾਂ ਦੇ ਬੋਲ ਉਪਰ ਸੁਣਾਈ ਦੇ ਰਹੇ ਸਨ। ਮੈਨੂੰ ਲਗਿਆ ਜਿਵੇਂ ਗੁਰਕੀਰਤ ਦੀ ਤਸਵੀਰ ਮੇਰੀਆਂ ਭੈਣਾਂ ਦੇਖ ਕੇ ਭਾਬੀ....ਭਾਬੀ...ਸੁਹਣੀ ਭਾਬੀ ਕਹਿ ਰਹੀਆਂ ਹਨ। ਮੈਂ ਉਪਰ ਬੈਠਾ ਜਿਵੇਂ ਫਾਂਸੀ ਦੀ ਸਜ਼ਾ ਸੁਣਨ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਸਾਂ।

ਕੋਈ ਵੀਹ ਮਿੰਟਾਂ ਬਾਅਦ ਮੇਰੇ ਬਾਪੂ ਜੀ, ਮਾਂ ਜੀ, ਮੇਰਾ ਛੋਟਾ ਵੀਰ ਤੇ ਦੋਵੇਂ ਭੈਣਾਂ ਛਲਾਂਗਾਂ ਮਾਰਦੇ ਉਪਰ ਆ ਗਏ। ਮੇਰੀਆਂ ਭੈਣਾਂ ਮੇਰੇ ਗਲ ਨੂੰ ਚਿੰਬੜ ਗਈਆਂ। ਮੇਰੇ ਬਾਪੂ ਜੀ ਨੇ ਖੁਸ਼ੀ ਪਰਗਟ ਕਰਦੇ ਹੋਏ ਮੈਨੂੰ ਜੱਫੀ 'ਚ ਲੈ ਲਿਆ ਤੇ ਕਿਹਾ, '' ਪੁੱਤ ਉਹ ਕਿਹੜੀ ਘੜੀ ਸੀ ਜਦ ਬਹਿਸ਼ਤੀ ਫਲ ਵਾਂਗੂ ਤੂੰ ਸਾਡੀ ਗੋਦ 'ਚ ਆ ਗਿਆ। ਬਸ ਹੁਣ ਤੂੰ ਕੋਈ ਫ਼ਿਕਰ ਨਾ ਕਰ। ਕੱਲ੍ਹ ਹੀ ਅਸੀਂ ਉਸ ਪਰਿਵਾਰ ਨੂੰ ਮਿਲ ਕੇ ਪਹਿਲਾਂ ਤਾਂ ਗੁਰਕੀਰਤ ਨੂੰ ਚੁੰਨੀ ਚੜ੍ਹਾਉਣ ਦੀ ਰਸਮ ਕਰਾਂਗੇ ਤੇ ਫੇਰ ਵਿਆਹ ਦੀ ਕੋਈ ਤਾਰੀਖ ਨਿਸਚਿਤ ਕਰਾਂਗੇ। ਤੂੰ ਹਾਲੇ ਆਪਣੇ ਇਮਤਿਹਾਨ ਵਲੋਂ ਵਿਹਲਾ ਹੋ ਲੈ।'' ਸੁਣ ਕੇ ਮੈਂ ਜਵੇਂ ਕਿਸੇ ਨਸ਼ੇ ਵਿਚ ਖੀਵਾ ਹੋ ਗਿਆ। ਅਵਾਕ ਹੋ ਗਿਆ। ਮਨ ਹੀ ਮਨ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰੀ ਜਾਵਾਂ। ਬਾਪੂ ਜੀ ਤੇ ਮਾਂ ਜੀ ਦੇ ਪੈਰਾਂ ਵਿਚ ਬਾਰ ਬਾਰ ਸਿਜਦਾ ਕਰੀ ਜਾਵਾਂ। ਮੈਨੂੰ ਦੇਖ ਕੇ ਮੇਰੀਆਂ ਭੈਣਾਂ ਹੱਸੀ ਜਾਣ ਤੇ ਚਿੜ ਚੋਲਾ ਪਾਈ ਜਾਣ।

ਹਨੂਮਾਨਗੜ੍ਹ (ਰਾਜਸਥਾਨ)
09462290937

# ਬੁਝਾਏ ਕਿਉਂ ਭਲਾ ਤਾਰੇ

ਸਿਮਰਤ ਸੁਮੈਰਾ

ਗ਼ਜ਼ਲ

(ਫ਼ਰਾਂਸ ਵਿਚ ਹੋਏ ਕਤਲਾਂ ਨੂੰ ਵੇਖ ਕੇ)

ਬੁਝਾਏ ਕਿਉਂ ਭਲਾ ਤਾਰੇ,
ਖ਼ੁਦਾਇਆ ਮੇਰਿਆ ਦੱਸੀਂ ।
ਗਏ ਮਾਸੂਮ ਕਿਉਂ ਮਾਰੇ,
ਖ਼ੁਦਾਇਆ ਮੇਰਿਆ ਦੱਸੀਂ ।
ਦੁਆ ਕੀ ਮੰਗਣੀ ਤੈਥੋਂ,
ਤੂੰ ਕਿੱਥੇ ਛੁਪ ਗਿਆਂ ਜਾ ਕੇ
ਇਹ ਪਾ ਕੇ ਮਾਮਲੇ ਭਾਰੇ
ਖ਼ੁਦਾਇਆ ਮੇਰਿਆ ਦੱਸੀਂ ।
ਤੂੰ ਕਾਲੇ ਲੇਖ ਲਿਖ ਦਿੱਤੇ
ਨੇ ਕਿਉਂ, ਮਾਸੂਮ ਤਲੀਆਂ 'ਤੇ;
ਲਗਾਕੇ ਉਮਰ ਦੇ ਲਾਰੇ,
ਖ਼ੁਦਾਇਆ ਮੇਰਿਆ ਦੱਸੀਂ।
ਇਹ ਕਿਹੜਾ ਮਜ਼ਬ ਕਹਿੰਦਾ ਹੈ
ਕਿ ਹੋਲੀ ਖ਼ੂਨ ਦੀ ਖੇਡੋ
ਇਹ ਕਿਹੜਾ ਕਰ ਗਿਆ ਕਾਰੇ
ਖ਼ੁਦਾਇਆ ਮੇਰਿਆ ਦੱਸੀਂ ।
ਹਨੇਰੀ ਕੂੜ ਦੀ ਝੁੱਲੀ,
ਕਿ ਡੁੱਬਿਆ ਸੱਚ ਦਾ ਸੂਰਜ,
ਇਹ ਸੱਚ ਨੂੰ ਕੌਣ ਲਲਕਾਰੇ,
ਖ਼ੁਦਾਇਆ ਮੇਰਿਆ ਦੱਸੀਂ।
ਜਿਨ੍ਹਾਂ 'ਤੇ ਅਮਨ ਲਿਖਿਆ ਸੀ,
ਉਹ ਵਰਕੇ ਖ਼ੂਨ ਵਿਚ ਡੁੱਬੇ,
ਭਲਾ ਇਹ ਸ਼ਬਦ ਕਿਉਂ ਹਾਰੇ,
ਖ਼ੁਦਾਇਆ ਮੇਰਿਆ ਦੱਸੀਂ।
ਉਹ ਜਿਹੜੇ ਖ਼ੌਫ਼ ਵਿਚ ਪਥਰਾ ਗਏ,
ਲੋਕਾਂ ਨੂੰ ਕੀ ਦੱਸੀਏ,
ਖ਼ੁਦਾ ਦੀਆਂ ਰਹਿਮਤਾਂ ਬਾਰੇ,
ਖ਼ੁਦਾਇਆ ਮੇਰਿਆ ਦੱਸੀਂ।
ਉਨ੍ਹਾਂ ਨੂੰ ਬਖ਼ਸ਼ ਦੇ ਹੁਣ ਤਾਂ,
ਉਨ੍ਹਾਂ 'ਤੇ ਰਹਿਮ ਕਦ ਕਰਨਾ,
ਉਹ ਜਿਹੜੇ ਵਕ ਤ ਦੇ ਮਾਰੇ,
ਖ਼ੁਦਾਇਆ ਮੇਰਿਆ ਦੱਸੀਂ।
ਕਿਤੇ ਬਸਤੇ ਕਿਤੇ ਕਾਨੀ
ਕਿਤੇ ਅਰਮਾਨ ਖਿਲਰੇ ਨੇ
ਕਿਉਂ ਇਹ ਰੁਲ ਗਏ ਸਾਰੇ
ਖ਼ੁਦਾਇਆ ਮੇਰਿਆ ਦੱਸੀਂ ।

# ਪੁਸ਼ਾਕ

## ਗੁਰਬਖ਼ਸ਼ ਸਿੰਘ ਪ੍ਰੀਤ ਲੜੀ


ਜਨਮਦਿਨ : 2 ਦਸੰਬਰ ਲੇਖਕ ਸੰਤੋਖ ਸਿੰਘ ਧੀਰ (1920); 4 ਦਸੰਬਰ ਬਲਵੰਤ ਗਾਰਗੀ; 5 ਦਸੰਬਰ ਭਾਈ ਵੀਰ ਸਿੰਘ (1872); 17 ਦਸੰਬਰ ਪ੍ਰੋ. ਪੂਰਨ ਸਿੰਘ (1881); 27 ਦਸੰਬਰ ਮਿਰਜ਼ਾ ਗ਼ਾਲਿਬ (1797); 30 ਦਸੰਬਰ ਦਰਸ਼ਨ ਸਿੰਘ ਆਵਾਰਾ (1906)।

ਦਾਰ ਜੀ ਨੂੰ ਯਾਦ ਕਰਦਿਆਂ

ਪੁਸ਼ਾਕ ਦੀ ਪਹਿਲੀ ਕਿਸ਼ਤ ਓਦੋਂ ਮਨੁੱਖ ਦੀ ਜ਼ਿੰਦਗੀ ਵਿੱਚ ਆਈ ਜਦੋਂ ਹੈਵਾਨਾਂ ਦੀ ਸ਼੍ਰੇਣੀ 'ਚੋਂ ਨਿਕਲਕੇ ਏਸ ਨੇ ਆਪਣੇ ਲਈ ਇੱਕ ਭਾਈਚਾਰਾ ਜੋੜ ਲਿਆ। ਭਾਈਚਾਰੇ ਵਿੱਚ ਲਿੰਗ-ਈਰਖਾ ਕਰ ਕੇ ਝਗੜੇ ਉਤਪੰਨ ਹੋਏ ਤਾਂ ਨੰਗੇਜ ਢੱਕਣ ਦਾ ਰਿਵਾਜ ਹੋਇਆ। ਦੂਜੀ ਕਿਸ਼ਤ ਓਦੋਂ ਆਈ ਜਦੋਂ ਮਨੁੱਖ ਸੰਸਕਾਰਾਂ ਦੇ ਪੈਦਾ ਹੋਣ ਕਰਕੇ, ਮਨ ਦੀ ਵਰਤੋਂ ਬਹੁਤੀ ਕਰਨ ਲੱਗ ਪਿਆ, ਸਰੀਰ ਦੀ ਵਰਤੋਂ ਘਟਣ ਕਰਕੇ ਸਰੀਰ ਸੋਹਲ ਹੋ ਗਿਆ ਤੇ ਏਸ ਨੂੰ ਮੌਸਮ ਕੋਲੋਂ ਬਚਾਉਣ ਦੀ ਲੋੜ ਪੈ ਗਈ। ਫੇਰ ਜਦੋਂ ਮਨੁੱਖ ਸੁੰਦਰਤਾ ਤੇ ਸੁਹਜ ਨੂੰ ਵੀ ਆਤਮਕ ਜ਼ਰੂਰਤ ਸਮਝਣ ਲੱਗ ਪਿਆ ਤਾਂ ਪੁਸ਼ਾਕ ਦੇ ਉਪਰਲੇ ਦੋਹਾਂ ਭਾਵਾਂ ਦੇ ਨਾਲ ਤੀਜੇ ਭਾਵ 'ਸਜਾਵਟ' ਦਾ ਵਾਧਾ ਹੋ ਗਿਆ।



ਸੋ ਪੁਸ਼ਾਕ ਦੇ ਤਿੰਨ ਗੁਣ ਜ਼ਰੂਰੀ ਹਨ। ਪਹਿਲਾ- ਕਿ ਇਹ ਕਾਮਨਾ ਨੂੰ ਉਕਸਾਏ ਨਾ, ਤਾ ਕਿ ਰੋਜ਼ਾਨਾ ਜ਼ਿੰਦਗੀ ਵਿੱਚ ਬੇਲੋੜੇ ਜਵਾਰ-ਭਾਟੇ ਮਨੁੱਖ ਦੀ ਇੱਕ-ਚਿੱਤੀ ਨੂੰ ਡੁਲਾਣ ਨਾ। ਏਸ ਲਈ ਬਾਹਰ ਪਾ ਕੇ ਜਾਣ ਵਾਲੀ ਪੁਸ਼ਾਕ ਖਾਮੋਸ਼ ਹੋਵੇ ਜਿਹੜੀ ਮਨ ਦੀਆਂ ਚੰਚਲ ਕਲਾਂ ਨੂੰ ਸੱਦਾ ਨਾ ਦੇਵੇ। ਉਂਜ ਬਹੁਤ ਸਾਰੀ ਅਸ਼ਾਂਤੀ ਦਾ ਕਾਰਨ ਪੁਸ਼ਾਕ ਵਿੱਚ ਖਾਮੋਸ਼ੀ ਦੀ ਥਾਂ ਸ਼ੋਖੀ ਹੈ। ਪਰਦੇ ਦੀ ਲੋੜ ਨਹੀਂ, ਨਾ ਸਰੀਰਕ ਬਣਤਰ ਦੀਆਂ ਗੋਲਾਈਆਂ ਨੂੰ ਕੱਪੜਿਆਂ ਵਿੱਚ ਗੁਆ ਦੇਣ ਦੀ । ਸਿਰਫ ਏਨੀ ਲੋੜ ਹੈ ਕਿ ਵੇਖਣ ਵਾਲੇ ਦੇ ਦਿਲ ਵਿੱਚ ਖੁਸ਼-ਨੁਮਾਈ ਦੇ ਛੁੱਟ ਹੋਰ ਕੋਈ ਸੰਸਕਾਰ ਨਾ ਉਪਜੇ। ਉਹਨੂੰ ਭੌਂ ਭੌਂ ਕੇ, ਅੱਖਾਂ ਚੁਰਾ ਚੁਰਾ ਕੇ ਤੱਕਣ ਦੀ ਪ੍ਰੇਰਨਾ ਨਾ ਹੋਵੇ।



ਦੂਜਾ ਗੁਣ ਪੁਸ਼ਾਕ ਦਾ ਇਹ ਹੋਵੇ ਕਿ ਉਹ ਸਰੀਰ ਨੂੰ ਮੌਸਮ ਕੋਲੋਂ ਬਚਾਵੇ। ਸਰੀਰ ਨੂੰ ਜਿਸ ਤਰ੍ਹਾਂ ਦੀ ਚਾਹੋ ਆਦਤ ਪਾਈ ਜਾ ਸਕਦੀ ਹੈ। ਏਸ ਲਈ ਜਤਨ ਕਰਨਾ ਚਾਹੀਦਾ ਹੈ ਕਿ ਥੋੜ੍ਹੇ ਕੱਪੜਿਆਂ ਨਾਲ ਗੁਜ਼ਾਰਾ ਹੋ ਸਕੇ। ਗਰੀਬ, ਅਮੀਰ ਦੋਹਾਂ ਨੂੰ ਪਾਲਾ ਗਰਮੀ ਇੱਕੋ ਜਿੰਨੇ ਹੀ ਲੱਗਦੇ ਹਨ। ਜਿਨ੍ਹਾਂ ਕੋਲ ਵਸੀਲੇ ਬਹੁਤ ਹਨ ਉਹਨਾਂ ਕੋਲ ਸਹਾਰਨ-ਸ਼ਕਤੀ ਘੱਟ ਹੁੰਦੀ ਹੈ, ਤੇ ਜਿਨ੍ਹਾਂ ਕੋਲ ਵਸੀਲੇ ਨਹੀ ਹੁੰਦੇ ਉਹਨਾਂ ਦੀ ਸਹਾਰਨ-ਸ਼ਕਤੀ ਵਧ ਜਾਂਦੀ ਹੈ। ਤੱਕੜੀ ਹਮੇਸ਼ਾ ਇੱਕ ਪਾਸੇ ਨਿਉਂਦੀ ਰਹਿੰਦੀ ਹੈ। ਏਸ ਲਈ ਲੋੜਾਂ ਵਧਾ ਕੇ ਪੂਰਿਆਂ ਕਰਨ ਦੀ ਤਕਲੀਫ ਸਹਾਰਣ ਨਾਲੋਂ ਇਹ ਸੌਦਾ ਬਹੁਤ ਸਸਤਾ ਹੈ ਕਿ ਸਹਾਰਨ-ਸ਼ਕਤੀ ਨੂੰ ਵਧਾਇਆ ਜਾਏ। ਲੋੜਾਂ ਥੋੜ੍ਹੀਆਂ ਕਰਨ ਵਿੱਚ ਨਿਰਾ ਸੁਖੱਲ ਹੀ ਨਹੀਂ ਆਨੰਦ ਵੀ ਹੈ। ਬਹੁਤਾ ਵਕਤ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਮਿਲ ਜਾਂਦਾ ਹੈ ਤੇ ਜਿੰਨਾ ਨਿੱਗਰ ਕੰਮ ਮਨੁੱਖ ਕਰੇਗਾ, ਓਨਾ ਹੀ ਰਸ ਜੀਵਨ ਵਿੱਚ ਉਸਨੂੰ ਪ੍ਰਾਪਤ ਹੋਵੇਗਾ। ਆਤਮਾ ਤੇ ਸਰੀਰ ਦੋਵੇਂ ਤਕੜੇ ਹੋਣਗੇ। ਜਿੰਨੀ ਪੁਸ਼ਾਕ ਸੰਖਿਪਤ ਹੋਵੇਗੀ, ਓਨਾ ਸਰੀਰ ਚੇਤੰਨ ਰਹੇਗਾ। ਓਨਾ ਹੀ ਹਿੱਲਣ-ਜੁੱਲਣ ਦਾ ਸਾਹਸ ਵਧੀਕ ਹੋਵੇਗਾ ਤੇ ਓਨਾ ਵਧੇਰੇ ਸਰੀਰ ਗਰਮੀ ਪੈਦਾ ਕਰ ਸਕੇਗਾ। ਕੁਦਰਤ ਦਾਤਾਂ ਲੋੜ ਅਨੁਸਾਰ ਦੇਂਦੀ ਹੈ। ਕੱਪੜੇ ਬਹੁਤ ਸਰੀਰ ਵਿੱਚ ਗਰਮੀ ਘੱਟ, ਕੱਪੜੇ ਥੋੜ੍ਹੇ ਅੰਦਰਲੀ ਗਰਮੀ ਬਹੁਤੀ। ਏਸ ਲਈ ਸਵਾਧੀਨਤਾ ਦੇ ਮੰਨੇ ਹੋਏ ਅਸੂਲ ਅਨੁਸਾਰ, ਆਪੀ ਪੈਦਾ ਕਰ ਸਕਣਾ ਦਾਤਾਂ ਦੀ ਅਮੀਰੀ ਨਾਲੋਂ ਵਧੇਰੇ ਚੰਗਾ ਹੈ। ਛਾਤੀ ਤੇ ਪੇਟ ਨੂੰ ਜੋ ਗਰਮ ਰੱਖਣ ਦਾ ਪ੍ਰਬੰਧ ਕਰ ਲਿਆ ਜਾਏ ਤਾਂ ਹੋਰ ਕਿਸੇ ਹਿੱਸੇ ਲਈ ਗਰਮ ਕੱਪੜੇ ਦੀ ਲੋੜ ਨਹੀਂ। ਲੱਤਾਂ ਲਈ ਠੰਡਾ ਪਜਾਮਾ, ਛਾਤੀ ਤੇ ਪੇਟ ਲਈ ਖੱਦਰ ਦੀ ਬੁਨੈਨ ਉਤੋਂ ਊਨੀ ਬੁਨੈਨ ਤੇ ਠੰਡੀ ਕਮੀਜ਼ ਉਤੇ ਗਲੇ-ਬੰਦ ਗਰਮ ਕੋਟ, ਹਿੰਦੁਸਤਾਨ ਦੀ ਰੁੱਤ ਲਈ ਕਾਫੀ ਪੁਸ਼ਾਕ ਹਨ। ਗਲੇ-ਬੰਦ ਕੋਟ ਖੁੱਲ੍ਹੇ-ਗਲੇਵਾਲੇ ਕੋਟ ਨਾਲੋਂ ਕਈ ਦਰਜੇ ਵਧੇਰੇ ਗਰਮ ਹੁੰਦਾ ਹੈ ਕਿਉਂ ਕਿ ਸਰੀਰ ਦੀ ਗਰਮੀ ਅੰਦਰ ਰੱਖਦਾ ਹੈ। ਗਰਮੀਆਂ ਵਿੱਚ ਠੰਡੇ , ਖੁੱਲ੍ਹੇ ਤੇ ਥੋੜ੍ਹੇ ਵਸਤਰ ਸੁਖਦਾਈ ਹੁੰਦੇ ਹਨ। ਖੁਦਮੁਖਤਿਆਰੀ ਦੇ ਚਾਹਵਾਨ ਏਦੂੰ ਵੀ ਘਟ ਵਸਤਰਾਂ ਨਾਲ ਗੁਜ਼ਾਰਾ ਕਰ ਸਕਦੇ ਹਨ।

ਪੁਸ਼ਾਕ ਦਾ ਤੀਜਾ ਗੁਣ ਸੁਹਜ ਹੈ। ਵਸਤਰ ਮਹਿੰਗੇ ਭਾਵੇਂ ਨਾ ਹੋਣ ਪਰ ਸੀਤੇ ਸਿਆਣੀ ਤਰ੍ਹਾਂ ਹੋਣੇ ਚਾਹੀਦੇ ਹਨ। ਸਿਲਾਈ ਵਿੱਚੋਂ ਪਹਿਨਣ ਤੇ ਸਿਉਣ ਵਾਲੇ ਦੋਹਾਂ ਦੀ ਸ਼ਖਸੀਅਤ ਨਜ਼ਰ ਆਉਣੀ ਚਾਹੀਦੀ ਹੈ। ਪੁਸ਼ਾਕ ਦਾ ਇਹ ਤੀਜਾ ਗੁਣ -ਸੁਹਜ- ਦੂਜੇ ਦੋਹਾਂ ਨਾਲੋਂ ਘੱਟ ਜ਼ਰੂਰੀ ਨਹੀਂ । ਹਰੇਕ ਦਾ ਫਰਜ਼ ਹੈ ਕਿ ਉਹ ਦੁਨੀਆ ਵਿੱਚ ਖੂਬਸੂਰਤੀ ਵਧਾਏ। ਫੁੱਲ ਕੁੱਝ ਸੰਵਾਰਦੇ

ਪੁਸ਼ਾਕ

ਗੁਰਬਖ਼ਸ਼ ਸਿੰਘ ਪ੍ਰੀਤ ਲੜੀ

ਦਾਰ ਜੀ ਨੂੰ ਯਾਦ ਕਰਦਿਆਂ


ਨਹੀਂ ਪਰ ਚੰਗੇ ਲੱਗਦੇ ਹਨ ਕਿਉਂਕਿ ਬਾਗ ਦੀ ਖ਼ੁਸ਼-ਨੁਮਾਈ ਵਧਾਂਦੇ ਹਨ। ਫੁੱਲਾਂ ਨੂੰ ਵੇਖ ਆਉਣ ਮਗਰੋਂ ਮਨੁੱਖ ਆਪਣਾ ਕਾਰਜ ਵਧੇਰੇ ਉਮਾਹ ਨਾਲ ਕਰ ਸਕਦਾ ਹੈ। ਪੁਸ਼ਾਕ ਦੀ ਵੇਤਰ ਸਰੀਰ ਦੀਆਂ ਗੋਲਾਈਆਂ ਅਨੁਸਾਰ ਹੋਵੇ, ਉਹਦੇ ਵਿੱਚ ਤਾਜ਼ਗੀ, ਸਾਦਗੀ ਤੇ ਨਵੀਨਤਾ ਹੋਣ ਪਰ ਪਹਿਨਣ ਵਾਲੇ ਦੀ ਸ਼ਖ਼ਸੀਅਤ ਪੁਸ਼ਾਕ ਦੇ ਖਿਲਾਰ ਤੇ ਸ਼ੋਖੀ ਵਿੱਚ ਗੁਆਚਣੀ ਨਹੀਂ ਚਾਹੀਦੀ। ਵਸਤਰ ਪਹਿਨਣ ਦਾ ਇੱਕ ਹੁਨਰ ਹੈ, ਜਿਨ੍ਹਾਂ ਨੂੰ ਉਹ ਆਉਂਦਾ ਹੈ ਉਹ ਮੋਟੇ ਵਸਤਰ ਵਿੱਚ ਬਣ ਬਣ ਪੈਂਦੇ ਹਨ। ਪੁਸ਼ਾਕ ਦੀ ਸੁਹਜ ਬਹੁਮੁੱਲਤਾ ਜਾਂ ਚਮਕ ਦਮਕ ਨਹੀਂ, ਵਿਚਲਾ ਸੰਸਕਾਰ ਹੈ। ਪਾਰਖੂ ਨਜ਼ਰ ਪੁਸ਼ਾਕ ਤੋਂ ਹੀ ਮਨੁੱਖ ਦਾ ਅਨੁਮਾਨ ਲਾ ਲੈਂਦੀ ਹੈ। ਵੱਡੇ ਆਦਮੀਆਂ ਦੀ ਪੁਸ਼ਾਕ ਦੇ ਹਰ ਹਿੱਸੇ ਵਿੱਚੋਂ ਉਨ੍ਹਾਂ ਦੀ ਸ਼ਖ਼ਸੀਅਤ ਦੀ ਝਾਤੀ ਪੈਣ ਲੱਗ ਪੈਂਦੀ ਹੈ। ਉਨ੍ਹਾਂ ਦੇ ਗਲੋਂ ਲੱਥੇ ਵਸਤਰ ਨੂੰ ਹੱਥ ਲਾਇਆਂ ਇੱਕ ਅਨੋਖੀ ਛੁਹ ਮਹਿਸੂਸ ਹੁੰਦੀ ਹੈ। ਉਹ ਵਸਤਰਾਂ ਵਿੱਚ ਜਾਨ ਪਾ ਦੇਂਦੇ ਹਨ। ਮਹਿੰਗੇ ਆਦਮੀ ਆਮ ਕਰਕੇ ਸਸਤੇ ਕੱਪੜੇ ਪਾਂਦੇ ਹਨ, ਕਿਉਂਕਿ ਉਹ ਪ੍ਰਵਾਹ ਨਹੀਂ ਕਰਦੇ ਕਿ ਪੁਸ਼ਾਕ ਉਨ੍ਹਾਂ ਨੂੰ ਵਡਿਆਵੇ, ਉਹ ਆਦਤ ਅਨੁਸਾਰ ਪੁਸ਼ਾਕ ਨੂੰ ਵਡਿਆਂਦੇ ਹਨ। ਪੁਸ਼ਾਕ ਲੱਜਿਆ-ਪੂਰਤ, ਮੌਸਮ ਦੇ ਟਾਕਰੇ ਲਈ ਕਾਫੀ ਤੇ ਸਜਦੀ ਹੋਣੀ ਚਾਹੀਦੀ ਹੈ। ਇਹ ਸਾਰੇ ਗੁਣ ਥੋੜ੍ਹਾ ਮੁੱਲ ਦੇ ਕੇ ਪ੍ਰਾਪਤ ਕਰਨਾ ਪੁਸ਼ਾਕ-ਹੁਨਰ ਹੈ। ਪਾ ਹਰ ਕੋਈ ਸਕਦਾ ਹੈ, ਮਟਕਾ ਸਿਰਫ ਹੁਨਰ ਵਾਲੇ-ਸਕਦੇ ਹਨ। ..... ਚੱਲਦਾ

ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀਆਂ ਕਿਤਾਬਾਂ
ਲਈ ਸੰਪਰਕ- 99150-48001

# ਡੰਗ

## ਮਨਮਿੰਦਰ ਢਿੱਲੋਂ

ਗੱਲਬਾਤ



ਬੱਗੇ ਦੀ ਘਰਦੀ ਨੇ ਸਵੇਰੇ ਸਵੇਰੇ ਸੁੱਤੇ ਬੱਗੇ ਨੂੰ ਹਲੂਣ ਕੇ ਉਠਇਆ।
"ਜੱਗੂ ਦੇ ਭਾਪੇ....ਜੱਗੂ ਦੇ ਭਾਪੇ..."
"ਹੋਅ ...ਕੀ ਆ...ਕਿਓਂ ਮੋਢਾ ਖਿੱਚੀ ਜਾਨੀ ਆਂ.....ਹਾਂ ਦੱਸ ...ਕੀ ਆ...."
"ਹੱਪ...ਹੱਪ...ਫਿਰਦਾ ਈ ਡੰਗਰਾਂ ਦੀ ਖੁਰਲੀ ਲਾਗੇ !"
"ਕੀ ਹੱਪ ਹੱਪ ਕਰੀ ਜਾਨੀਆਂ...."
"ਖੁਰਲੀ ਲਾਗੇ ਬਾਬਾ ਈ..."
"ਮੈਂ ਕੀ ਕਰਾਂ ਹਿਰ...." ਜੱਗੂ ਦਾ ਭਾਪਾ ਘੇਸ ਮਾਰ ਕੇ ਫੇਰ ਸੌਂ ਗਿਆ।
"ਜੱਗੂ ਦੇ ਭਾਪੇ ਖੁਰਲੀ ਲਾਗੇ ਹੱਪ ਈ ਉਠ ਤਾਂਹ ਕੱਢ ਬਾਰੂ..."
ਜੱਗੂ ਦਾ ਭਾਪਾ ਖਿੱਝ ਕੇ ਉਠਿਆ...
"ਸੱਪ ਆਖ ਖਾਂ ਸਿੱਧਾ...ਕਿਥੇ ਆ...?"
"ਖੁਰਲੀ ਲਾਗੇ !"
"ਵੱਡੀ ਸਾਰੀ ਡਾਂਗ ਚੁੱਕ ਜੱਗੂ ਦਾ ਭਾਪਾ ਖੁਰਲੀ ਲਾਗੇ ਸੱਪ ਦੁਆਲੇ ਹੋ ਗਿਆ। ਲਾਗੇ ਜਾ ਕੇ ਪਹਿਲਾਂ ਮੌਕਾ ਵੇਖਿਆ। ਫਿਰ ਸੱਪ ਮਾਰਨ ਲਈ ਡਾਂਗ ਵੱਟੀ ਤੇ ਪਿੱਛੇ ਧਰੇਕ 'ਤੇ ਲੱਗੀ ਭੂੰਡਾਂ ਦੀ ਖੱਖਰ ਨੂੰ ਜਾ ਵੱਜੀ !
ਤੇ ਸਾਰੇ ਭੂੰਡ ਜੱਗੂ ਦੇ ਭਾਪੇ ਦੁਆਲੇ ! ਪੰਜਾਂ ਸੱਤਾਂ ਨੇ ਜੱਗੂ ਦੇ ਭਾਪੇ ਦੇ ਮੂੰਹ 'ਤੇ ਨਿਸ਼ਾਨੇ ਬੰਨ ਧਰੇ ।
ਜੱਗੂ ਦਾ ਭਾਪਾ ਬਚਾਅ ਕਰਨ ਲਈ ਨਾਲੇ ਡਾਂਗ ਘੁਮਾਈ ਜਾਵੇ ਤੇ ਨਾਲੇ ਧੀ ਦੀ ਭੈਣ ਦੀ ਕਰੀ ਜਾਵੇ।
ਗੁਆਂਢੀਆਂ ਦੇ ਵੀ ਕੰਨ ਖੜ੍ਹੇ ਹੋ ਗਏ । ਸਭ ਇਕੱਠੇ ਹੋ ਕੇ ਘੁਸਰ ਮੁਸਰ ਸੁਣਨ ਲੱਗੇ। ਬਗੀਚੇ ਦੇ ਚੰਨੇ ਨੇ ਵੇਖਿਆ—ਬੱਗੇ ਦੇ ਹੱਥ ਵੱਡਾ ਸਾਰਾ ਮੁੱਗਦਰ ਫੜਿਆ ਹੋਇਆ ਸੀ ਤੇ ਆਵਦੀ ਘਰ ਵਾਲੀ ਵੱਲ ਨੂੰ ਘਮਾਈ ਜਾ ਰਿਹਾ ਸੀ !!
ਬਗੀਚੇ ਦੇ ਚੰਨੇ ਨੂੰ ਲੱਗਾ ਬੱਗੇ ਨੇ ਅੱਜ ਚਾਚੀ ਦੇ ਗਿੱਟੇ ਸੇਕ ਘੱਤਣੇ ਆਂ।
ਮਾਰ ਕੇ ਛਾਲ ਜਾ ਬੱਗੇ ਨੂੰ ਜੱਫਾ ਭਰ ਲਿਆ!
"ਨਾ ਮਾਰੀਂ ਤਾਇਆ...ਜਨਾਨੀ ਕੁੱਟਣੀ ਕੰਧ ਕੁੱਟਣੀ ਬਰਾਬਰ ਗੱਲ ਇਆ !!"
"ਪਰਾਂ ਹੋਜਾ ਚੰਨਿਆਂ....ਪਰਾਂ ਹੋਜਾ !"
"ਛੱਡ ਕੰਜਰਾ ਭੱਜ ਚੱਲਿਆ ਈ ਤੇਰਾ ਕੁ ਲੱਗਦਾ !"
"ਮੈਂ ਨੀ ਛੱਡਣਾ...ਜਾ ਤਾਈ ਅੰਦਰ ਚਲੀ ਜਾ !"
ਬੱਗੇ ਦੀ ਘਰਦੀ ਡਿਬਰ ਡਿਬਰ ਚੰਨੇ ਵੱਲ ਵੇਖੀ ਜਾਵੇ।
ਬੱਗੇ ਨੇ ਝਟਕਾ ਮਾਰ ਕੇ ਜੱਫਾ ਛਡਾਇਆ।
"ਪਰ੍ਹਾਂ ਮਰ ਮਾਮਾ.....ਭਜਾ ਤਾ ਕੁਲਗਦਾ !"
ਚੰਨੇ ਨੇ ਸੱਪ ਭੱਜਾ ਜਾਂਦਾ ਵੇਖਿਆ।
"ਤਾਇਆ ਮੈਂ ਤੇ ਆਖਿਆ ਖਣੀ ਤਾਈ ਦੀ ਸੇਵਾ ਹੋਣ ਲੱਗੀ ਆ....।"
ਏਨਾ ਆਖ ਚੰਨਾ ਕੱਚਾ ਜਿਹਾ ਹੋ ਕੇ ਬੂਹਿਓਂ ਬਾਹਰ ਹੋ ਗਿਆ ਤੇ ਬੱਗਾ ਸੱਪ ਦਾ ਖਹਿੜਾ ਛੱਡ ਭੂੰਡਾਂ ਦੀ ਖੱਖਰ ਦੁਆਲੇ ਹੋ ਗਿਆ।
ਬੱਗੇ ਦੀ ਘਰ ਵਾਲੀ ਖੁਸ਼ ਹੋ ਕੇ ਕਹਿੰਦੀ "ਜੱਗੂ ਦੇ ਭਾਪੇ, ਸ਼ੁਕਰ ਸੱਚੇ ਪਾਸ਼ਾ ਦਾ ਭੂੰਡਾਂ ਦੇ ਡੰਗ ਨਾ' ਈ ਸਰ ਗਿਆ...ਬਾਬਾ ਟਲ ਗਿਆ !"
ਬੱਗੇ ਨੂੰ ਸਮਝ ਨਾ ਲੱਗੇ ਕਿ ਘਰ ਵਾਲੀ ਨਾਲ ਲੜੇ ਜਾਂ...?

# ਅੰਦਰੋਂ ਬਾਹਰੋਂ ਇੱਕ ਭਾਈ ਜੋਧ ਸਿੰਘ (ਪਦਮ ਭੂਸ਼ਨ)

ਭਾਈ ਜੋਧ ਸਿੰਘ (31 ਮਈ 1882-4 ਦਸੰਬਰ 1981) ਨੇ ਪੰਜਾਬੀ ਬੋਲੀ ਤੇ ਸਾਹਿਤਕਾਰਾਂ ਲਈ ਵਧਣ ਫੁੱਲਣ ਦੇ ਸਾਧਨ ਬਣਾਏ।

ਇੰਦਰਪ੍ਰੀਤ ਕੌਰ


34 ਵੀਂ ਬਰਸੀ ਉੱਤੇ ਯਾਦ

{ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਲਿਖਤ ਨੂੰ ਸਿੱਖ ਧਰਮ ਦੀ ਪੈਰਵੀ ਕਰਦੀ ਦੱਸਣ ਵਾਲੇ ਵਿਦਵਾਨ, ਪਿੰ. ਤੇਜਾ ਸਿੰਘ ਦੇ ਨਾਲ- ਇਹ ਤਾਕੀਦ ਜ਼ਰੂਰ ਕੀਤੀ ਕਿ ਬਾਹਰੀ ਪਾਲਣਾ ਵੀ ਓਨੀ ਹੀ ਜ਼ਰੂਰੀ ਹੈ। ਆਓ ਇਸ ਵਰ੍ਹੇ ਇਨ੍ਹਾਂ ਦੇ ਵਿਚਾਰ ਜਾਣੀਏ_ਸੰ।}

ਮਹਾਨ ਸਖਸ਼ੀਅਤ ਸਨ ਭਾਈ ਜੋਧ ਸਿੰਘ ਜੀ ਜੋ ਸਮਾਜਕ, ਧਾਰਮਕ ਤੇ ਵਿਦਿਅਕ ਖੇਤਰਾਂ ਵਿਚ ਆਪਣਾ ਵੱਖਰਾ ਸਥਾਨ ਬਣਾਅ ਕੇ ਵਿਚਰੇ।

**ਪਿਛੋਕੜ:** ਭਾਈ ਜੋਧ ਸਿੰਘ ਜੀ ਦਾ ਜਨਮ ਪਿਤਾ ਬਖਸ਼ੀ ਰਾਮ ਸਿੰਘ ਘਰ ਪਿੰਡ ਘੁੰਗਰੀਲਾ ਜ਼ਿਲ੍ਹਾ ਰਾਵਲਪਿੰਡੀ ਹੋਇਆ। ਉਹ ਇਲਾਕਾ ਜਿੱਥੇ ਸਭ ਤੋਂ ਪਹਿਲਾਂ ਆਰੀਓਂ ਪੈਰ ਪਾਏ। ਕਈ ਉੱਚੀਆਂ ਹਸਤੀਆਂ ਜਨਮ ਲਿਆ । ਇਹ ਖਾਨਦਾਨ ਬਖਸ਼ੀ ਕਹਾਉਂਦਾ ਸੀ: ਦਾਦਾ ਬਖਸ਼ੀ ਤੇਜਾ ਸਿੰਘ ਤੇ ਪੜਦਾਦਾ ਨਿਹਾਲ ਸਿੰਘ ਜੀ ਸਨ ਜੋ ਸਿਖ ਰਾਜ ਵੇਲੇ ਅੰਮ੍ਰਿਤਸਰ ਵਿਚ ਚੁੰਗੀਆਂ ਦੇ ਵੱਡੇ ਕਰਮਚਾਰੀ ਸਨ। ਖਾਨਦਾਨ ਵਿਚ ਗੱਲ ਚੱਲਦੀ ਹੈ ਕਿ ਜਿੰਨਾ ਵੀ ਮਾਲ ਅਮ੍ਰਿਤਸਰ ਤੋਂ ਬਾਹਰ ਜਾਂਦਾ ਉਸ ਪੁਰ ਬਖਸ਼ੀ ਨਿਹਾਲ ਸਿੰਘ ਜੀ ਦੀ ਮੋਹਰ ਲਗਦੀ। ਭਾਈ ਜੀ ਦਾ ਪਹਿਲਾ ਨਾਂ ਰਣਬੀਰ ਸਿੰਘ ਸੀ। ਭਾਈ ਜੋਧ ਸਿੰਘ ਜੀ ਦੇ ਦਾਦੀ ਜੀ ਤੋਂ ਇਹ ਨਾਮ ਉਚਾਰੇ ਨਹੀਂ ਸੀ ਜਾਂਦੇ ਤੇ ਉਨ੍ਹਾਂ ਨੇ ਇਨ੍ਹਾਂ ਦਾ ਨਾਮ ਸੰਤ ਸਿਘ ਰੱਖ ਲਿਆ। ਸੰਤ ਸਿੰਘ ਅਜੇ ਦੋ ਵਰ੍ਹਿਆਂ ਦੇ ਹੀ ਸਨ ਜਦ ਉਨ੍ਹਾਂ ਦੇ ਪਿਤਾ ਜੀ ਚਲਾਣਾ ਕਰ ਗਏ। ਇਨ੍ਹਾਂ ਦਾ ਪਾਲਣ ਪੋਸ਼ਣ ਬਾਬਾ ਤੇਜਾ ਸਿੰਘ ਜੀ ਨੇ ਕੀਤਾ। ਜਦੋਂ ਭਾਈ ਸਾਹਿਬ ਨੇ ਅੰਮ੍ਰਿਤ ਛਕ ਲਿਆ ਤਾਂ ਇਨ੍ਹਾਂ ਦਾ ਨਾਮ ਭਾਈ ਜੋਧ ਸਿੰਘ ਰੱਖ ਲਿਆ ਗਿਆ।

**ਪੜ੍ਹਾਈ:** ਭਾਈ ਜੋਧ ਸਿੰਘ ਜੀ ਬਚਪਨ



ਤੋਂ ਹੀ ਪੜ੍ਹਨ ਵਿੱਚ ਹੁਸ਼ਿਆਰ ਸਨ। ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਮਦਰੱਸੇ ਵਿੱਚ, ਦਸਵੀਂ ਰਾਵਲਪਿੰਡੀ ਕੀਤੀ ਤੇ ਵਜੀਫਾ ਵੀ ਹਾਸਲ ਕੀਤਾ। ਜਦ ਇਮਤਿਹਾਨ ਨੇੜੇ ਆਉਂਦੇ ਤਾਂ ਆਪ ਰਾਤ ਨੂੰ ਵੀ ਪੜ੍ਹਦੇ। ਉਸ ਸਮੇਂ ਬਿਜਲੀ ਜਾਂ ਲੈਂਪ ਦੀ ਸੁਵਿਧਾ ਨਹੀਂ ਸੀ, ਇੱਕ ਵੱਡਾ ਸਾਰਾ ਮਿੱਟੀ ਦਾ ਦੀਵਾ ਸਰਸੋਂ ਦਾ ਤੇਲ ਪਾ ਕੇ, ਘੜਾ ਮੂਧਾ ਮਾਰ ਕੇ ਉਸ ਉੱਪਰ ਰੱਖ ਲਿਆ ਜਾਂਦਾ ਅਤੇ ਚਾਰੇ ਪਾਸੇ ਮੁੰਡੇ ਬੈਠ ਕੇ ਪੜ੍ਹਦੇ। 1901 ਵਿਚ ਐਫ.ਏ. ਕੀਤੀ। ਘਰ ਵਿਚ ਗਰੀਬੀ ਹੋਣ ਕਾਰਨ ਐਫ.ਏ. ਤੋਂ ਬਾਅਦ ਰੁਜਗਾਰ ਦੀ ਭਾਲ ਵਿੱਚ ਨਿਕਲ ਗਏ-ਡਾਕਖਾਨੇ ਦੇ ਕਲਰਕ ਬਣੇ, ਫੌਜ ਦੇ ਕਮਸਰੇਟ ਵਿਭਾਗ ਵਿਚ ਨੌਕਰੀ ਕੀਤੀ।

**ਅੰਮ੍ਰਿਤਸਰ:** ਇਥੇ ਆ ਆਪ ਨੇ ਸੁੰਦਰ ਸਿੰਘ ਮਜੀਠੀਆ ਘਰ ਬੱਚਿਆਂ ਨੂੰ ਪੜ੍ਹਾਇਆ ਤੇ ਨਾਲ ਨਾਲ ਪੜ੍ਹਾਈ ਵੀ ਜਾਰੀ ਰੱਖੀ। ਖਾਲਸਾ ਕਾਲਜ ਬੀ.ਏ. ਕੀਤੀ, 1906 ਵਿਚ ਹਿਸਾਬ ਦੀ ਐਮ.ਏ.। ਬੜੀ ਹੀ ਲਗਨ ਤੇ ਮਿਹਨਤ ਨਾਲ ਆਪਣੀ ਪੜ੍ਹਾਈ ਕੀਤੀ।

**ਰਿਸ਼ੀ ਮੂਰਤ:** ਭਾਈ ਜੋਧ ਸਿੰਘ ਜੀ ਤਾਂ ਹੈ ਹੀ ਸਨ ਸਾਦਗੀ ਦੀ ਮੂਰਤ! ਕਹਿੰਦੇ ਨੇ ਇਨ੍ਹਾਂ ਨੂੰ ਦੇਖ ਕੇ ਪੁਰਾਣੇ ਰਿਸ਼ੀਆਂ ਮੁ-ਨੀਆਂ ਦੀ ਤਸਵੀਰ ਤਾਜ਼ਾ ਹੁੰਦੀ ਸੀ। ਆਪ ਨੂੰ ਧਰਮ ਬਾਰੇ ਕਾਫੀ ਗਿਆਨ ਸੀ। ਆਪ ਅੰਮ੍ਰਿਤ ਵੇਲੇ ਉਠ ਕੇ ਗੁਰਬਾਣੀ ਦੀਆਂ ਸਵੇਰ ਵੇਲੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ। ਸੁਖਮਨੀ ਸਾਹਿਬ ਦਾ ਪਾਠ ਵੀ ਪ੍ਰਤੀਦਿਨ। ਆਪ ਨੂੰ ਖਾਲਸਾ ਕਾਲਜ ਵਿਚ ਧਾਰਮਕ ਵਿੱਦਿਆ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਅੰਮ੍ਰਿਤ ਵੇਲੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਤਾਂ ਕਰਦੇ ਹੀ, ਉਸ ਪਿੱਛੋਂ ਕਾਲਜ ਦੇ ਗੁਰਦੁਆਰੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ, ਫਿਰ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਾਉਂਦੇ। ਬੜੇ ਉਤਸ਼ਾਹ ਨਾਲ ਵਿਦਿਆਰਥੀਆਂ ਨੂੰ ਧਾਰਮਕ ਵਿੱਦਿਆ ਦਿੰਦੇ। ਕਹਿੰਦੇ ਨੇ ਕਿ ਉਹੀ ਵਿਅਕਤੀ ਸਿਖਰ ਨੂੰ ਛੂੰਹਦੇ ਹਨ ਜੋ ਅੰਦਰੋਂ ਬਾਹਰੋਂ ਇੱਕ ਹੋਣ 'ਤੇ -ਇਨ੍ਹਾਂ ਦੇ ਗੁਣਾਂ ਨੂੰ ਦੇਖ ਸਤੰਬਰ 1914 ਵਿਚ ਖਾਲਸਾ ਹਾਈ ਸਕੂਲ ਲਾਇਲਪੁਰ ਵਾਲਿਆਂ ਨੇ ਉਥੇ ਆ ਜਾਣ ਲਈ ਬੇਨਤੀ ਕੀਤੀ ਤੇ ਆਪ ਉਸ ਸਕੂਲ ਦੇ ਹੈਡਮਾਸਟਰ ਜਾ ਬਣੇ। ਆਪ ਸਾਢੇ ਪੰਜ ਸਾਲ ਉਥੇ ਰਹੇ ਤੇ ਚੰਗਾ ਵਾਯੂਮੰਡਲ ਪੈਦਾ ਕੀਤਾ।

**ਪ੍ਰਿੰਸੀਪਲ:** ਫਰਵਰੀ 1920 ਵਿਚ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਦੇ ਪ੍ਰਿੰਸੀਪਲ ਬਣੇ। ਇਥੇ ਡੇਢ ਕੁ ਵਰ੍ਹਾ ਰਹੇ, ਕੁਝ ਮਤਭੇਦਾਂ ਕਾਰਨ ਇਹ ਨੌਕਰੀ ਛੱਡ ਦਿੱਤੀ। 1936 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਪ੍ਰਿੰਸੀਪਲ ਨਿਯੁਕਤ ਹੋਏ ਅਤੇ ਸੋਲਾਂ ਸਾਲ ਬਾਅਦ 1952 ਸੇਵਾਮੁਕਤ

# ਅੰਦਰੋਂ ਬਾਹਰੋਂ ਇੱਕ ਭਾਈ ਜੋਧ ਸਿੰਘ (ਪਦਮ ਭੂਸ਼ਨ)

ਇੰਦਰਪ੍ਰੀਤ ਕੌਰ

34 ਵੀਂ ਬਰਸੀ ਉੱਤੇ ਯਾਦ

ਮਾਈਕ੍ਰੋਵੇਵ ਵਿਚ ਪਲਾਸਟਿਕ ਦੇ ਬਰਤਨ ਅਤੇ ਢੱਕਣ ਵੀ ਨਾ ਵਰਤੋ। ਸ਼ੀਸ਼ਾ ਵਰਤੋ। ਫ਼ੋਮ ਦੇ ਗਲਾਸ-ਪਲੇਟਾਂ ਵੀ ਪਾਰਟੀਆਂ, ਆਦਿ, ਵਿਚ ਵਰਤਣੇ ਬੰਦ ਹੋ ਰਹੇ ਹਨ, ਇਨ੍ਹਾਂ ਦੇ ਕੈਂਸਰਦੇਣੇ ਮਾਦੇ ਕਰਕੇ।

ਹੋਏ। ਖਾਲਸਾ ਕਾਲਜ ਦੀ ਉਸਾਰੀ ਤੇ ਉੱਨਤੀ ਵਿਚ ਬਹੁਤ ਮਹਾਨ ਕੰਮ ਹੈ। ਨਿਯਮ ਦੇ ਪੱਕੇ: ਆਪ ਦੇ ਨਿਯਮ ਪੱਕੇ ਸਨ, ਖੁਸ਼ੀ ਹੋਵੇ ਜਾਂ ਗਮ ਨਿਯਮਾਂ ਵਿਚ ਵਿਘਨ ਨਹੀਂ ਸੀ ਪੈਂਦਾ। ਹਰ ਤਰ੍ਹਾਂ ਨਾਲ ਸਮਾਜ ਵਿਚ ਵਿੱਦਿਆ ਦਾ ਪ੍ਰਚਾਰ ਕੀਤਾ: ਅਧਿਆਪਕ, ਪ੍ਰੋਫੈਸਰ, ਸੰਪਾਦਕ, ਹੈਡਮਾਸਟਰ, ਪ੍ਰਿੰਸੀਪਲ ਤੇ ਫਿਰ ਲੈਜਿਸਲੇਟਰ ਬਣ ਕੇ।

**ਪੰਜਾਬ ਲੇਜਸਲੇਟਿਵ ਕੌਂਸਲ ਮੈਂਬਰ:** 1923 ਦਸੰਬਰ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਾਇਤਾ ਨਾਲ ਪੰਜਾਬ ਲੇਜਸਲੇਟਿਵ ਕੌਂਸਲ ਦੇ ਮੈਂਬਰ ਚੁਣੇ ਗਏ। ਇਕ ਬਿਖੜੇ ਵੇਲੇ ਪੰਥ ਦੀ ਸੇਵਾ ਕੀਤੀ। ਗੁਰਦੁਆਰਾ ਬਿਲ ਪਾਸ ਕਰਾਉਣ ਦੀ ਅਗਵਾਈ ਕੀਤੀ ਜੋ 7 ਜੁਲਾਈ 1925 ਨੂੰ ਪਾਸ ਹੋਇਆ, 1 ਨਵੰਬਰ ਨੂੰ ਲਾਗੂ। 1952 ਵਿਚ ਫਿਰ ਗ੍ਰੈਜੂਏਟ ਚੋਣ ਖੇਤਰ ਵਲੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਮੁੜ ਰਾਜਪਾਲ ਨੇ ਦਸੰਬਰ 1957 ਵਿਚ ਭਾਈ ਵੀਰ ਸਿੰਘ ਦੀ ਮਿਰਤੂ 'ਤੇ ਖਾਲੀ ਹੋਈ ਸੀਟ 'ਤੇ ਅਪ੍ਰੈਲ 1960 ਵਿਚ ਨਾਮਜਦ ਕੀਤਾ। ਨਾਮਜਦ ਹੋਣ ਕਰਕੇ ਇਨ੍ਹਾਂ ਦੀ ਸੀਟ ਆਜ਼ਾਦ ਮੈਂਬਰਾਂ ਵਿਚੋਂ ਸੀ। ਆਪ ਸਮਾਜਵਾਦੀ ਪਾਰਟੀ ਦੇ ਵੀ ਮੈਂਬਰ ਰਹੇ। ਆਪ ਸਦਨ ਦੇ ਕੰਮ ਵਿਚ ਡੂੰਘੀ ਦਿਲਚਸਪੀ ਲੈਂਦੇ ਸੀ,ਬਹਿਸ ਵੇਲੇ ਲਗਭਗ ਹਰ ਇਕ ਵਿਸ਼ੇ ਨੂੰ ਛੂੰਹਦੇ ਸੀ।

**ਲੁਧਿਆਣਾ:** ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬਾਅਦ ਲੁਧਿਆਣਾ ਆ ਗਏ। ਚੰਨਣ ਦਾ ਬੂਟਾ ਹਰ ਪਾਸੇ ਮਹਿਕ ਖਿਲਾਰਦਾ ਹੈ ਚਾਹੇ ਜਿੱਥੇ ਮਰਜੀ ਲਾ ਦਿਉ! ਲੁਧਿਆਣੇ ਆ ਕੇ ਵੀ ਆਪਣੀ ਮਹਿਕ ਚਾਰੇ ਪਾਸੇ ਖਿਲਾਰ ਦਿੱਤੀ। ਆਪ ਦੇ ਅਣਥੱਕ ਯਤਨਾਂ ਨਾਲ 24 ਅਕਤੂਬਰ 1954 ਨੂੰ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਹੋਈ। ਜਿੱਥੇ ਭਾਈ ਵੀਰ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਦੀ ਨੀਂਹ ਰੱਖੀ ਉੱਥੇ ਭਾਈ ਜੋਧ ਸਿੰਘ ਜੀ ਨੇ ਪੰਜਾਬੀ ਬੋਲੀ ਤੇ ਸਾਹਿਤਕਾਰਾਂ ਲਈ ਵਧਣ ਫੁੱਲਣ ਦੇ ਸਾਧਨ ਬਣਾਏ।

**ਪਹਿਲੇ ਵਾਈਸ ਚਾਂਸਲਰ:** ਭਾਈ ਜੋਧ ਸਿੰਘ ਜੀ ਨੂੰ 30.04.1962 ਪੰਜਾਬੀ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ।

ਉਸ ਸਮੇਂ ਆਪ ਜੀ ਦੀ ਤਨਖਾਹ 2200ਰੁ. ਮਹੀਨਾ ਸੀ। ਜਦ ਖਾਲਸਾ ਕਾਲਜ ਪ੍ਰਿੰਸੀਪਲ ਸੀ ਤਾਂ ਤਨਖਾਹ 1200ਰੁ.ਸੀ ਤੇ 1000ਰੁ. ਆਪਣੇ ਕੋਲ ਰੱਖ ਤੇ 200ਰੁ. ਦਸਵੰਧ ਦਿੰਦੇ ਸੀ ਤੇ ਜਦ 2200ਰੁ. ਤਨਖਾਹ ਹੋ ਗਈ ਤਾਂ ਆਪਣੇ ਪੁੱਤਰ ਸੁੰਦਰ ਸਿੰਘ ਜੀ ਨੂੰ ਕਿਹਾ, ''ਮੇਰਾ ਗੁਜਾਰਾ ਤਾਂ 1000 ਨਾਲ ਵੀ ਵਧੀਆ ਚਲ ਜਾਂਦਾ ਸੀ, ਜੇ ਤੂੰ ਆਗਿਆ ਦੇਵੇਂ ਤਾਂ ਮੈਂ ਵਧੀ ਹੋਈ ਰਕਮ ਦਾ ਦਾਨ ਕਰ ਦਿਆ ਕਰਾਂ।''ਅੱਗੋਂ ਸੁੰਦਰ ਸਿੰਘ ਜੀ ਨੇ ਕਿਹਾ ਕਿ ਮੈਂ ਆਪਣੀ ਤਨਖਾਹ ਨਾਲ ਚੰਗੀ ਤਰਾਂ ਜੀਵਨ ਨਿਰਬਾਹ ਕਰ ਸਕਦਾ ਹਾਂ। ਮੈਂ ਤੁਹਾਡੇ ਦਾਨ ਕਰਨ ਦੇ ਚਾਓ ਵਿਚ ਰੁਕਾਵਟ ਨਹੀਂ ਬਣਾਂਗਾ।

**ਪਦਮ ਭੂਸ਼ਨ:** ਡਾਕਟਰ ਆਫ ਲਿਟਰੇਚਰ , ਅਭਿਨੰਦਨ ਗ੍ਰੰਥ ਤਾਂ ਮਿਲੇ ਹੀ ਭਾਈ ਜੋਧ ਸਿੰਘ ਜੀ ਨੂੰ 'ਪਦਮ ਭੂਸ਼ਨ' ਦੀ ਉਪਾਧੀ ਨਾਲ ਵੀ ਸਨਮਾਨਿਤ ਕੀਤਾ ਗਿਆ। ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਰਹੇ।

**ਰਚਨਾਵਾਂ:** ਬਹੁਤ ਸਾਰੀਆਂ ਰਚਨਾਵਾਂ ਪੰਜਾਬੀ ਤੇ ਅੰਗਰੇਜੀ ਵਿਚ ਲਿਖੀਆਂ, ਸਾਹਿਤ ਨਾਲ ਡੂੰਘੇ ਪਿਆਰ ਦੇ ਵੱਸ। ''ਸਿੱਖੀ ਕੀ ਹੈ'', ਗੁਰਮਤਿ ਨਿਰਣਯ, ਪੰਜਾਬੀ ਬੋਲੀ, ਪ੍ਰਾਚੀਨ ਬੀੜਾਂ ਬਾਰੇ, ਗੁਰਬਾਣੀ ਦੇ ਟੀਕੇ, ਆਦਿ, ਉੱਤੇ। ਇਨ੍ਹਾਂ ਰਚਨਾਵਾਂ ਵਿਚ ਸਰਲਤਾ ਤੇ ਸਹਿਜਤਾ ਹੈ। ਗੁਰਬਾਣੀ ਦੀ ਡੂੰਘਿਆਈ ਨੂੰ ਬੜੇ ਸਹਿਜੇ ਢੰਗ ਨਾਲ ਪੇਸ਼ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਹੋ ਰਿਹਾ ਸੀ ਤਾਂ ਆਪ ਹਰ ਸ਼ਬਦ ਵਿਚਾਰ ਕੇ ਸੋਧਦੇ ਸੀ। ਆਪ ਨੇ ਇਹ ਕੰਮ ਸਿਮਰਨ ਦੀ ਤਰਾਂ ਕੀਤਾ।

**ਉਪਦੇਸ਼:** ਅਧਿਆਪਕ ਦਾ ਕੰਮ ਪਹਿਲਾਂ ਆਪਣਾ ਆਪ ਸਾਧ ਕੇ, ਆਪਣੇ ਵਿਚ ਗਿਆਨ ਉਪਜਾਅ ਕੇ, ਨੂੰ ਦੇਣਾ ਹੈ''। ਆਪ ਅਖੀਰੀ ਉਮਰ ਤੱਕ ਅੱਠ-ਅੱਠ ਘੰਟੇ ਕੰਮ ਕਰਦੇ। ਸੱਚਮੁੱਚ ਭਾਈ ਜੋਧ ਸਿੰਘ ਜੀ ਇੱਕ ਰਤਨ ਸਨ। ਸਾਰੇ ਸੰਸਾਰ ਵਿਚ ਆਪਣਾ ਨਾਮ ਪੈਦਾ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਤੇ ਵਿਚਾਰ ਸਾਨੂੰ ਹਮੇਸ਼ਾ ਹੀ ਸਹੀ ਰਾਹ ਦਿਖਾਉਂਦੇ ਰਹਿਣਗੇ:

''ਸੁਭਾਅ ਉਹੀ ਜੋ ਜੀਵਨ ਵਿਚੋਂ ਰੂਪਮਾਨ ਹੋਵੇ ਤੇ ਕਰਨੀ ਵਿਚ ਚਮਕੇ।''

ਲੇਖਕਾ ਭਾਈ ਸਾਹਬ ਦੀ ਪੋਤ-ਨੂੰਹ ਹਨ।
ਲੁਧਿਆਣਾ 98886-90280

''ਸੁਭਾਅ ਉਹੀ ਜੋ ਜੀਵਨ ਵਿਚੋਂ ਰੂਪਮਾਨ ਹੋਵੇ ਤੇ ਕਰਨੀ ਵਿਚ ਚਮਕੇ।''

# ਐਸ ਬਲਵੰਤ





ਮੇਰਾ ਸਫ਼ਾ

ਦਰਸ਼ਵੀਰ ਸੰਧੂ

## ਕੰਜਕ

ਜੇ ਮੈ ਨਾ ਹੁੰਦੀ ਬਾਬੁਲਾ........
ਤੇਰਾ ਕੱਦ ਸ਼ਾਇਦ ਹੋਰ ਉੱਚਾ ਹੁੰਦਾ
ਆੜ੍ਹਤੀਆ ਦਾ ਮੁੰਡਾ ਆਨੇ ਬਹਾਨੇ ਆਪਣੇ ਘਰ ਨਾ ਵੜਿਆ ਰਹਿੰਦਾ
ਤੇਰੇ ਖੀਸੇ 'ਚ ਵੀ ਹਰ ਵੇਲੇ ਸਾਹਵਾਲਾ ਪੰਪ ਹੁੰਦਾ
ਪਿੰਡ ਆਈ ਜੰਞ ਤੇਰੀਆਂ ਅੱਖਾਂ 'ਚ ਨਾ ਉਤਰਦੀ
ਉਲਾਰ ਗੱਡੇ ਹੇਠਾਂ ਆਈ ਤੇਰੀ ਬਾਂਹ ਨਾ ਮਰਦੀ
ਤੂੰ ਕੋਠਿਆਂ ਨਾਲ ਮੇਰਾ ਕੱਦ ਨਾ ਮਾਪਦਾ ਫਿਰਦਾ
ਗੁਰਦੁਆਰੇ ਦੀਆਂ ਪੌੜੀਆਂ 'ਚ ਲੱਗੇ ਸੰਗਮਰਮਰ 'ਤੇ ਤੇਰਾ ਵੀ ਨਾਂ ਹੁੰਦਾ
ਡੀਜ਼ਲ ਦਾ ਡਰੰਮ ਖ਼ੂਹ ਤੋਂ ਡੂੰਘਾ ਨਾ ਹੁੰਦਾ
ਪੈਲੀ ਦਾ ਬੰਨਾ ਏਨੀ ਵਾਰ ਨਾ ਵੱਢਿਆ ਜਾਂਦਾ
ਸੁਸਾਇਟੀ ਵਾਲਾ ਬਾਬੂ ਆਪਣੀ ਗਰਾਂਟ 'ਤੇ ਵੀ ਸਾਈਨ ਕਰਦਾ
ਤੇਰੀ ਪੱਗ ਦਾ ਆਖ਼ਰੀ ਪੇਚ ਹਰ ਵਾਰ ਛੋਟਾ ਨਾ ਪੈਂਦਾ
ਮੇਰੀ ਹੋਂਦ ਕੱਢੀ ਕਣਕ 'ਤੇ ਪੁਰੇ ਵਾਂਗ ਨਾ ਵਗਦੀ
ਤੂੰ ਪੰਜਾਲੀ ਦੇ ਦੋਨੇ ਪਾਸੇ ਸਿਰ ਨਾ ਦਿੰਦਾ

ਜੇ ਮੈਂ ਨਾ ਹੁੰਦੀ ਵੀਰਿਆ........
ਤੂੰ ਵੀ ਜੈਜ਼ੀ ਬੈਂਸ ਦੇ ਗਾਣਿਆਂ ਵਰਗਾ ਹੁੰਦਾ
ਗਲੀ ਵਿੱਚੋਂ ਲੰਘਦੇ ਹਰ ਮੁੰਡੇ ਨੂੰ ਟੁੰਡੇ ਟਾਉਟ ਵਾਂਗ ਨਾ ਘੂਰਦਾ
ਤੇਰੀ ਅੱਖ ਕੋਲ ਮੇਰੇ ਨਾਂ ਵਰਗਾ ਟੱਕ ਨਾ ਹੁੰਦਾ
ਲੁੱਚੇ ਐਮ ਐਲ ਏ ਨਾਲ ਤੇਰੀ ਵੀ ਯਾਰੀ ਹੁੰਦੀ
ਆਪਣੇ ਖੇਤ ਨੂੰ ਵੀ ਮੋਘੇ ਦਾ ਪਾਣੀ ਲਗਦਾ
ਤੇਰੀ ਟਰਾਲੀ ਸਿੱਧੀ ਹੋ ਤੁਰਦੀ
ਟਰੈਕਟਰ ਦੀਆਂ ਪਰਾਂਦੀਆਂ ਕੋਈ ਡੈਣ ਨਾ ਚਰੂੰਡਦੀ
ਤੂੰ ਪੱਟਾਂ 'ਤੇ ਬੇਜਾਨ ਮੋਰਨੀਆਂ ਦਾ ਭਾਰ ਨਾ ਚੁੱਕੀ ਫਿਰਦਾ
ਬਰਸੀਨ ਦੇ ਰੁੱਗ ਜਿੰਨੇ ਤੇਰੇ ਸੁਫ਼ਨਿਆਂ 'ਤੇ
ਗੰਡਾਸੇ ਨਾ ਚੱਲਦੇ
ਤੇਰੇ ਲਈ ਖੇਤੀ ਭੱਤਾ ਆਉਂਦਾ
ਤੇਰੇ ਹਿੱਸੇ ਦੇ ਸਾਗ 'ਚ ਵੀ ਚੰਨ ਜਿੱਡਾ ਮੱਖਣ ਦਾ ਪੇੜਾ ਹੁੰਦਾ
ਤੇਰੀ ਗਾਧੀ 'ਤੇ ਵੀ ਮਾਸੂਮੀਅਤ ਝੂਟੇ ਲੈਂਦੀ
ਸਾਉਣ ਦੀਆਂ ਕਣੀਆਂ ਤੇਰੇ ਪਿੰਡੇ 'ਤੇ ਸੂਲਾਂ ਵਾਂਗ ਨਾ ਵਰ੍ਹਦੀਆਂ
ਕਣਕਾਂ 'ਚ ਖੜ੍ਹੇ ਡਰਾਉਣਿਆਂ 'ਤੇ ਤੈਨੂੰ ਮੋਹ ਨਾ ਆਉਂਦਾ
ਸਿਖ਼ਰ ਦੁਪਹਿਰੇ ਹਿੱਲਦੀ ਚੱਰ੍ਹੀ ਵੇਖ ਤੂੰ
ਗਿੱਦੜਾਂ ਮਗਰ ਨਾ ਭੱਜਦਾ
ਛੇ ਵਾਲੀ ਗੱਡੀ ਦੀ ਕੂਕ ਤੈਨੂੰ ਪਿੰਡ ਵੱਲ ਨਾ ਧੱਕਦੀ
ਸਾਝਰੇ ਸੰਖ ਦੀ ਆਵਾਜ 'ਤੇ ਤੂੰ ਤ੍ਰਬਕ ਕੇ ਨਾ ਉੱਠਦਾ
ਪ੍ਰਭਾਤ ਵੇਲੇ ਟਰੈਕਟਰ ਦਾ ਸਪੀਕਰ ਵੈਣ ਨਾ ਪਾਉਂਦਾ ।

ਜੇ ਮੈਂ ਨਾ ਹੁੰਦੀ ਅੰਮੜੀਏ.........
ਤੇਰੇ ਮੱਥੇ 'ਤੇ ਸੋਚਾਂ ਦੀਆਂ ਲੀਹਾਂ ਨਾ ਹੁੰਦੀਆਂ
ਤੂੰ ਵੀ ਬਾਪੂ ਦੀ ਪੱਗ ਵਰਗੀ ਚੁੰਨੀ ਰੰਗਾਉਂਦੀ
ਤੜਕੇ ਭੌਂਕਦੀ ਕੁੱਤੀ ਦੀ ਆਵਾਜ 'ਤੇ ਅਭੜਵਾਹੇ ਉੱਠ
ਮੈਨੂੰ ਨਾ ਲੱਭਦੀ
ਤੇਰੇ ਪਿੰਡੇ 'ਤੇ ਮੈਂ ਨੀਲ ਬਣ ਨਾ ਉਭਰਦੀ
ਤੂੰ ਪਾਟੀਆਂ ਅੱਡੀਆਂ ਝੀਰੀ ਨਾਲ ਵੰਡ ਲੈਂਦੀ
ਨੁਆਰਵਾਲੇ ਮੰਜੇ 'ਤੇ ਪੈ ਮੱਛਰਦਾਨੀ 'ਚੋਂ ਚੰਦ ਛਾਣਦੀ
ਜਿਹਨ ਦੇ ਕਾੜ੍ਹਨੇ 'ਚ ਸਾਰੀ ਰਾਤ ਸੋਚਾਂ ਨਾ ਕੜ੍ਹਦੀਆਂ
ਸੱਧਰਾਂ ਦਾ ਅਧਰਿੜਕਾ ਕਾਲੀ ਬਿੱਲੀ ਨਾ ਪੀਂਦੀ
ਤੇਰਾ ਮੋਤੀਆ ਮੇਰੀ ਉਮਰ ਵਾਂਗ ਨਾ ਵਧਦਾ
ਜੇ ਤੂੰ ਕੁੱਖ ਵਿੱਚ ਵਿਲਕਦਾ ਵੀਰੇ ਵਰਗਾ ਕੁਝ ਨਾ
ਲੱਭਣ ਜਾਂਦੀ
ਜਾਂ ਫਿਰ ਲੰਬੜਾਂ ਦੇ ਛੋਟੇ ਮੁੰਡੇ ਦੀ ਛਟੀ 'ਤੇ
ਬਾਪੂ ਏਨੀ ਨਾ ਪੀਂਦਾ ਤਾਂ ਸ਼ਾਇਦ
ਮੈਂ ਨਾ ਹੁੰਦੀ !!!

## ਰੁਤਬਾ

ਕੁਰਸੀ ਔਕਾਤ ਨਹੀਂ ਹੁੰਦੀ
ਉਬਲਦੀ 'ਮੈਂ' ਦੇ
ਤੇਜ਼ਾਬੀਪਣ ਨਾਲ
ਆਪਣਾ ਮੂੰਹ ਵੀ ਝੁਲਸ ਸਕਦੈ
ਤਿਰਹਾਏ ਪਸੀਨੇ ਨਾਲ ਸਿੰਜੇ ਗੁਲਾਬਾਂ 'ਚ
ਲਾਲੀ ਨਹੀਂ ਲਹੂ ਦੌੜਦੈ
ਕਾਰ ਦਾ ਸ਼ੀਸ਼ਾ ਮੰਗਤੇ ਦੇ ਫ਼ਿੰਗਰਪ੍ਰਿੰਟ ਤੋਂ ਵੱਧ ਕੁੱਝ ਵੀ ਨਹੀਂ ਰੋਕ ਸਕਦਾ
ਅੰਨ੍ਹੇ ਦੀ ਸੋਟੀ 'ਤੇ ਲੱਗੀ ਘੰਟੀ ਕਦੇ ਵੀ ਵੱਜ ਸਕਦੀ ਹੈ
ਏ.ਸੀ. ਦੀ ਠੰਢ ਲਹੂ ਦੀ ਤਪਸ਼ ਵੀ ਸੀਤ ਕਰ ਦਿੰਦੀ ਹੈ
ਸਟੱਡੀ ਦੀ ਨੁਕਰ 'ਚ ਪਈ ਕੋਈ ਕ੍ਰਾਂਤੀਕਾਰੀ ਕਿਤਾਬ
ਘਰ 'ਚ ਮਰਦਾਨਗੀ ਤੇ ਬੁੱਧੀਜੀਵਤਾ ਦਾ
ਇਕਲੌਤਾ ਤੇ ਆਖਰੀ ਪ੍ਰਮਾਣ ਹੈ
ਤਾਂ ਹੀ ਤੇ ਵਿਲਕਦੇ ਹਾਰਮੋਨ
ਆਪਣੇ ਪਰਛਾਵਿਆਂ ਦੇ ਬਲਾਤਕਾਰੀ ਹੋ ਨਿਬੜਦੇ ਹਨ
ਕੀ ਬੱਦਲਾਂ ਨੂੰ ਟੈਂਕੀਆਂ 'ਚ ਸਮੇਟਣ ਵਾਲਿਆਂ ਦੀ
ਉਲੀ ਲੱਗੀ ਸੋਚ'ਚੋਂ ਜਨਮੇ ਕਿਰਮਾਂ ਨੂੰ ਵੀ
ਆੱਰਗੈਨਿਕ ਮੰਨੋਗੇ?

.................................................................

December-2015 Registration No. ASR/0004/2014-16 Regd. RNI No. 107/57